


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

25 ਜੂਨ ਤੋਂ 01 ਜੁਲਾਈ, 2026

Email :- editor@punjabstar.com, Vo. 20. Issue:1243


# ਕੈਨੇਡਾ 'ਚ ਉਪ-ਚੋਣਾਂ ਦੀ ਉਲਟੀ ਗਿਣਤੀ ਸ਼ੁਰੂ

## ਕਾਰਨੀ ਸਰਕਾਰ ਲਈ ਨਵੀਂ ਚੁਣੌਤੀ ਬਣੇਗੀ ਸੰਸਦ ਦੀ ਬਦਲਣ ਵਾਲੀ ਤਸਵੀਰ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਸਿਆਸਤ ਵਿੱਚ ਆਉਣ ਵਾਲੇ ਮਹੀਨਿਆਂ ਦੌਰਾਨ ਵੱਡੀ ਹਲਚਲ ਦੇਖਣ ਨੂੰ ਮਿਲ ਸਕਦੀ ਹੈ ਕਿਉਂਕਿ ਉਪ-ਚੋਣਾਂ ਲਈ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਉਹ ਸੰਸਦ ਮੈਂਬਰ ਜਿਨ੍ਹਾਂ ਨੇ ਸੰਕੇਤ ਦਿੱਤਾ ਸੀ ਕਿ ਉਹ ਪਤਝੜ ਸੈਸ਼ਨ ਵਿੱਚ ਓਟਾਵਾ ਵਾਪਸ ਨਹੀਂ ਆਉਣਗੇ, ਹੁਣ ਆਪਣੀਆਂ ਸੀਟਾਂ ਖਾਲੀ ਕਰਨ ਲੱਗ ਪਏ ਹਨ।

ਹੁਣ ਤੱਕ ਦੋ ਸੰਸਦ ਮੈਂਬਰ ਅਧਿਕਾਰਤ ਤੌਰ 'ਤੇ ਅਸਤੀਫ਼ਾ ਦੇ ਚੁੱਕੇ ਹਨ। ਲਿਬਰਲ ਪਾਰਟੀ ਦੇ ਜੋਨਾਥਨ ਵਿਲਕਿਨਸਨ ਯੂਰਪੀ ਸੰਘ ਵਿੱਚ ਕੈਨੇਡਾ ਦੇ ਰਾਜਦੂਤ ਵਜੋਂ ਨਵੀਂ ਜ਼ਿੰਮੇਵਾਰੀ ਸੰਭਾਲਣ ਜਾ ਰਹੇ ਹਨ। * ਬਾਕੀ ਸਫ਼ਾ 2 'ਤੇ

# ਕੈਨੇਡਾ ਦੀ ਸਿਆਸਤ 'ਚ ਹਿਲਜੁਲ, 6 ਐਮ.ਪੀ. ਦੇ ਰਹੇ ਅਸਤੀਫ਼ਾ?

ਔਟਵਾ,(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਸਿਆਸਤ ਵਿਚ ਮੁੜ ਹੋ ਰਹੀ ਹਿਲਜੁਲ ਦਰਮਿਆਨ ਹਾਊਸ ਆਫ਼ ਕਾਮਨਜ਼ ਵਿਚ 6 ਸੀਟਾਂ ਖ਼ਾਲੀ ਹੋ ਰਹੀਆਂ ਹਨ ਤੇ ਲਿਬਰਲ ਸਰਕਾਰ ਨੂੰ ਸਦਨ ਵਿਚ ਬਹੁਮਤ ਬਰਕਰਾਰ ਰੱਖਣ ਲਈ ਇਕ ਜ਼ਿਮਨੀ ਚੋਣ ਜਿੱਤਣੀ ਹੋਵੇਗੀ। * ਬਾਕੀ ਸਫ਼ਾ 2 'ਤੇ



# ਲਖਨਊ ਅੱਗਜ਼ਨੀ ਕਾਂਡ: ਕੋਚਿੰਗ ਲਈ ਗਏ ਬੱਚੇ

## ਪਰ ਘਰ ਪਰਤੀਆਂ ਲਾਸ਼ਾਂ, 15 ਮੌਤਾਂ



(ਪੰਜਾਬ ਸਟਾਰ ਬਿਓਰੋ):
ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਅਲੀਗੰਜ ਇਲਾਕੇ ਵਿੱਚ ਇੱਕ ਤਿੰਨ ਮੰਜ਼ਿਲਾ ਇਮਾਰਤ ਵਿੱਚ ਅੱਗ ਲੱਗਣ ਤੋਂ ਬਾਅਦ ਕੋਚਿੰਗ ਅਤੇ ਐਨੀਮੇਸ਼ਨ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਪੰਦਰਾਂ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ। ਕੁਝ ਗੰਭੀਰ ਰੂਪ ਵਿੱਚ ਝੁਲਸ ਗਏ, ਜਦੋਂ ਕਿ ਕੁਝ ਆਪਣੀ ਜਾਨ ਬਚਾਉਣ ਲਈ ਇਮਾਰਤ ਤੋਂ ਛਾਲ ਮਾਰਨ ਤੋਂ ਬਾਅਦ ਜ਼ਖਮੀ ਹੋਏ ਹਨ। ਗੰਭੀਰ ਰੂਪ ਵਿੱਚ ਸੜਨ ਅਤੇ ਸੱਟਾਂ ਲੱਗਣ ਵਾਲੇ ਨੌਂ ਵਿਦਿਆਰਥੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਖ਼ਬਰ ਮਿਲਦੇ ਹੀ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਲੀਗੜ੍ਹ ਦੇ ਦੌਰੇ ਤੋਂ ਵਾਪਿਸ ਪਰਤ ਆਏ ਅਤੇ ਹਾਦਸੇ ਵਾਲੀ ਥਾਂ ਦਾ ਮੁਆਇਨਾ ਕੀਤਾ। ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਜ਼ਖਮੀਆਂ ਦੀ ਹਾਲਤ ਜਾਣਨ ਲਈ ਦਿੱਲੀ ਤੋਂ ਲਖਨਊ ਗਏ। ਸ਼ੱਕ ਹੈ ਕਿ ਅੱਗ ਸ਼ਾਰਟ ਸਰਕਟ ਅਤੇ ਏਸੀ ਕੰਪ੍ਰੈਸਰ ਦੇ ਫਟਣ ਕਾਰਨ ਲੱਗੀ ਹੈ।

ਅਲੀਗੰਜ ਦੇ ਸੈਕਟਰ-ਡੀ ਵਿੱਚ ਇੱਕ ਇਮਾਰਤ ਦੀ ਜ਼ਮੀਨੀ ਮੰਜ਼ਿਲ 'ਤੇ ਇੱਕ ਪਾਲਤੂ ਜਾਨਵਰਾਂ ਦੀ ਦੁਕਾਨ ਸਥਿਤ ਹੈ। ਪਾਲਤੂ ਜਾਨਵਰਾਂ ਦੀ ਦੁਕਾਨ ਦੇ ਮਾਲਕ ਦਾ ਗੋਦਾਮ ਪਹਿਲੀ ਮੰਜ਼ਿਲ 'ਤੇ ਹੈ। ਦੂਜੀ ਮੰਜ਼ਿਲ 'ਤੇ ਇੱਕ 3D ਐਨੀਮੇਸ਼ਨ ਸਿਖਲਾਈ ਕੇਂਦਰ ਅਤੇ ਇੱਕ ਗੇਮਿੰਗ ਜ਼ੋਨ ਸੀ, ਨਾਲ ਹੀ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਇੱਕ ਕੋਚਿੰਗ ਸਹੂਲਤ ਵੀ ਸੀ। ਪੁਲਿਸ ਦੇ ਅਨੁਸਾਰ, ਦੁਪਹਿਰ 2:30 ਵਜੇ ਦੇ ਕਰੀਬ ਗੋਦਾਮ ਵਿੱਚ ਅਚਾਨਕ ਅੱਗ ਲੱਗ ਗਈ।

ਕੁਝ ਮਿੰਟਾਂ ਵਿੱਚ ਹੀ ਅੱਗ ਪੂਰੀ ਇਮਾਰਤ ਵਿੱਚ ਫੈਲ ਗਈ। ਅੰਦਰ ਬਹੁਤ ਸਾਰੇ ਲੋਕ ਭਿਆਨਕ ਅੱਗ ਵਿੱਚ ਫਸੇ ਹੋਏ ਪਾਏ ਗਏ; ਦੂਜੀ ਅਤੇ ਤੀਜੀ ਮੰਜ਼ਿਲ 'ਤੇ ਵਿਦਿਆਰਥੀ ਬਚ ਨਹੀਂ ਸਕੇ। ਸੂਚਨਾ ਮਿਲਣ 'ਤੇ ਪੁਲਿਸ, ਫਾਇਰ ਬ੍ਰਿਗੇਡ ਅਤੇ ਐਸਡੀਆਰਐਫ ਪਹੁੰਚੇ ਅਤੇ ਬਚਾਅ ਕਾਰਜ ਸ਼ੁਰੂ ਕੀਤਾ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਲਗਭਗ ਦੋ ਘੰਟੇ ਚੱਲੇ ਬਚਾਅ ਕਾਰਜ ਦੌਰਾਨ * ਬਾਕੀ ਸਫ਼ਾ 2 'ਤੇ



# ਯੂਰਪ 'ਚ ਗਰਮੀ ਦਾ ਕਹਿਰ

## ਫਰਾਂਸ 'ਚ ਹੁਣ ਤੱਕ 40 ਮੌਤਾਂ



ਫ਼ਰਾਂਸ, (ਪੰਜਾਬ ਸਟਾਰ ਬਿਓਰੋ): ਚੱਲ ਰਹੀ ਭਿਆਨਕ ਗਰਮੀ ਦੀ ਲਹਿਰ ਨੇ ਕਈ ਯੂਰਪੀਅਨ ਦੇਸ਼ਾਂ ਵਿਚ ਜਨਜੀਵਨ ਨੂੰ ਪ੍ਰਭਾਵਤ ਕੀਤਾ ਹੈ। ਫਰਾਂਸ ਵਿਚ ਦੋ ਛੋਟੇ ਬੱਚਿਆਂ ਸਮੇਤ ਹੁਣ ਤਕ 40 ਲੋਕਾਂ ਦੀ ਮੌਤ ਹੋ ਗਈ ਹੈ। ਫਰਾਂਸ, ਸਪੇਨ, ਬਰਤਾਨੀਆ ਅਤੇ ਇਟਲੀ ਵਿਚ ਤਾਪਮਾਨ ਦਹਾਕਿਆਂ ਪੁਰਾਣਾ * ਬਾਕੀ ਸਫ਼ਾ 2 'ਤੇ

# ਕੈਨੇਡਾ ਦੇ ਮੌਂਟਰੀਅਲ 'ਚ ਫਾਇਰਿੰਗ

## ਹਾਦਸੇ 'ਚ ਪੁਲਿਸ ਅਫ਼ਸਰ ਤੇ ਹਮਲਾਵਰ ਸਣੇ 3 ਲੋਕਾਂ ਦੀ ਹੋਈ ਮੌਤ



(ਪੰਜਾਬ ਸਟਾਰ ਬਿਓਰੋ):
ਕੈਨੇਡਾ ਦੇ ਨਾਮੀ ਹੋਟਲ ਵਿਚ ਤਾਬੜਤੋੜ ਗੋਲੀਆਂ ਚੱਲੀਆਂ ਹਨ ਜਿਸ ਵਿਚ ਇਕ ਪੁਲਿਸ ਅਫਸਰ ਦੀ ਮੌਤ ਹੋ ਜਾਣ ਦੀ ਖਬਰ ਹੈ। ਹਿਲਟਨ ਹੋਟਲ ਵਿਚ ਇਹ ਖ਼ੂਨੀ ਕਾਂਡ ਕੀਤਾ ਗਿਆ ਹੈ। ਜਿਥੇ ਗੋਲੀਆਂ ਦੀ ਆਵਾਜ਼ ਨਾਲ ਕੈਨੇਡਾ ਦਾ ਮੌਂਟਰੀਅਲ ਸ਼ਹਿਰ ਗੂੰਜ ਉਠਿਆ।

ਕੈਨੇਡਾ ਵਿਚ ਵੱਡੀ ਵਾਰਦਾਤ ਵਾਪਰੀ ਹੈ। * ਬਾਕੀ ਸਫ਼ਾ 2 'ਤੇ

# ਬੀ.ਸੀ ਨਸ਼ਾ ਤਸਕਰਾਂ ਦੇ ਠਿਕਾਣਿਆਂ ਤੋਂ ਕਰੋੜਾਂ ਦੀ ਨਕਦੀ, ਬੰਦੂਕਾਂ ਅਤੇ ਨਸ਼ੇ ਦੀ ਖੇਪ ਬਰਾਮਦ



(ਪੰਜਾਬ ਸਟਾਰ ਬਿਓਰੋ):
ਬ੍ਰਿਟਿਸ਼ ਕੋਲੰਬੀਆ 'ਚ ਪੁਲੀਸ ਬਲਾਂ ਦੀ ਸਾਂਝੀ ਐਕਸ਼ਨ ਟੀਮ ਨੇ ਲੰਬੀ ਜਾਂਚ ਤੋਂ ਬਾਅਦ ਨਸ਼ਾ ਤਸਕਰੀ ਦੇ ਵੱਡੇ ਮਾਮਲੇ ਦੀ ਪੈੜ ਨੱਪਦਿਆਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੇ ਠਿਕਾਣਿਆਂ ਦੀ ਤਲਾਸ਼ੀ ਦੌਰਾਨ 15 ਲੱਖ ਡਾਲਰ ਕਰੰਸੀ ਨੋਟ (ਕਰੀਬ 10 ਕਰੋੜ ਰੁਪਏ), ਕਈ ਮਾਰੂ ਹਥਿਆਰ, ਵੱਡੀ ਮਾਤਰਾ 'ਚ ਵੱਖ ਵੱਖ ਮਹਿੰਗੇ ਨਸ਼ਿਆਂ ਦੀ ਖੇਪ, ਮਹਿੰਗੀਆਂ ਕਾਰਾਂ, ਟਰੱਕ ਅਤੇ ਪੰਜ ਆਲੀਸ਼ਾਨ ਘਰ ਆਪਣੇ ਕਬਜੇ 'ਚ ਲਏ ਹਨ।

ਕਾਬੂ ਕੀਤੇ ਵਿਅਕਤੀਆਂ ਦੇ ਫਰਾਰ ਹੋਏ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ। ਬੇਸ਼ੱਕ ਕੁਝ ਕਨੂੰਨੀ ਅੜਿਕਿਆਂ ਕਾਰਨ ਪੁਲੀਸ ਨੇ ਫੜੇ ਅਤੇ ਫਰਾਰ ਵਿਅਕਤੀਆਂ ਦੀ ਪਛਾਣ ਜਨਤਕ ਨਹੀਂ ਕੀਤੀ, ਪਰ ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਕਾਰਵਾਈ ਨੇ ਸਰੀ ਖੇਤਰ 'ਚ ਵਿਕਦੇ ਨਸ਼ੇ ਦਾ ਲੱਕ ਤੋੜ ਦਿੱਤਾ ਹੈ। ਮੀਡੀਆ ਬੁਲਾਰੀ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਤੋਂ ਹੋਰ ਪੁੱਛਗਿੱਛ ਕੀਤ ਜਾਵੇਗੀ ਹੈ ਤਾਂ ਜੋ ਹੋਰ ਸੰਪਰਕਾਂ ਦਾ ਪਤਾ ਲਗਾਇਆ ਜਾ ਸਕੇ ਅਤੇ ਵੈਨਕੂਵਰ ਖੇਤਰ ਚੋਂ ਨਸ਼ਿਆਂ ਦੇ ਖਾਤਮੇ ਲਈ ਹੋਰ ਯਤਨ ਕੀਤੇ ਜਾ ਸਕਣ।

ਇਸ ਜਾਂਚ ਦਲ ਨੇ ਇਸ ਨੈਟਵਰਕ ਦੀਆਂ ਗਤੀਵਿਧੀਆਂ ਦਾ ਪੂਰਾ * ਬਾਕੀ ਸਫ਼ਾ 2 'ਤੇ

# ਬ੍ਰਿਟਿਸ਼ ਪ੍ਰਧਾਨ ਮੰਤਰੀ ਸਟਾਰਮਰ ਨੇ ਦਿੱਤਾ ਅਸਤੀਫ਼ਾ



(ਪੰਜਾਬ ਸਟਾਰ ਬਿਓਰੋ):
ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਹੁਦਾ ਛੱਡਣ ਤੋਂ ਬਾਅਦ, ਉਨ੍ਹਾਂ ਕਿਹਾ ਕਿ ਇਹ ਫੈਸਲਾ ਰਾਸ਼ਟਰੀ ਹਿੱਤ ਵਿੱਚ ਲਿਆ ਗਿਆ ਹੈ। ਸਟਾਰਮਰ ਪਿਛਲੇ ਦਸ ਸਾਲਾਂ ਵਿੱਚ ਛੇਵੇਂ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਹੀ ਅਹੁਦਾ * ਬਾਕੀ ਸਫ਼ਾ 2 'ਤੇ

# ਪੰਜਾਬੀਆਂ ਨੂੰ ਕੈਨੇਡਾ ਤੋਂ ਨਹੀਂ ਕੀਤਾ ਜਾਵੇਗਾ ਡਿਪੋਰਟ

## ਸਰਕਾਰ ਨੇ ਨਿਯਮਾਂ 'ਚ ਕੀਤੇ ਵੱਡੇ ਬਦਲਾਅ




(ਪੰਜਾਬ ਸਟਾਰ ਬਿਓਰੋ):
ਕੈਨੇਡਾ ਸਰਕਾਰ ਨੇ ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬੀਆਂ ਲਈ ਵੀਜ਼ਾ ਨਿਯਮਾਂ ਵਿੱਚ ਰਾਹਤ ਦਿੱਤੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਬਿੱਲ C-12 ਅਧੀਨ ਛੇ ਨਵੇਂ ਨਿਯਮ ਲਾਗੂ ਕੀਤੇ ਹਨ। ਨਵੇਂ ਨਿਯਮਾਂ ਤਹਿਤ ਹੁਣ ਕੈਨੇਡਾ ਪਹੁੰਚਣ ਦੇ 14 ਦਿਨਾਂ ਦੇ ਅੰਦਰ ਸ਼ਰਨਾਰਥੀ ਦਾਅਵਾ ਕੀਤਾ ਜਾ ਸਕਦਾ ਹੈ। IRCC ਮੁਤਾਬਕ ਇਹ ਬਦਲਾਅ ਅਰਜ਼ੀਆਂ ਦੇ ਬੋਝ ਨੂੰ ਘਟਾਉਣ, ਪ੍ਰਸ਼ਾਸਕੀ ਦੇਰੀ ਨੂੰ ਖਤਮ ਕਰਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਲਈ ਤਿਆਰ ਕੀਤੇ ਗਏ ਹਨ। ਇਹ ਲੋੜਵੰਦਾਂ ਲਈ ਸਮੇਂ ਸਿਰ ਸੁਰੱਖਿਆ ਨੂੰ ਯਕੀਨੀ ਬਣਾਏਗਾ। ਇਹ ਬਦਲਾਅ ਉਨ੍ਹਾਂ ਲੋਕਾਂ ਲਈ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ (PRRA) ਸੁਰੱਖਿਆ ਵਿਕਲਪ ਨੂੰ * ਬਾਕੀ ਸਫ਼ਾ 2 'ਤੇ

# ਟਰੰਪ ਲਈ ਵੱਡਾ ਝਟਕਾ:

## ਸੈਨੇਟ ਨੇ ਈਰਾਨ ਵਿਰੁੱਧ ਫੌਜੀ ਕਾਰਵਾਈ ਦਾ ਕੀਤਾ ਵਿਰੋਧ



(ਪੰਜਾਬ ਸਟਾਰ ਬਿਓਰੋ):
ਅਮਰੀਕੀ ਸੈਨੇਟ ਨੇ ਪਹਿਲੀ ਵਾਰ 'ਯੁੱਧ ਸ਼ਕਤੀਆਂ' ਮਤਾ ਪਾਸ ਕਰਕੇ ਈਰਾਨ ਵਿਰੁੱਧ ਅਮਰੀਕੀ ਫੌਜੀ ਕਾਰਵਾਈ ਨੂੰ ਸੀਮਤ ਕਰਨ ਲਈ ਕਦਮ ਚੁੱਕਿਆ ਹੈ। ਇਹ ਮਤਾ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇੱਕ ਵੱਡਾ ਝਟਕਾ ਹੈ। ਅਸਲ ਵਿੱਚ, ਸੈਨੇਟ ਨੇ ਈਰਾਨ ਵਿਰੁੱਧ ਫੌਜੀ ਕਾਰਵਾਈ ਸੰਬੰਧੀ ਟਰੰਪ ਦੇ ਯਤਨਾਂ 'ਤੇ ਆਪਣਾ ਇਤਰਾਜ਼ ਪ੍ਰਗਟ ਕੀਤਾ ਹੈ। ਇਹ ਮਤਾ ਮੰਗਲਵਾਰ ਨੂੰ 50-48 ਦੇ ਵੋਟ ਨਾਲ ਪਾਸ ਹੋ ਗਿਆ ਹੈ। ਹਾਲਾਂਕਿ ਇਹ ਮਤਾ ਕਾਨੂੰਨੀ ਤੌਰ 'ਤੇ ਬੰਧਨਕਾਰੀ ਨਹੀਂ ਹੈ ਅਤੇ ਇਸਦਾ ਪੂਰਾ ਕਾਨੂੰਨੀ ਪ੍ਰਭਾਵ ਨਹੀਂ ਹੋਵੇਗਾ, ਫਿਰ ਵੀ ਇਸਨੂੰ ਕਾਂਗਰਸ ਦੁਆਰਾ ਟਰੰਪ ਪ੍ਰਸ਼ਾਸਨ ਦੀ ਫੌਜੀ ਕਾਰਵਾਈ ਪ੍ਰਤੀ * ਬਾਕੀ ਸਫ਼ਾ 2 'ਤੇ

# ਅਮਰੀਕਾ ਸਿਟੀਜ਼ਨਸ਼ਿਪ ਫ਼ੀਸ 'ਚ 75% ਤੱਕ ਵਾਧੇ ਦਾ ਪ੍ਰਸਤਾਵ

(ਪੰਜਾਬ ਸਟਾਰ ਬਿਓਰੋ):
ਜੇਕਰ ਤੁਸੀਂ ਵੀ ਅਮਰੀਕਾ ਵਿੱਚ ਸੈਟਲ ਹੋਣ ਅਤੇ ਉੱਥੋਂ ਦੀ ਸਿਟੀਜ਼ਨਸ਼ਿਪ (ਨਾਗਰਿਕਤਾ) ਲੈਣ ਦਾ ਸੁਪਨਾ ਦੇਖ ਰਹੇ ਹੋ, ਤਾਂ ਹੁਣ ਤੁਹਾਡੀ ਜੇਬ੍ਹ 'ਤੇ ਬਹੁਤ ਵੱਡਾ ਬੋਝ ਪੈਣ ਵਾਲਾ ਹੈ। ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੇ ਪੂਰੇ ਪ੍ਰੋਸੈਸ ਨੂੰ ਕਾਫ਼ੀ ਮਹਿੰਗਾ ਕਰਨ ਦੀ ਤਿਆਰੀ ਕਰ ਲਈ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ ਨੈਚੁਰਲਾਈਜ਼ੇਸ਼ਨ ਯਾਨੀ ਨਾਗਰਿਕਤਾ ਲਈ ਅਰਜ਼ੀ ਫੀਸ ਵਿੱਚ ਲਗਭਗ 75 ਪ੍ਰਤੀਸ਼ਤ ਦੇ ਭਾਰੀ ਵਾਧੇ ਦਾ ਇੱਕ ਨਵਾਂ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਤੋਂ ਵੀ ਵੱਡਾ ਝਟਕਾ ਇਹ ਹੈ ਕਿ ਘੱਟ ਆਮਦਨ ਵਾਲੇ ਬਿਨੈਕਾਰਾਂ ਨੂੰ ਮਿਲਣ ਵਾਲੀ ਫੀਸ ਮੁਆਫੀ ਅਤੇ ਹੋਰ ਛੋਟਾਂ ਨੂੰ ਵੀ ਪੂਰੀ ਤਰ੍ਹਾਂ ਖਤਮ ਕੀਤਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਅਮਰੀਕੀ ਸਰਕਾਰ ਦੇ ਇਸ ਕਦਮ ਦਾ ਸਭ ਤੋਂ ਵੱਧ ਨੈਗੇਟਿਵ ਅਸਰ ਉੱਥੇ ਰਹਿ ਰਹੇ ਭਾਰਤੀ ਮੂਲ ਦੇ ਗ੍ਰੀਨ ਕਾਰਡ ਹੋਲਡਰਾਂ 'ਤੇ ਪਵੇਗਾ।

ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਵੱਲੋਂ ਜਾਰੀ ਕੀਤੇ ਗਏ ਨਵੇਂ ਡਰਾਫਟ ਰੂਲ ਮੁਤਾਬਕ, ਫਾਰਮ N-400 (ਨਾਗਰਿਕਤਾ ਅਰਜ਼ੀ) ਦੀ ਫੀਸ ਪੇਪਰ ਵਰਕ ਯਾਨੀ ਕਾਗਜ਼ੀ ਐਪਲੀਕੇਸ਼ਨ ਲਈ $760 ਤੋਂ ਸਿੱਧੀ ਵਧਾ ਕੇ $1330 ਕਰਨ ਦੀ ਯੋਜਨਾ ਹੈ। ਉੱਥੇ ਹੀ ਜੇਕਰ ਕੋਈ ਔਨਲਾਈਨ ਅਪਲਾਈ ਕਰਦਾ ਹੈ, ਤਾਂ ਉਸਦੀ ਫੀਸ ਵੀ $710 ਤੋਂ * ਬਾਕੀ ਸਫ਼ਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Late Evening and Weekends Appointments Available 1888-864-3131
Jasbir Singh Hundal, Registered Credit Counsellor
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar, Sales Representative, 416-417-6010
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi, Broker, 416-500-6262




# ਪੇਜ ਇੱਕ ਦੀ ਬਾਕੀ

## ਕੈਨੇਡਾ 'ਚ ਉਪ-ਚੋਣਾਂ...

ਉੱਧਰ, ਪਹਿਲਾਂ ਬਲਾਕ ਕਿਊਬੇਕਵਾ ਨਾਲ ਜੁੜੇ ਸਾਈਮਨ-ਪੀਅਰ ਸਾਵਾਰਡ-ਟ੍ਰੇਂਬਲੇ ਹੁਣ ਕਿਊਬੈਕ ਦੀ ਰਾਜਨੀਤੀ ਵਿੱਚ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਨਿਯਮਾਂ ਅਨੁਸਾਰ ਜਦੋਂ ਕੋਈ ਸੰਸਦ ਮੈਂਬਰ ਅਧਿਕਾਰਤ ਤੌਰ 'ਤੇ ਅਸਤੀਫ਼ਾ ਦੇ ਦਿੰਦਾ ਹੈ ਤਾਂ ਸਪੀਕਰ ਮੁੱਖ ਚੋਣ ਅਧਿਕਾਰੀ ਨੂੰ ਸੂਚਿਤ ਕਰਦਾ ਹੈ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੋਲ 11 ਤੋਂ 180 ਦਿਨਾਂ ਦੇ ਅੰਦਰ ਉਪ-ਚੋਣਾਂ ਦਾ ਐਲਾਨ ਕਰਨ ਦਾ ਅਧਿਕਾਰ ਹੁੰਦਾ ਹੈ।

ਹਾਲਾਂਕਿ ਸਰਕਾਰ ਪਹਿਲਾਂ ਵੀ ਕਈ ਉਪ-ਚੋਣਾਂ ਇਕੱਠਿਆਂ ਕਰਵਾਉਂਦੀ ਰਹੀ ਹੈ, ਇਸ ਕਰਕੇ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਬਾਕੀ ਸੰਸਦ ਮੈਂਬਰਾਂ ਦੇ ਅਸਤੀਫ਼ਿਆਂ ਤੋਂ ਬਾਅਦ ਹੀ ਇਕੱਠੇ ਚੋਣਾਂ ਦਾ ਐਲਾਨ ਹੋਵੇ। ਇਸ ਦਰਮਿਆਨ ਹੋਰ ਸੰਸਦ ਮੈਂਬਰਾਂ ਦੇ ਵੀ ਅਸਤੀਫਿਆਂ ਦੀ ਉਮੀਦ ਹੈ। ਕੁਝ ਨੇ ਅਜੇ ਤਰੀਕਾਂ ਤੈਅ ਨਹੀਂ ਕੀਤੀਆਂ, ਜਦਕਿ ਕੁਝ ਕਿਊਬੈਕ ਦੀਆਂ ਚੋਣਾਂ ਦੇ ਐਲਾਨ ਦੀ ਉਡੀਕ ਕਰ ਰਹੇ ਹਨ। ਰਾਜਨੀਤਿਕ ਗਣਿਤ ਦੇ ਹਿਸਾਬ ਨਾਲ ਲਿਬਰਲ ਸਰਕਾਰ ਹਾਲੇ ਵੀ ਆਪਣੀ ਬਹੁਮਤ ਕਾਇਮ ਰੱਖਣ ਦੀ ਸਥਿਤੀ ਵਿੱਚ ਹੈ। ਸੰਸਦ ਦੇ ਗਰਮੀਆਂ ਲਈ ਮੁਲਤਵੀ ਹੋਣ ਵੇਲੇ ਲਿਬਰਲਾਂ ਕੋਲ 173 ਮੈਂਬਰ ਸਨ। ਅਸਤੀਫ਼ਿਆਂ ਤੋਂ ਬਾਅਦ ਇਹ ਗਿਣਤੀ ਘਟੇਗੀ, ਪਰ ਫਿਰ ਵੀ ਵਿਰੋਧੀ ਧਿਰ ਨਾਲੋਂ ਉਨ੍ਹਾਂ ਕੋਲ ਵੱਧ ਵੋਟਾਂ ਰਹਿਣਗੀਆਂ। ਭਵਿੱਖ ਵਿੱਚ ਹੋਣ ਵਾਲੀਆਂ ਇਹ ਉਪ-ਚੋਣਾਂ ਇਹ ਤੈਅ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ ਕਿ ਲਿਬਰਲ ਸਰਕਾਰ ਆਪਣੀ ਤਕਨੀਕੀ ਬਹੁਮਤ ਬਰਕਰਾਰ ਰੱਖ ਸਕੇਗੀ ਜਾਂ ਨਹੀਂ।

## ਲਖਨਊ ਅੱਗਜ਼ਨੀ ਕਾਂਡ...

ਪੰਦਰਾਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਝੁਲਸੇ ਵਿਦਿਆਰਥੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ; ਉਨ੍ਹਾਂ ਵਿੱਚੋਂ ਕਈਆਂ ਦੀ ਹਾਲਤ ਨਾਜ਼ੁਕ ਹੈ। ਹਾਦਸੇ ਸਮੇਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਲੀਗੜ੍ਹ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਖ਼ਬਰ ਮਿਲਦੇ ਹੀ, ਉਹ ਤੁਰੰਤ ਮੀਟਿੰਗ ਛੱਡ ਕੇ ਵਾਪਿਸ ਪਰਤ ਗਏ। ਉਨ੍ਹਾਂ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦੇ ਹੋਏ, ਕਈ ਅਧਿਕਾਰੀ – ਜਿਨ੍ਹਾਂ ਵਿੱਚ ਪ੍ਰਮੁੱਖ ਸਕੱਤਰ (ਗ੍ਰਹਿ) ਸੰਜੇ ਪ੍ਰਸਾਦ, ਡੀਜੀਪੀ ਰਾਜੀਵ ਕ੍ਰਿਸ਼ਨਾ, ਡੀਜੀ (ਫਾਇਰ) ਸੁਜੀਤ ਪਾਂਡੇ ਅਤੇ ਪੁਲਿਸ ਕਮਿਸ਼ਨਰ ਅਮਰੇਂਦਰ ਸੇਂਗਰ ਸ਼ਾਮਿਲ ਸਨ – ਘਟਨਾ ਸਥਾਨ 'ਤੇ ਪਹੁੰਚੇ। ਰਾਹਤ ਅਤੇ ਬਚਾਅ ਕਾਰਜ ਦੇਰ ਰਾਤ ਤੱਕ ਜਾਰੀ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਪ੍ਰਧਾਨ ਮੰਤਰੀ ਨੇ ਜਾਨ ਗੁਆਉਣ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ 2-2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

### 22 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ, 15 ਦੀ ਮੌਤ

ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ (ਕੇਜੀਐਮਯੂ) ਦੇ ਲੋਕ ਸੰਪਰਕ ਅਧਿਕਾਰੀ ਕੇ.ਕੇ. ਸਿੰਘ ਦੇ ਅਨੁਸਾਰ, ਬਚਾਅ ਟੀਮਾਂ ਨੇ ਘਟਨਾ ਤੋਂ ਬਾਅਦ ਕੁੱਲ 22 ਲੋਕਾਂ ਨੂੰ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਉਨ੍ਹਾਂ 'ਚੋਂ 15 ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ ਦੀ ਪਛਾਣ ਸਾਗਰ, ਨੀਲੇਸ਼, ਅਨਾਮਿਕਾ, ਸੰਯਮ, ਅਨੁਚਾ, ਸੁਖਮਨੀ, ਆਦਿਤਿਆ ਸ਼੍ਰੀਵਾਸਤਵ, ਜੋਤੀ, ਭਾਵੀਸ਼ਿਆ, ਅਬਦੁਲ ਰਹਿਮਾਨ, ਸੂਰਜ ਸ਼ਾਹ, ਸ਼ਾਹਜਾਨ, ਜੈਨਿਲ ਚੱਕਰਵਰਤੀ, ਮੁਹੰਮਦ ਅੰਮਾਰ ਤੇ ਸੁਮਾਲਿਆ ਵਜੋਂ ਹੋਈ ਹੈ। ਜ਼ਖਮੀਆਂ 'ਚੋਂ 7 ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ, ਜਦੋਂ ਕਿ 2 ਅਜੇ ਵੀ ਡਾਕਟਰੀ ਦੇਖਭਾਲ ਅਧੀਨ ਹਨ।

### ਇਮਾਰਤ 'ਚ ਕੋਚਿੰਗ ਸੈਂਟਰ, ਲਾਇਬ੍ਰੇਰੀ ਤੇ ਸਟੂਡੀਓ ਚੱਲ ਰਹੇ ਸਨ

ਜਿਸ ਇਮਾਰਤ 'ਚ ਅੱਗ ਲੱਗੀ ਉੱਥੇ ਕਈ ਵਪਾਰਕ ਗਤੀਵਿਧੀਆਂ ਚੱਲ ਰਹੀਆਂ ਸਨ। ਗਰਾਊਂਡ ਫਲੋਰ ਤੇ ਪਹਿਲੀ ਮੰਜ਼ਿਲ 'ਤੇ ਪੇਟ ਸ਼ਾਪ ਤੇ ਕਲੀਨਿਕ ਸਨ। ਦੂਜੀ ਮੰਜ਼ਿਲ 'ਤੇ ਲਰਨਿੰਗ ਸਪੇਸ ਨਾਮਕ ਇੱਕ ਲਾਇਬ੍ਰੇਰੀ ਤੇ ਕੋਚਿੰਗ ਸੈਂਟਰ ਦੇ ਨਾਲ-ਨਾਲ ਹੈੱਡ ਹੌਪਰ ਸਟੂਡੀਓ ਵੀ ਸੀ, ਜੋ 3D ਆਰਟ ਪ੍ਰੋਡਕਸ਼ਨ, ਐਨੀਮੇਸ਼ਨ ਤੇ ਗੇਮ ਐਸੇਟ ਆਊਟਸੋਰਸਿੰਗ ਨੂੰ ਸੰਭਾਲਦਾ ਸੀ। ਦੱਸਿਆ ਗਿਆ ਕਿ ਅੱਗ ਲੱਗਣ ਤੋਂ ਬਾਅਦ, ਧੂੰਆਂ ਪੂਰੀ ਇਮਾਰਤ 'ਚ ਤੇਜ਼ੀ ਨਾਲ ਫੈਲ ਗਿਆ, ਜਿਸ ਨਾਲ ਬਹੁਤ ਸਾਰੇ ਲੋਕ ਅੰਦਰ ਫਸ ਗਏ।

## ਯੂਰਪ 'ਚ ਗਰਮੀ ਦਾ...

ਰਿਕਾਰਡ ਤੋੜ ਰਿਹਾ ਹੈ। ਦੱਖਣ-ਪੂਰਬੀ ਫਰਾਂਸ ਦੇ ਕਾਰਪੇਂਟਰਾਸ ਵਿਚ 2 ਅਤੇ 4 ਸਾਲ ਦੀ ਉਮਰ ਦੇ ਦੋ ਬੱਚੇ ਅਪਣੇ ਘਰ ਦੇ ਬਾਹਰ ਖੜ੍ਹੀ ਕਾਰ ਵਿਚ ਬੇਹੋਸ਼ ਪਾਏ ਗਏ।

ਬਚਾਅ ਕਰਮਚਾਰੀਆਂ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਦੋਵਾਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ, ਐਤਵਾਰ ਅਤੇ ਸੋਮਵਾਰ ਦੇ ਵਿਚਕਾਰ ਫਰਾਂਸ ਵਿਚ 13 ਲੋਕ ਡੁੱਬ ਗਏ। ਬਾਰਡੋ ਖੇਤਰ ਵਿਚ ਤਿੰਨ ਬਜ਼ੁਰਗਾਂ ਦੀ ਵੀ ਗਰਮੀ ਦੀ ਲਹਿਰ ਨਾਲ ਸਬੰਧਤ ਸਿਹਤ ਸਮੱਸਿਆਵਾਂ ਕਾਰਨ ਮੌਤ ਹੋ ਗਈ। ਫਰਾਂਸ ਦੇ ਬਾਰਡੋ ਵਿਚ ਤਾਪਮਾਨ 41.9 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜਦੋਂ ਕਿ ਪੋਇਟੀਅਰਸ ਵਿੱਚ 41.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਦੋਵਾਂ ਸ਼ਹਿਰਾਂ ਵਿਚ ਪਿਛਲੇ ਰਿਕਾਰਡ ਟੁੱਟ ਗਏ। ਪੈਰਿਸ ਵਿਚ ਜੂਨ ਵਿਚ ਅਪਣਾ ਸਭ ਤੋਂ ਵੱਧ ਤਾਪਮਾਨ ਰਿਕਾਰਡ ਕਰਨ ਦੀ ਵੀ ਉਮੀਦ ਹੈ। ਸਪੇਨ ਦੇ ਸੈਨ ਸੇਬੇਸਟੀਅਨ ਵਿਚ ਤਾਪਮਾਨ 40 ਡਿਗਰੀ ਸੈਲਸੀਅਸ ਤਕ ਪਹੁੰਚਣ ਦੀ ਉਮੀਦ ਹੈ, ਜੋ ਕਿ ਸਾਲ ਦੇ ਇਸ ਸਮੇਂ ਲਈ ਆਮ ਔਸਤ ਤੋਂ ਬਹੁਤ ਜ਼ਿਆਦਾ ਹੈ। ਯੂਕੇ ਦੇ ਮੌਸਮ ਵਿਭਾਗ ਨੇ ਇਹ ਵੀ ਚੇਤਾਵਨੀ ਦਿਤੀ ਹੈ ਕਿ ਤਾਪਮਾਨ 39 ਡਿਗਰੀ ਸੈਲਸੀਅਸ ਤੋਂ ਵੱਧ ਹੋ ਸਕਦਾ ਹੈ, ਜੋ ਕਿ 49 ਸਾਲ ਪੁਰਾਣਾ ਜੂਨ ਰਿਕਾਰਡ ਤੋੜਦਾ ਹੈ।

## ਕੈਨੇਡਾ ਦੇ ਮੌਂਟਰੀਅਲ...

ਪੁਲਿਸ 'ਤੇ ਗੋਲੀਆਂ ਚਲਾਈਆਂ ਗਈਆਂ ਹਨ। 30 ਤੋਂ 40 ਗੋਲੀਆਂ ਦੀ ਆਵਾਜ਼ ਆਈ ਜਿਸ ਤੋਂ ਬਾਅਦ ਕਤਲ ਕਰ ਦਿੱਤਾ ਗਿਆ। 24 ਸਾਲ ਬਾਅਦ ਡਿਊਟੀ ਦੌਰਾਨ ਪੁਲਿਸ ਅਫਸਰ ਦੀ ਹੱਤਿਆ ਕੀਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਹੋਟਲ ਦੇ ਬਾਹਰ ਹਥਿਆਰਬੰਦ ਸ਼ੱਕੀ ਆਉਂਦੇ ਹਨ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੰਦੇ ਹਨ। ਇਕ ਦੀ ਮੌਤ ਹੋ ਗਈ ਹੈ ਜਦੋਂ ਕਿ ਦੂਜਾ ਜਖਮੀ ਦੱਸਿਆ ਜਾ ਰਿਹਾ ਹੈ। ਜਵਾਬੀ ਕਾਰਵਾਈ ਵਿਚ ਮੁਲਜ਼ਮ ਦਾ ਐਨਕਾਊਂਟਰ ਕਰ ਦਿੱਤਾ ਗਿਆ ਹੈ। ਇਥੇ ਇਹ ਵੀ ਦੱਸ ਦੇਈਏ ਕਿ ਇਸ ਪੂਰੀ ਵਾਰਦਾਤ ਵਿਚ ਇਕ ਆਮ ਨਾਗਰਿਕ ਦੀ ਵੀ ਮੌਤ ਹੋ ਜਾਣ ਦੀ ਖਬਰ ਹੈ। ਹਾਲਾਂਕਿ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਉਸ ਨੂੰ ਗੋਲੀ ਕਿਸ ਨੇ ਮਿਲੀ ਹੈ। ਜ਼ਖਮੀ ਪੁਲਿਸ ਅਧਿਕਾਰੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਡਾਕਟਰ ਨੇ ਕਿਹਾ ਕਿ ਪਿਛਲੇ 24 ਸਾਲਾਂ ਵਿਚ ਮੌਂਟਰੀਅਲ ਸ਼ਹਿਰ ਵਿਚ ਇਹ ਪਹਿਲੀ ਘਟਨਾ ਹੈ ਜਿਸ ਦੌਰਾਨ ਪੁਲਿਸ ਮੁਲਾਜ਼ਮ ਗੋਲੀਆਂ ਦਾ ਸ਼ਿਕਾਰ ਹੋ ਗਿਆ ਤੇ ਉਸ ਦੀ ਮੌਤ ਹੋ ਗਈ। ਹੋਟਲ ਦੀ ਖਿੜਕੀ ਵਿਚ ਬੰਦੂਕ ਲਹਿਰਾਉਣ ਦੀ ਸੂਚਨਾ ਮਿਲੀ ਜਿਸ ਕਰਕੇ ਪੁਲਿਸ ਮੌਕੇ 'ਤੇ ਪਹੁੰਚੀ। ਐਮਰਜੈਂਸੀ ਸੇਵਾਵਾਂ ਨੂੰ ਸੂਚਨਾ ਮਿਲੀ ਕਿ ਹੋਟਲ ਵਿਚ ਇਕ ਵਿਅਕਤੀ ਬੰਦੂਕ ਲਹਿਰਾ ਰਿਹਾ ਹੈ ਤਾਂ ਉਸ ਨੇ ਫਿਰ ਪੁਲਿਸ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਕੈਨੇਡਾ ਦੀ ਸਿਆਸਤ 'ਚ...

ਦੋ ਐਮ.ਪੀਜ਼ ਨੇ ਬੀਤੇ ਸ਼ੁੱਕਰਵਾਰ ਨੂੰ ਅਸਤੀਫ਼ਾ ਦੇ ਦਿਤਾ ਜਿਨ੍ਹਾਂ ਵਿਚੋਂ ਲਿਬਰਲ ਪਾਰਟੀ ਦੇ ਜੌਨਾਥਨ ਵਿਲਕਿਨਸਨ ਬ੍ਰਸਲਜ਼ ਜਾ ਰਹੇ ਹਨ ਅਤੇ ਯੂਰਪੀ ਯੂਨੀਅਨ ਵਿਚ ਕੈਨੇਡੀਅਨ ਰਾਜਦੂਤ ਦੀ ਜ਼ਿੰਮੇਵਾਰੀ ਨਿਭਾਉਣਗੇ।

### ਲਿਬਰਲ ਸਰਕਾਰ ਨੂੰ ਬਹੁਮਤ ਵਾਸਤੇ 1 ਜ਼ਿਮਨੀ ਚੋਣ ਜਿੱਤਣੀ ਲਾਜ਼ਮੀ

ਦੱਸ ਦੇਈਏ ਕਿ ਕਿਸੇ ਐਮ.ਪੀ. ਵੱਲੋਂ ਅਸਤੀਫ਼ਾ ਦਿਤੇ ਜਾਣ 'ਤੇ ਸੰਸਦ ਦੇ ਸਪੀਕਰ ਵੱਲੋਂ ਮੁੱਖ ਚੋਣ ਅਫ਼ਸਰ ਨੂੰ ਸੀਟ ਖ਼ਾਲੀ ਹੋਣ ਬਾਰੇ ਦੱਸਿਆ ਜਾਂਦਾ ਹੈ ਅਤੇ ਪ੍ਰਧਾਨ ਮੰਤਰੀ ਕੋਲ ਜ਼ਿਮਨੀ ਚੋਣ ਦਾ ਐਲਾਨ ਕਰਨ ਵਾਸਤੇ 11 ਦਿਨ ਤੋਂ 180 ਦਿਨ ਦਾ ਸਮਾਂ ਹੁੰਦਾ ਹੈ। ਦੋ ਅਸਤੀਫ਼ਿਆਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੋਲ 19 ਦਸੰਬਰ ਤੱਕ ਦਾ ਸਮਾਂ ਮੌਜੂਦ ਹੈ ਅਤੇ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਘੱਟੋ ਘੱਟ 6 ਪਾਰਲੀਮਾਨੀ ਹਲਕਿਆਂ ਵਿਚ ਇਕੋ ਵੇਲੇ ਜ਼ਿਮਨੀ ਚੋਣਾਂ ਹੋਣਗੀਆਂ। ਦੂਜੇ ਪਾਸੇ ਜ਼ਿਮਨੀ ਚੋਣ ਦੇ ਮੱਦੇਨਜ਼ਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਵੀ ਤਿਆਰੀਆਂ ਵਿਚ ਜੁਟਦੇ ਨਜ਼ਰ ਆਏ।

## ਬੀ.ਸੀ ਨਸ਼ਾ ਤਸਕਰਾਂ...

ਪਤਾ ਲਾਉਣ ਲਈ ਇੱਕ ਸਾਲ ਦਾ ਸਮਾਂ ਲਾਇਆ। ਫੜੇ ਗਏ ਨਜਾਇਜ ਮਾਰੂ ਹਥਿਆਰਾਂ ਚ 27 ਬੰਦੂਕਾਂ ਤੇ ਰਿਵਾਲਵਰਾਂ ਸਮੇਤ ਵੱਡੀ ਗਿਣਤੀ ਗੋਲੀਸਿੱਕਾ ਵੀ ਮਿਲਿਆ ਹੈ, ਜਿਸ ਨੂੰ ਉਹ ਕਥਿਤ ਤੌਰ ਦੇ ਵੇਚਣ ਦਾ ਧੰਦਾ ਵੀ ਕਰਦੇ ਸਨ।

ਫੜੀਆਂ ਗਈਆਂ ਲਗਜ਼ਰੀ ਕਾਰਾਂ 'ਚ ਮੁਲਜ਼ਮਾਂ ਨੇ ਅਜਿਹੀਆਂ ਥਾਵਾਂ ਬਣਵਾਈਆਂ ਸਨ, ਜਿੰਨ੍ਹਾਂ 'ਤੇ ਤਲਾਸ਼ੀ ਮੌਕੇ ਪੁਲੀਸ ਦੀ ਨਜ਼ਰ ਨਹੀਂ ਪੈਂਦੀ ਸੀ। ਪੁਲੀਸ ਨੇ ਸੰਕੇਤ ਦਿੱਤਾ ਹੈ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਬਣਾਈਆਂ ਜਾਇਦਾਦਾਂ ਹੁਣ ਦੋਸ਼ੀਆਂ ਕੋਲ ਨਹੀਂ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਮੁਢਲੇ ਤੌਰ ਤੇ ਮੁਲਜ਼ਮਾਂ ਵਿਰੁੱਧ ਅਜੇ ਦੋਸ਼ ਆਇਦ ਨਹੀਂ ਕੀਤੇ ਗਏ ਤਾਂ ਜੋ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਹੋਰ ਜਾਣਕਾਰੀਆਂ ਦੇ ਅਧਾਰ ਤੇ ਅਦਾਲਤ ਵਿੱਚ ਠੋਸ ਸਬੂਤ ਜੁਟਾਏ ਜਾ ਸਕਣ।

## ਬ੍ਰਿਟਿਸ਼ ਪ੍ਰਧਾਨ ਮੰਤਰੀ...

ਛੱਡ ਦਿੱਤਾ ਹੈ। ਸਟਾਰਮਰ ਤੋਂ ਪਹਿਲਾਂ, ਪੰਜ ਹੋਰ ਪ੍ਰਧਾਨ ਮੰਤਰੀਆਂ ਨੇ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਸੀ। ਕੰਜ਼ਰਵੇਟਿਵ ਅਤੇ ਲੇਬਰ ਪਾਰਟੀਆਂ ਦੀ ਰਾਜਨੀਤੀ ਨਾਲ ਭਰੇ ਇਸ ਦੇਸ਼ ਵਿੱਚ, ਲੇਬਰ ਨੇਤਾ ਐਂਡੀ ਬਰਨਹੈਮ ਦਾ ਨਾਮ ਸੰਭਾਵੀ ਅਗਲੇ ਪ੍ਰਧਾਨ ਮੰਤਰੀ ਵਜੋਂ ਉੱਭਰ ਰਿਹਾ ਹੈ।

ਹਾਲਾਂਕਿ, ਰਾਜਨੀਤਿਕ ਉਥਲ-ਪੁਥਲ ਦੇ ਵਿਚਕਾਰ, ਰਾਜਨੀਤਿਕ ਹਲਕਿਆਂ ਵਿੱਚ ਹੋਰ ਉਮੀਦਵਾਰ ਕੌਣ ਹੋ ਸਕਦੇ ਹਨ, ਇਸ ਬਾਰੇ ਅਟਕਲਾਂ ਤੇਜ਼ ਹੋ ਰਹੀਆਂ ਹਨ। ਇਹ ਵੀ ਦਿਲਚਸਪ ਹੈ ਕਿ ਅਸਤੀਫ਼ਾ ਦੇਣ ਤੋਂ ਪਹਿਲਾਂ, ਅਮਰੀਕੀ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਸੀ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਅਹੁਦਾ ਛੱਡਣ ਵਾਲੇ ਹਨ।

ਲੰਡਨ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ, ਕੀਰ ਸਟਾਰਮਰ ਨੇ ਇੱਕ ਭਾਵੁਕ ਵਿਦਾਇਗੀ ਸੰਦੇਸ਼ ਦਿੱਤਾ। ਉਨ੍ਹਾਂ ਨੇ ਆਪਣੇ ਸਾਥੀਆਂ, ਨੰਬਰ 10 ਸਟਾਫ ਅਤੇ ਸਿਵਲ ਸੇਵਕਾਂ ਦਾ ਉਨ੍ਹਾਂ ਦੇ ਸਮਰਥਨ ਅਤੇ ਸਮਰਪਣ ਲਈ ਧੰਨਵਾਦ ਕੀਤਾ। ਸਟਾਰਮਰ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਤੋਂ ਹਟਣ ਤੋਂ ਬਾਅਦ, ਉਹ ਹੁਣ ਆਪਣੀ ਪਤਨੀ ਵਿਕ ਲਈ ਇੱਕ ਬਿਹਤਰ ਪਤੀ ਬਣਨ ਲਈ ਵਧੇਰੇ ਸਮਾਂ ਸਮਰਪਿਤ ਕਰਨਗੇ । ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਅਤੇ ਮਾਣ ਦਾ ਸਰੋਤ ਦੱਸਿਆ ਹੈ।

## ਟਰੰਪ ਲਈ ਵੱਡਾ...

ਇੱਕ ਮਹੱਤਵਪੂਰਨ ਅਤੇ ਪ੍ਰਤੀਕਾਤਮਕ ਇਤਰਾਜ਼ ਵਜੋਂ ਦੇਖਿਆ ਜਾ ਰਿਹਾ ਹੈ। ਸੈਨੇਟ ਵੱਲੋਂ ਇਸ ਮਤੇ ਨੂੰ ਪਾਸ ਕਰਨਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਿਛਲੀਆਂ ਨੌਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਸਨ। ਇਹ ਸੈਨੇਟ ਵਿੱਚ ਟਰੰਪ ਦੇ ਘੱਟਦੇ ਸਮਰਥਨ ਨੂੰ ਵੀ ਦਰਸਾਉਂਦਾ ਹੈ। ਪ੍ਰਤੀਨਿਧੀ ਸਭਾ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਇਸ ਮਤੇ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਸੀ। ਮਤਾ ਪਾਸ ਹੋਣ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, 'ਟਰੁਥ ਸੋਸ਼ਲ' 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ, ਇਸਨੂੰ ਗਲਤ ਸਮੇਂ 'ਤੇ ਪੇਸ਼ ਕੀਤਾ ਗਿਆ ਇੱਕ ਵਿਅਰਥ ਮਤਾ ਕਰਾਰ ਦਿੰਦੇ ਹੋਏ ਖਾਰਜ ਕਰ ਦਿੱਤਾ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਵੋਟ ਈਰਾਨ ਦੀ ਮਦਦ ਕਰੇਗੀ ਅਤੇ ਉਸਦਾ ਮਨੋਬਲ ਵਧਾਏਗੀ। ਸੈਨੇਟ ਡੈਮੋਕ੍ਰੇਟਿਕ ਲੀਡਰ ਚੱਕ ਸ਼ੂਮਰ ਨੇ ਕਿਹਾ, "ਵਾਰ-ਵਾਰ, ਜ਼ਿਆਦਾਤਰ ਰਿਪਬਲਿਕਨ ਸੈਨੇਟਰ ਅਮਰੀਕੀ ਲੋਕਾਂ ਦੀ ਬਜਾਏ ਟਰੰਪ ਅਤੇ ਉਨ੍ਹਾਂ ਦੀ ਜੰਗ ਦੇ ਨਾਲ ਖੜ੍ਹੇ ਰਹੇ ਹਨ।" ਉਨ੍ਹਾਂ ਦੋਸ਼ ਲਾਇਆ ਕਿ ਅਮਰੀਕੀ ਜਨਤਾ ਈਰਾਨ ਬਾਰੇ ਟਰੰਪ ਦੀ ਇਤਿਹਾਸਕ ਗਲਤੀ ਦੀ ਕੀਮਤ ਚੁਕਾ ਰਹੀ ਹੈ, ਅਤੇ ਇਹ ਇਤਿਹਾਸ ਵਿੱਚ ਅਮਰੀਕੀ ਵਿਦੇਸ਼ ਨੀਤੀ ਦੀਆਂ ਸਭ ਤੋਂ ਭੈੜੀਆਂ ਗਲਤੀਆਂ ਵਿੱਚੋਂ ਇੱਕ ਵਜੋਂ ਦਰਜ ਰਹੇਗੀ। ਵੋਟਿੰਗ ਦੌਰਾਨ, ਚਾਰ ਰਿਪਬਲਿਕਨ ਸੈਨੇਟਰ – ਲੀਸਾ ਮੁਰਕੋਵਸਕੀ, ਸੂਜ਼ਨ ਕੋਲਿਨਜ਼, ਰੈਂਡ ਪੌਲ ਅਤੇ ਬਿਲ ਕੈਸੀਡੀ – ਨੇ ਡੈਮੋਕਰੇਟਸ ਦਾ ਪੱਖ ਲਿਆ ਅਤੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੀ। ਇਸ ਦੌਰਾਨ, ਡੈਮੋਕਰੇਟਿਕ ਸੈਨੇਟਰ ਜੌਨ ਫੈਟਰਮੈਨ ਨੇ ਪ੍ਰਸਤਾਵ ਦਾ ਵਿਰੋਧ ਕੀਤਾ। ਇਨ੍ਹਾਂ ਚਾਰ ਰਿਪਬਲਿਕਨ ਸੰਸਦ ਮੈਂਬਰਾਂ ਦੀ ਆਲੋਚਨਾ ਕਰਦੇ ਹੋਏ, ਟਰੰਪ ਨੇ ਕਿਹਾ ਕਿ ਇਨ੍ਹਾਂ ਨੇ ਉਨ੍ਹਾਂ ਦਾ ਕੰਮ ਹੋਰ ਵੀ ਮੁਸ਼ਕਿਲ ਬਣਾ ਦਿੱਤਾ ਹੈ। ਦੋ ਰਿਪਬਲਿਕਨ ਸੈਨੇਟਰਾਂ ਦੀ ਗੈਰਹਾਜ਼ਰੀ ਨੇ ਵੀ ਵੋਟਿੰਗ ਦੇ ਨਤੀਜੇ ਨੂੰ ਪ੍ਰਭਾਵਿਤ ਕੀਤਾ; ਉਨ੍ਹਾਂ ਵਿੱਚੋਂ ਕੈਂਟਕੀ ਦੇ ਸੈਨੇਟਰ ਮਿਚ ਮੈਕਕੋਨੇਲ ਵੀ ਸਨ, ਜਿਨ੍ਹਾਂ ਨੂੰ ਹਾਲ ਹੀ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

## ਅਮਰੀਕਾ ਸਿਟੀਜ਼ਨਸ਼ਿਪ...

ਵੱਧ ਕੇ $1280 ਹੋ ਜਾਵੇਗੀ। ਇਸ ਦੇ ਨਾਲ ਹੀ, ਜੇਕਰ ਕਿਸੇ ਦੀ ਨਾਗਰਿਕਤਾ ਅਰਜ਼ੀ ਰਿਜੈਕਟ (ਖਾਰਜ) ਹੋ ਜਾਂਦੀ ਹੈ ਅਤੇ ਉਹ ਉਸਦੀ ਰਿਵਿਊ ਪਟੀਸ਼ਨ ਦਾਇਰ ਕਰਦਾ ਹੈ, ਤਾਂ ਫਾਰਮ N-336 ਦੀ ਫੀਸ $830 ਤੋਂ ਵਧਾ ਕੇ $1475 ਕਰਨ ਦਾ ਪ੍ਰਸਤਾਵ ਹੈ, ਜਿਸ ਵਿੱਚ ਲਗਭਗ 78 ਪ੍ਰਤੀਸ਼ਤ ਦਾ ਰਿਕਾਰਡ ਤੋੜ ਵਾਧਾ ਦੇਖਣ ਨੂੰ ਮਿਲੇਗਾ। ਇਸ ਨਵੇਂ ਪ੍ਰਸਤਾਵ ਵਿੱਚ ਸਭ ਤੋਂ ਮਾਰੂ ਮਾਰ ਗਰੀਬ ਅਤੇ ਮੱਧ ਵਰਗ ਦੇ ਲੋਕਾਂ 'ਤੇ ਪੈਣ ਵਾਲੀ ਹੈ, ਕਿਉਂਕਿ ਇਹ ਨਵਾਂ ਨਿਯਮ ਉਨ੍ਹਾਂ ਬਿਨੈਕਾਰਾਂ ਲਈ ਫੀਸ ਮੁਆਫੀ ਦੇ ਸਾਰੇ ਰਾਹ ਬੰਦ ਕਰ ਦੇਵੇਗਾ ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਇਨਕਮ ਫੈਡਰਲ ਪੋਵਰਟੀ ਲਾਈਨ (ਸੰਘੀ ਗਰੀਬੀ ਰੇਖਾ) ਦੇ 400 ਪ੍ਰਤੀਸ਼ਤ ਜਾਂ ਉਸ ਤੋਂ ਘੱਟ ਹੈ। ਫਿਲਹਾਲ ਮਿਲਣ ਵਾਲੇ ਸਾਰੇ ਡਿਸਕਾਊਂਟ ਆਪਸ਼ਨਸ (ਘਟੀ ਹੋਈ ਫੀਸ ਦੇ ਵਿਕਲਪ) ਵੀ ਖਤਮ ਕਰ ਦਿੱਤੇ ਜਾਣਗੇ, ਹਾਲਾਂਕਿ ਅਮਰੀਕੀ ਫੌਜ ਦੇ ਮੈਂਬਰਾਂ ਨੂੰ ਇਹ ਛੋਟਾਂ ਪਹਿਲਾਂ ਵਾਂਗ ਹੀ ਮਿਲਦੀਆਂ ਰਹਿਣਗੀਆਂ। ਅਮਰੀਕੀ ਅਧਿਕਾਰੀਆਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਹੈ ਕਿ ਧੁਸ਼ ਦਾ ਮੰਨਣਾ ਹੈ ਕਿ ਨਾਗਰਿਕਤਾ ਅਰਜ਼ੀਆਂ ਦੀਆਂ ਘੱਟ ਫੀਸਾਂ ਦਾ ਖਾਮਿਆਜ਼ਾ ਦੂਜੀਆਂ ਇਮੀਗ੍ਰੇਸ਼ਨ ਸਰਵਿਸਿਜ਼ ਨੂੰ ਨਹੀਂ ਭੁਗਤਣਾ ਚਾਹੀਦਾ।

ਰਾਹਤ ਦੀ ਗੱਲ ਇਹ ਹੈ ਕਿ ਅਮਰੀਕੀ ਰੱਖਿਆ ਵਿਭਾਗ ਦੁਆਰਾ ਪ੍ਰਸਤਾਵਿਤ ਇਹ ਨਵਾਂ ਨਿਯਮ ਅਜੇ ਇੰਸਟੈਂਟਲੀ ਲਾਗੂ ਨਹੀਂ ਕੀਤਾ ਗਿਆ ਹੈ। ਵਿਭਾਗ ਨੇ ਇਸਨੂੰ ਫਿਲਹਾਲ ਸਿਰਫ਼ ਇੱਕ ਪ੍ਰਸਤਾਵ ਦੇ ਰੂਪ ਵਿੱਚ ਪਬਲਿਸ਼ ਕੀਤਾ ਹੈ, ਜਿਸ 'ਤੇ ਪਬਲਿਕ ਫੀਡਬੈਕ (ਜਨਤਕ ਟਿੱਪਣੀ) ਲਈ 60 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਇਸ 60 ਦਿਨਾਂ ਦੇ ਟਾਈਮ ਪੀਰੀਅਡ ਦੌਰਾਨ ਕੋਈ ਵੀ ਆਮ ਨਾਗਰਿਕ ਜਾਂ ਆਰਗੇਨਾਈਜ਼ੇਸ਼ਨ ਆਪਣੇ ਸੁਝਾਅ ਅਤੇ ਇਤਰਾਜ਼ ਦਰਜ ਕਰਵਾ ਸਕਦੇ ਹਨ। ਸਾਰੀਆਂ ਟਿੱਪਣੀਆਂ 'ਤੇ ਡੂੰਘਾਈ ਨਾਲ ਵਿਚਾਰ ਕਰਨ ਤੋਂ ਬਾਅਦ ਹੀ ਫਾਈਨਲ ਨਿਯਮ ਲਾਗੂ ਹੋਵੇਗਾ। ਉਦੋਂ ਤੱਕ ਪੁਰਾਣਾ ਸਿਸਟਮ ਹੀ ਚੱਲੇਗਾ, ਜਿਸ ਵਿੱਚ ਆਰਥਿਕ ਤੰਗੀ ਜਾਂ ਸਰਕਾਰੀ ਮਦਦ ਦੇ ਬੇਸਿਸ 'ਤੇ ਮਿਲਣ ਵਾਲੀ ਫੀਸ ਛੋਟ ਅਤੇ $380 ਦੀ ਘੱਟ ਕੀਤੀ ਫੀਸ ਦਾ ਫਾਇਦਾ ਮਿਲਦਾ ਰਹੇਗਾ। ਜੇਕਰ ਭਾਰਤੀਆਂ 'ਤੇ ਇਸ ਦੇ ਪ੍ਰਭਾਵ ਦੀ ਗੱਲ ਕਰੀਏ, ਤਾਂ ਭਾਰਤ ਉਨ੍ਹਾਂ ਚੋਟੀ ਦੇ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੋਂ ਦੇ ਸਭ ਤੋਂ ਵੱਧ ਲੋਕ ਅਮਰੀਕਾ ਵਿੱਚ ਪਰਮਾਨੈਂਟ ਰੈਜ਼ੀਡੈਂਸੀ (ਗ੍ਰੀਨ ਕਾਰਡ) ਦੀ ਮੰਗ ਕਰਦੇ ਹਨ। ਖਾਸ ਕਰਕੇ H-1B ਵੀਜ਼ਾ 'ਤੇ ਕੰਮ ਕਰਨ ਵਾਲੇ ਵਰਕਿੰਗ ਪ੍ਰੋਫੈਸ਼ਨਲਸ, ਮਿਡਲ-ਕਲਾਸ ਫੈਮਿਲੀਜ਼ ਅਤੇ ਇੱਥੋਂ ਤੱਕ ਕਿ ਰਿਟਾਇਰਡ ਲੋਕ ਵੀ ਇਸ ਪ੍ਰਸਤਾਵ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਜੋ ਲੋਕ ਹੁਣ ਤੱਕ ਘੱਟ ਫੀਸ ਜਾਂ ਫੀਸ ਮੁਆਫੀ ਦੇ ਸਹਾਰੇ ਅਮਰੀਕੀ ਸਿਟੀਜ਼ਨ ਬਣਨ ਦੀ ਲਾਈਨ ਵਿੱਚ ਸਨ, ਉਨ੍ਹਾਂ ਨੂੰ ਹੁਣ ਹਜ਼ਾਰਾਂ ਡਾਲਰ ਦੀ ਫੁੱਲ ਪੇਮੈਂਟ ਕਰਨੀ ਪਵੇਗੀ, ਜਿਸ ਨਾਲ ਨਾਗਰਿਕਤਾ ਲੈਣ ਦਾ ਪੂਰਾ ਬਜਟ ਪੂਰੀ ਤਰ੍ਹਾਂ ਹਿੱਲ ਜਾਵੇਗਾ।

## ਪੰਜਾਬੀਆਂ ਨੂੰ ਕੈਨੇਡਾ...

ਵੀ ਬਰਕਰਾਰ ਰੱਖਣਗੇ ਜਿਨ੍ਹਾਂ ਨੂੰ ਸਮਾਂ ਸੀਮਾ ਕਾਰਨ ਅਯੋਗ ਮੰਨਿਆ ਜਾਵੇਗਾ, ਇਹ ਯਕੀਨੀ ਬਣਾਉਣਗੇ ਕਿ ਕਿਸੇ ਨੂੰ ਵੀ ਅਜਿਹੀ ਜਗ੍ਹਾ 'ਤੇ ਨਾ ਭੇਜਿਆ ਜਾਵੇ ਜਿੱਥੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋਵੇ। ਪਹਿਲਾਂ, ਸ਼ਰਨਾਰਥੀ ਵੀਜ਼ਿਆਂ ਲਈ ਅਰਜ਼ੀ ਦੀ ਮਿਆਦ ਇੱਕ ਸਾਲ ਸੀ, ਜਿਸ ਕਾਰਨ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (IRB) ਵਿੱਚ ਬਕਾਇਆ ਕੇਸਾਂ ਦਾ ਬੈਕਲਾਗ ਸੀ। ਇਸ ਦੇ ਨਤੀਜੇ ਵਜੋਂ ਸੱਚਮੁੱਚ ਲੋੜਵੰਦਾਂ ਲਈ ਵੀ ਸੁਣਵਾਈਆਂ ਲਈ ਲੰਮਾ ਇੰਤਜ਼ਾਰ ਕਰਨਾ ਪਿਆ। ਹੁਣ, ਵਿਅਕਤੀ ਕੈਨੇਡਾ ਪਹੁੰਚਣ ਦੇ ਇੱਕ ਸਾਲ ਦੇ ਅੰਦਰ ਸ਼ਰਣ ਦਾ ਦਾਅਵਾ ਕਰ ਸਕਦਾ ਹੈ। ਜੇ ਪਹੁੰਚਣ ਦੇ ਇੱਕ ਸਾਲ ਬਾਅਦ ਦਾਅਵਾ ਦਾਇਰ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦਾ ਕੇਸ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਬੋਰਡ (IRB) ਨੂੰ ਨਹੀਂ ਭੇਜਿਆ ਜਾਵੇਗਾ ਅਤੇ ਉਨ੍ਹਾਂ ਨੂੰ ਅਯੋਗ ਮੰਨਿਆ ਜਾਵੇਗਾ। ਜੇ ਕੋਈ ਵਿਅਕਤੀ ਅਮਰੀਕਾ ਤੋਂ ਕੈਨੇਡਾ ਤੱਕ ਅਧਿਕਾਰਤ ਚੌਕੀ ਤੋਂ ਇਲਾਵਾ ਕਿਸੇ ਹੋਰ ਰਸਤੇ ਰਾਹੀਂ ਸਰਹੱਦ ਪਾਰ ਕਰਦਾ ਹੈ, ਤਾਂ ਉਨ੍ਹਾਂ ਨੂੰ 14 ਦਿਨਾਂ ਦੇ ਅੰਦਰ ਸ਼ਰਣ ਦਾ ਦਾਅਵਾ ਦਾਇਰ ਕਰਨਾ ਪਵੇਗਾ। 14 ਦਿਨਾਂ ਬਾਅਦ ਕੀਤੇ ਗਏ ਦਾਅਵਿਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸ਼ਰਨਾਰਥੀ ਪ੍ਰਣਾਲੀ ਨੂੰ ਤੇਜ਼ ਅਤੇ ਆਸਾਨ ਬਣਾਉਣ ਲਈ ਹੁਣ ਆਨਲਾਈਨ ਅਰਜ਼ੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪ੍ਰਕਿਰਿਆ ਵਿੱਚ ਬੇਲੋੜੀ ਦੇਰੀ ਤੋਂ ਬਚਦੇ ਹੋਏ ਸਰਕਾਰ ਸਿਰਫ਼ ਉਨ੍ਹਾਂ ਅਰਜ਼ੀਆਂ ਨੂੰ ਸਵੀਕਾਰ ਕਰੇਗੀ ਜੋ ਪੂਰੀ ਤਰ੍ਹਾਂ ਦਸਤਾਵੇਜ਼ੀ ਹਨ। ਡੇਟਾ ਸਾਂਝਾਕਰਨ ਅਧਿਕਾਰ: ਇਮੀਗ੍ਰੇਸ਼ਨ ਵਿਭਾਗ (IRCC) ਕੋਲ ਹੁਣ ਸ਼ਰਨਾਰਥੀਆਂ ਨਾਲ ਸਬੰਧਤ ਜਾਣਕਾਰੀ ਨੂੰ ਹੋਰ ਸਰਕਾਰੀ ਵਿਭਾਗਾਂ (ਸੂਬਾਈ ਅਤੇ ਸੰਘੀ ਦੋਵੇਂ) ਨਾਲ ਸਾਂਝਾ ਕਰਨ ਦਾ ਕਾਨੂੰਨੀ ਅਧਿਕਾਰ ਹੈ। ਇਸਦਾ ਉਦੇਸ਼ ਸਰਕਾਰੀ ਸੇਵਾਵਾਂ ਵਿੱਚ ਤਾਲਮੇਲ ਨੂੰ ਬਿਹਤਰ ਬਣਾਉਣਾ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ। ਦੱਸ ਦੇਈਏ ਕਿ ਰਿਫਿਊਜੀ ਲਈ ਉਹ ਲੋਕ ਅਪਲਾਈ ਕਰਦੇ ਹਨ ਜੋ ਕੈਨੇਡਾ ਦੇ ਨਿਯਮ ਪੂਰੇ ਨਾ ਕਰਨ 'ਤੇ (ਪੂਰਾ ਟੈਕਸ ਨਾ ਭਰਣਾ, ਪੇਪਰ ਕਲੀਅਰ ਨਾ ਕਰਨ ਕਾਰਨ) ਆਪਣਾ ਪੀਆਰ ਅਪਲਾਈ ਨਹੀਂ ਕਰ ਪਾਉਂਦੇ। ਰਿਪਿਊਜੀ ਦੇ ਤਹਿਤ ਬਿਨਾਂ ਪੀਆਰ ਦੇ ਵੀ ਰਹਿ ਸਕਦੇ ਹਨ। ਹਾਲਾਂਕਿ ਅਪਰਾਧਕ ਮਾਮਲੇ ਵਿਚ ਛੋਟ ਨਹੀਂ ਮਿਲੇਗੀ।

# ਕਤਰ ਦੇ ਇੱਕ ਗੈਸ ਪਲਾਂਟ 'ਚ ਵੱਡਾ ਧਮਾਕਾ

## 12 ਭਾਰਤੀਆਂ ਸਮੇਤ 13 ਲੋਕਾਂ ਦੀ ਮੌਤ, 66 ਜ਼ਖਮੀ



ਕਤਰ ਦੇ ਰਾਸ ਲਾਫਾਨ ਲਿਕਵੀਫਾਈਡ ਨੈਚੁਰਲ ਗੈਸ (LNG) ਕੰਪਲੈਕਸ ਵਿੱਚ ਇੱਕ ਵੱਡੇ ਧਮਾਕੇ ਵਿੱਚ ਭਾਰਤੀ ਨਾਗਰਿਕਾਂ ਸਮੇਤ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਹੈ। ਰਿਪੋਰਟਾਂ ਅਨੁਸਾਰ, ਮ੍ਰਿਤਕਾਂ ਵਿੱਚੋਂ 12 ਭਾਰਤੀ ਸਨ। ਇਸ ਘਟਨਾ ਵਿੱਚ 66 ਹੋਰ ਜ਼ਖਮੀ ਹੋਏ ਹਨ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਸੁਵਿਧਾ 'ਤੇ ਕੰਮ ਮੁੜ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਇਸ ਸਾਲ ਦੇ ਸ਼ੁਰੂ ਵਿੱਚ ਈਰਾਨ ਦੇ ਹਮਲੇ ਤੋਂ ਬਾਅਦ ਇਸਨੂੰ ਬੰਦ ਕਰ ਦਿੱਤਾ ਗਿਆ ਸੀ। ਜਾਨੀ ਨੁਕਸਾਨ ਦੀ ਪੁਸ਼ਟੀ ਕਰਦੇ ਹੋਏ, ਕਤਰ ਦੇ ਊਰਜਾ ਮੰਤਰੀ ਸਾਦ ਅਲ-ਕਾਬੀ ਨੇ ਇਸ ਘਟਨਾ ਨੂੰ ਇੱਕ ਦੁਖਾਂਤ ਦੱਸਿਆ ਅਤੇ ਕਿਹਾ ਕਿ ਪੀੜਤਾਂ ਵਿੱਚ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਕਰਮਚਾਰੀ ਸ਼ਾਮਿਲ ਸਨ।

ਕਤਰ ਦੇ ਊਰਜਾ ਮੰਤਰੀ ਸਾਦ ਅਲ-ਕਾਬੀ ਨੇ ਕਿਹਾ, "ਅੱਜ, ਮੈਨੂੰ ਕੁਝ ਅਜਿਹਾ ਕਰਨਾ ਪਵੇਗਾ ਜਿਸਦੀ ਮੈਨੂੰ ਹਮੇਸ਼ਾ ਉਮੀਦ ਸੀ ਕਿ ਕਦੇ ਨਹੀਂ ਹੋਵੇਗਾ: ਸਾਡੇ 13 ਲੋਕਾਂ – ਭਾਰਤੀ ਅਤੇ ਪਾਕਿਸਤਾਨੀ ਨਾਗਰਿਕਾਂ – ਦੀਆਂ ਦੁਖਦਾਈ ਮੌਤਾਂ ਦੀ ਘੋਸ਼ਣਾ ਕਰਨਾ। ਉਨ੍ਹਾਂ ਅੱਗੇ ਕਿਹਾ ਕਿ ਧਮਾਕੇ ਵਿੱਚ 66 ਲੋਕ ਜ਼ਖਮੀ ਹੋਏ ਹਨ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਕਰਮਚਾਰੀ ਇਸ ਰਣਨੀਤਕ ਊਰਜਾ ਸਹੂਲਤ 'ਤੇ ਕੰਮ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਧਮਾਕੇ ਤੋਂ ਬਾਅਦ, ਦੋਹਾ ਵਿੱਚ ਭਾਰਤੀ ਦੂਤਾਵਾਸ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਭਾਰਤੀ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇੱਕ ਐਮਰਜੈਂਸੀ ਹੈਲਪਲਾਈਨ ਸ਼ੁਰੂ ਕੀਤੀ। ਦੂਤਾਵਾਸ ਨੇ ਕਿਹਾ, "ਦੋਹਾ ਵਿੱਚ ਭਾਰਤੀ ਦੂਤਾਵਾਸ ਕੱਲ੍ਹ ਰਾਸ ਲਾਫਾਨ ਇੰਡਸਟਰੀਅਲ ਸਿਟੀ ਵਿੱਚ ਵਾਪਰੀ ਮੰਦਭਾਗੀ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ, ਜਿਸ ਵਿੱਚ ਅਧਿਕਾਰੀਆਂ ਦੇ ਅਨੁਸਾਰ, ਕਈ ਲੋਕ ਜ਼ਖਮੀ ਹੋਏ ਸਨ ਅਤੇ ਕੁਝ ਲਾਪਤਾ ਹਨ।" ਮਿਸ਼ਨ ਨੇ ਪ੍ਰਭਾਵਿਤ ਭਾਰਤੀ ਨਾਗਰਿਕਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪੂਰੀ ਸਹਾਇਤਾ ਦਾ ਭਰੋਸਾ ਵੀ ਦਿੱਤਾ। ਇਸ ਵਿੱਚ ਕਿਹਾ ਗਿਆ ਹੈ, ਇਸ ਚੁਣੌਤੀਪੂਰਨ ਅਤੇ ਮੁਸ਼ਕਿਲ ਸਮੇਂ ਦੌਰਾਨ, ਭਾਰਤੀ ਦੂਤਾਵਾਸ ਅਤੇ ਕਤਰ ਵਿੱਚ ਪੂਰਾ ਭਾਰਤੀ ਭਾਈਚਾਰਾ ਕਤਰ ਦੀ ਸਰਕਾਰ ਅਤੇ ਲੋਕਾਂ ਨਾਲ ਇੱਕਜੁੱਟਤਾ ਨਾਲ ਖੜ੍ਹਾ ਹੈ। ਅਸੀਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ ਅਤੇ ਲਾਪਤਾ ਵਿਅਕਤੀਆਂ ਦੀ ਸੁਰੱਖਿਆ ਲਈ ਉਮੀਦ ਅਤੇ ਪ੍ਰਾਰਥਨਾ ਕਰਦੇ ਹਾਂ। ਦੂਤਾਵਾਸ ਨੇ ਸਹਾਇਤਾ ਦੀ ਮੰਗ ਕਰਨ ਵਾਲਿਆਂ ਨੂੰ ਇਸਦੇ ਐਮਰਜੈਂਸੀ ਹੈਲਪਲਾਈਨ ਨੰਬਰਾਂ 'ਤੇ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

# ਟਰੰਪ ਸਰਕਾਰ ਨੇ ਅਦਾਲਤ 'ਚ ਘੇਰਿਆ ਪੰਜਾਬੀ immigrant

## * ਸਿਟੀਜ਼ਨਸ਼ਿਪ ਵਾਸਤੇ ਨਾਂ ਬਦਲਣ ਦੇ ਲੱਗੇ ਦੋਸ਼
## * 1990 'ਚ ਅਮਰੀਕਾ ਦਾਖ਼ਲ ਹੋਇਆ ਸੀ ਜਸਵਿੰਦਰ ਸਿੰਘ

ਨਿਊਯਾਰਕ : ਅਮਰੀਕਾ ਦੀ ਸਿਟੀਜ਼ਨਸ਼ਿਪ ਲਈ ਬਲਵਿੰਦਰ ਸਿੰਘ ਤੋਂ ਜਸਵਿੰਦਰ ਸਿੰਘ ਬਣਨ ਵਾਲੇ ਪੰਜਾਬੀ ਵਿਰੁੱਧ ਟਰੰਪ ਸਰਕਾਰ ਨੇ ਮੁਕੱਦਮਾ ਦਾਇਰ ਕਰਦਿਆਂ ਨਾਗਰਿਕਤਾ ਰੱਦ ਕਰਨ ਦੀ ਗੁਜ਼ਾਰਿਸ਼ ਕੀਤੀ ਹੈ। ਟਰੰਪ ਸਰਕਾਰ ਨੇ ਦਲੀਲ ਦਿਤੀ ਹੈ ਕਿ 54 ਸਾਲ ਦੇ ਜਸਵਿੰਦਰ ਸਿੰਘ ਉਰਫ਼ ਬਲਵਿੰਦਰ ਸਿੰਘ ਨੇ ਗੁੰਮਰਾਹਕੁਨ ਜਾਣਕਾਰੀ ਦੇ ਆਧਾਰ 'ਤੇ ਸਿਟੀਜ਼ਨਸ਼ਿਪ ਹਾਸਲ ਕੀਤੀ। ਔਰੇਗਨ ਸੂਬੇ ਦੀ ਫ਼ੈਡਰਲ ਅਦਾਲਤ ਵਿਚ ਦਾਇਰ ਦੀਵਾਨੀ ਮੁਕੱਦਮੇ ਵਿਚ ਯੂ.ਐਸ. ਅਟਾਰਨੀ ਦਫ਼ਤਰ ਨੇ ਦੋਸ਼ ਲਾਇਆ ਹੈ ਜਸਵਿੰਦਰ ਸਿੰਘ ਅਗਸਤ 1990 ਵਿੱਚ ਬਲਵਿੰਦਰ ਸਿੰਘ ਦੇ ਨਾਂ ਹੇਠ ਅਮਰੀਕਾ ਦਾਖ਼ਲ ਹੋਇਆ। ਉਸ ਨੇ ਇੰਮੀਗ੍ਰੇਸ਼ਨ ਅਦਾਲਤ ਤੋਂ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਮੰਗੀ ਪਰ ਜੱਜ ਨੇ ਅਰਜ਼ੀ ਰੱਦ ਕਰਦਿਆਂ ਡਿਪੋਰਟ ਕਰਨ ਦੇ ਹੁਕਮ ਦੇ ਦਿੱਤੇ।

ਅਦਾਲਤ ਦੇ ਫ਼ੈਸਲੇ ਮਗਰੋਂ ਬਲਵਿੰਦਰ ਸਿੰਘ ਨੂੰ ਜੁਲਾਈ 1993 ਵਿਚ ਇੰਮੀਗ੍ਰੇਸ਼ਨ ਅਫ਼ਸਰਾਂ ਅੱਗੇ ਸਰੰਡਰ ਕਰਨ ਦੇ ਹੁਕਮ ਦਿਤੇ ਗਏ ਪਰ ਉਸ ਨੇ ਅਜਿਹਾ ਨਾ ਕਰਦਿਆਂ ਆਪਣਾ ਨਾਂ ਬਦਲ ਕੇ ਜਸਵਿੰਦਰ ਸਿੰਘ ਰੱਖ ਲਿਆ ਅਤੇ ਨਵੰਬਰ 1994 ਵਿਚ ਨਵੇਂ ਸਿਰੇ ਤੋਂ ਇੰਮੀਗ੍ਰੇਸ਼ਨ ਲਾਭ ਦੀ ਅਰਜ਼ੀ ਦਾਇਰ ਕਰ ਦਿਤੀ। ਅਮਰੀਕਾ ਵਿਚ ਇੰਮੀਗ੍ਰੇਸ਼ਨ ਲਾਭ ਦਾ ਮਤਲਬ ਲੀਗਲ ਸਟੇਟਸ ਜਾਂ ਵਿਦੇਸ਼ੀ ਨਾਗਰਿਕ ਨੂੰ ਅਮਰੀਕਾ ਵਿਚ ਮਿਲੀ ਹਿਫ਼ਾਜ਼ਤ ਜਾਂ ਅਸਾਇਲਮ ਮੰਨਿਆ ਜਾਂਦਾ ਹੈ ਜਿਸ ਦੇ ਆਧਾਰ 'ਤੇ ਉਸ ਨੂੰ ਕੰਮ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ। ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਜਸਵਿੰਦਰ ਸਿੰਘ ਦੇ ਨਾਂ ਹੇਠ ਦਾਖ਼ਲ ਨਵੀਂ ਇੰਮੀਗ੍ਰੇਸ਼ਨ ਅਰਜ਼ੀ ਵਿਚ ਜਨਮ ਤਰੀਕ ਬਦਲ ਦਿੱਤੀ ਗਈ ਅਤੇ ਅਮਰੀਕਾ ਵਿਚ ਦਾਖ਼ਲ ਹੋਣ ਦਾ ਸਮਾਂ ਵੀ ਤਬਦੀਲ ਕਰ ਦਿੱਤਾ ਗਿਆ। ਨਵੀਂ ਅਰਜ਼ੀ ਵਿਚ ਪੁਰਾਣੇ ਕਿਸੇ ਰਿਕਾਰਡ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ ਜੋ ਅਗਸਤ 2003 ਵਿਚ ਪ੍ਰਵਾਨ ਹੋ ਗਈ ਅਤੇ ਇੰਮੀਗ੍ਰੇਸ਼ਨ ਜੱਜ ਨੇ ਜਸਵਿੰਦਰ ਸਿੰਘ ਲਈ ਗਰੀਨ ਕਾਰਡ ਦਾ ਰਾਹ ਪੱਧਰਾ ਕਰ ਦਿੱਤਾ।

ਤਕਰੀਬਨ ਇਕ ਦਹਾਕੇ ਬਾਅਦ ਸਾਲ 2013 ਵਿਚ ਜਸਵਿੰਦਰ ਸਿੰਘ ਨੇ ਯੂ.ਐਸ. ਸਿਟੀਜ਼ਨਸ਼ਿਪ ਵਾਸਤੇ ਅਪਲਾਈ ਕਰ ਦਿੱਤਾ ਅਤੇ ਆਪਣੇ ਵੱਲੋਂ ਮੁਹੱਈਆ ਕਰਵਾਈ ਸਾਰੀ ਜਾਣਕਾਰੀ ਦਰੁਸਤ ਹੋਣ ਦੀ ਤਸਦੀਕ ਵੀ ਕੀਤੀ।

ਅਮਰੀਕਾ ਦੇ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੇ 2013 ਵਿਚ ਹੀ ਜਸਵਿੰਦਰ ਸਿੰਘ ਦੀ ਅਰਜ਼ੀ ਪ੍ਰਵਾਨ ਕਰਦਿਆਂ ਮੁਲਕ ਦਾ ਨਾਗਰਿਕ ਬਣਾ ਦਿਤਾ ਪਰ ਅਦਾਲਤ ਵਿਚ ਦਾਇਰ



ਤਾਜ਼ਾ ਅਰਜ਼ੀ ਕਹਿੰਦੀ ਹੈ ਕਿ ਸਭ ਕੁਝ ਗੈਰਕਾਨੂੰਨੀ ਤਰੀਕੇ ਨਾਲ ਹੋਇਆ। ਅਮਰੀਕਾ ਦੇ ਇੰਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਅਧੀਨ ਇਕ ਫ਼ੈਡਰਲ ਅਦਾਲਤ ਕਿਸੇ ਪ੍ਰਵਾਸੀ ਦੀ ਸਿਟੀਜ਼ਨਸ਼ਿਪ ਰੱਦ ਕਰ ਸਕਦੀ ਹੈ ਜੇ ਸਾਬਤ ਹੋ ਜਾਵੇ ਕਿ ਉਸ ਨੇ ਫ਼ਰਜ਼ੀ ਦਸਤਾਵੇਜ਼ ਜਾਂ ਗੁੰਮਰਾਹਕੁਨ ਜਾਣਕਾਰੀ ਦੇ ਆਧਾਰ 'ਤੇ ਨਾਗਰਿਕਤਾ ਹਾਸਲ ਕੀਤੀ। ਹੁਣ ਸਾਰਾ ਦਾਰੋਮਦਾਰ ਅਦਾਲਤੀ ਫ਼ੈਸਲੇ 'ਤੇ ਨਿਰਭਰ ਕਰਦਾ ਹੈ। ਜੇ ਟਰੰਪ ਸਰਕਾਰ ਆਪਣਾ ਦਾਅਵਾ ਸਾਬਤ ਕਰਨ ਵਿਚ ਸਫ਼ਲ ਰਹੀ ਤਾਂ ਜਸਵਿੰਦਰ ਸਿੰਘ ਦੀ ਸਿਟੀਜ਼ਨਸ਼ਿਪ ਰੱਦ ਹੋ ਸਕਦੀ ਹੈ। ਚੇਤੇ ਰਹੇ ਕਿ ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਪਿਛਲੇ ਦਿਨੀਂ ਇਕ ਹੋਰ ਭਾਰਤੀ ਦੀ ਸਿਟੀਜ਼ਨਸ਼ਿਪ ਰੱਦ ਕਰਨ ਦੀ ਪ੍ਰਕਿਰਿਆ ਆਰੰਭ ਦਿਤੀ ਜਿਸ ਵਿਰੁੱਧ ਅਤੀਤ ਵਿਚ ਵੀਜ਼ਾ ਫਰੌਡ ਦੇ ਦੋਸ਼ ਲੱਗੇ ਸਨ।









# ਬਰੈਂਪਟਨ 'ਚ ਭਾਰਤੀ ਰੈਸਟੋਰੈਂਟ 'ਤੇ ਗੋਲੀਬਾਰੀ

## ਗੈਂਗ ਨੇ ਲਈ ਜ਼ਿੰਮੇਵਾਰੀ ਕਿਹਾ 'ਸਾਡੇ ਸਟੂਡੈਂਟਾਂ ਦੀਆਂ ਤਨਖਾਹਾਂ ਨਹੀਂ ਦਿੱਤੀਆਂ'




ਬਰੈਂਪਟਨ: ਕੈਨੇਡਾ ਦੇ ਬਰੈਂਪਟਨ ਵਿੱਚ ਇੱਕ ਭਾਰਤੀ ਰੈਸਟੋਰੈਂਟ ਦੇ ਬਾਹਰ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਮਾਮਲਾ ਚਰਚਾ ਵਿੱਚ ਆ ਗਿਆ ਹੈ। ਜਾਣਕਾਰੀ ਮੁਤਾਬਕ, ਇਹ ਗੋਲੀਬਾਰੀ ਦੀ ਘਟਨਾ ਦਾਲ ਰੋਟੀ ਰੈਸਟੋਰੈਂਟ ਦੇ ਬਾਹਰ ਵਾਪਰੀ, ਜਿਸ ਤੋਂ ਬਾਅਦ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ।

ਇਸ ਘਟਨਾ ਮਗਰੋਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਅਤੇ ਕਥਿਤ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਕੁਝ ਵਿਅਕਤੀਆਂ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਹੈ। ਵਾਇਰਲ ਪੋਸਟ ਵਿੱਚ ਗੈਂਗਸਟਰ ਰੋਹਿਤ ਗੋਦਾਰਾ ਅਤੇ ਗੋਲਡੀ ਬਰਾੜ ਨਾਲ ਜੁੜੇ ਹੋਣ ਦੇ ਦਾਅਵੇ ਵੀ ਕੀਤੇ ਗਏ ਹਨ, ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ। ਪੋਸਟ ਅਨੁਸਾਰ ਬਰੈਂਪਟਨ ਦੇ 10 ਲਾਈਟਬੀਮ ਟੈਰੇਸ ਸਥਿਤ 'ਦਾਲ ਰੋਟੀ' ਰੈਸਟੋਰੈਂਟ ਦੇ ਬਾਹਰ ਹੋਈ ਫਾਇਰਿੰਗ ਦੀ ਜ਼ਿੰਮੇਵਾਰੀ ਰਾਜਾ ਪਹਿਲਵਾਨ ਅਤੇ ਨਿੱਕਾ ਸੰਧੂ ਨਾਮ ਦੇ ਵਿਅਕਤੀਆਂ ਨੇ ਲਈ ਹੈ। ਦੂਜੇ ਪਾਸੇ ਕੈਨੇਡੀਅਨ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਅਜੇ ਤੱਕ ਕਿਸੇ ਗ੍ਰਿਫ਼ਤਾਰੀ ਜਾਂ ਗੈਂਗ ਨਾਲ ਸਿੱਧੇ ਸੰਬੰਧ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ।

ਵਾਇਰਲ ਪੋਸਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰੈਸਟੋਰੈਂਟ ਮਾਲਕ ਵੱਲੋਂ ਉੱਥੇ ਕੰਮ ਕਰਨ ਵਾਲੇ ਕੁਝ ਭਾਰਤੀ ਵਿਦਿਆਰਥੀਆਂ ਦੀ ਤਨਖਾਹ ਨਹੀਂ ਦਿੱਤੀ ਗਈ ਸੀ। ਪੋਸਟ ਮੁਤਾਬਕ ਪਹਿਲਾਂ ਇਹ ਮਾਮਲਾ ਗੱਲਬਾਤ ਰਾਹੀਂ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਨਤੀਜਾ ਨਾ ਨਿਕਲਣ 'ਤੇ ਇਹ ਕਾਰਵਾਈ ਚੇਤਾਵਨੀ ਵਜੋਂ ਕੀਤੀ ਗਈ। ਨਾਲ ਹੀ ਅੱਗੇ ਧਮਕੀ ਦਿੱਤੀ ਗਈ ਕਿ ਜੇ ਤਨਖਾਹ ਦਾ ਮਾਮਲਾ ਨਾ ਸੁਲਝਿਆ ਤਾਂ ਅਗਲਾ ਨਿਸ਼ਾਨਾ ਰੈਸਟੋਰੈਂਟ ਮਾਲਕ ਦਾ ਘਰ ਹੋ ਸਕਦਾ ਹੈ। ਪੋਸਟ ਵਿੱਚ ਕੁਝ ਲੋਕਾਂ ਨੂੰ ਇਹ ਵੀ ਚੇਤਾਵਨੀ ਦਿੱਤੀ ਗਈ ਜੋ ਕਥਿਤ ਤੌਰ 'ਤੇ ਫਿਰੌਤੀ ਨਾਲ ਜੁੜੀਆਂ ਕਾਲਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਇਸ ਦੇ ਨਾਲ ਗੈਂਗਸਟਰ ਰੋਹਿਤ ਗੋਦਾਰਾ ਦਾ ਵੀ ਜ਼ਿਕਰ ਕੀਤਾ ਗਿਆ ਅਤੇ ਉਸ ਨਾਲ ਨੇੜਲੇ ਸੰਬੰਧ ਹੋਣ ਦਾ ਦਾਅਵਾ ਕੀਤਾ ਗਿਆ। ਫਿਲਹਾਲ, ਇਹ ਸਾਰੇ ਦਾਅਵੇ ਸੋਸ਼ਲ ਮੀਡੀਆ ਪੋਸਟਾਂ ਤੱਕ ਸੀਮਿਤ ਹਨ ਅਤੇ ਕੈਨੇਡਾ ਦੀਆਂ ਜਾਂਚ ਏਜੰਸੀਆਂ ਘਟਨਾ, ਵਾਇਰਲ ਦਾਵਿਆਂ ਅਤੇ ਸੰਭਾਵਿਤ ਮਕਸਦ ਦੀ ਜਾਂਚ ਕਰ ਰਹੀਆਂ ਹਨ।

# 45 ਸਕਿੰਟਾਂ 'ਚ ਦੋ ਵਾਰ ਲੱਗੇ ਜ਼ਬਰਦਸਤ ਭੂਚਾਲ ਦੇ ਝਟਕੇ

## ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ



ਵੇਨੇਜ਼ੁਏਲਾ ਵਿੱਚ ਬੁੱਧਵਾਰ (24 ਜੂਨ) ਸ਼ਾਮ ਲਗਭਗ 45 ਸਕਿੰਟਾਂ ਦੇ ਅੰਦਰ ਦੋ ਤਾਕਤਵਰ ਭੂਚਾਲ ਆਉਣ ਕਾਰਨ ਕਈ ਇਲਾਕਿਆਂ ਵਿੱਚ ਦਹਿਸ਼ਤ ਫੈਲ ਗਈ। ਅਮਰੀਕੀ ਭੂ-ਵਿਗਿਆਨ ਸਰਵੇ ਮੁਤਾਬਕ ਪਹਿਲਾ ਭੂਚਾਲ 7.1 ਤੀਬਰਤਾ ਦਾ ਸੀ, ਜਦਕਿ ਕੁਝ ਹੀ ਸਕਿੰਟਾਂ ਬਾਅਦ 7.5 ਤੀਬਰਤਾ ਦਾ ਦੂਜਾ ਝਟਕਾ ਮਹਿਸੂਸ ਕੀਤਾ ਗਿਆ। ਇਨ੍ਹਾਂ ਤਾਕਤਵਰ ਭੂਚਾਲਾਂ ਤੋਂ ਬਾਅਦ ਵੱਡੇ ਨੁਕਸਾਨ ਦੀ ਸੰਭਾਵਨਾ ਜਤਾਈ ਗਈ ਹੈ।

ਭੂਚਾਲ ਦਾ ਸਭ ਤੋਂ ਵੱਧ ਅਸਰ ਦੇਸ਼ ਦੀ ਰਾਜਧਾਨੀ ਕਾਰਾਕਾਸ ਵਿੱਚ ਵੇਖਿਆ ਗਿਆ। ਜਿਵੇਂ ਹੀ ਧਰਤੀ ਕੰਬਣੀ ਸ਼ੁਰੂ ਹੋਈ, ਲੋਕ ਘਬਰਾਹਟ ਵਿੱਚ ਆਪਣੇ ਘਰਾਂ ਅਤੇ ਇਮਾਰਤਾਂ ਤੋਂ ਬਾਹਰ ਨਿਕਲ ਆਏ। ਕਈ ਇਲਾਕਿਆਂ ਵਿੱਚ ਹੜਕੰਪ ਮਚ ਗਿਆ ਅਤੇ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਇਮਾਰਤਾਂ ਡਿੱਗਣ ਦੀਆਂ ਖਬਰਾਂ ਸਾਹਮਣੇ ਆਈਆਂ।

ਜਿੱਥੇ ਆਮ ਦਿਨਾਂ ਵਿੱਚ ਭੀੜ-ਭਾੜ ਅਤੇ ਰੌਣਕ ਰਹਿੰਦੀ ਸੀ, ਉੱਥੇ ਭੂਚਾਲ ਤੋਂ ਬਾਅਦ ਤਬਾਹੀ ਦਾ ਮੰਜ਼ਰ ਦੇਖਣ ਨੂੰ ਮਿਲਿਆ। ਕਈ ਥਾਵਾਂ 'ਤੇ ਇਮਾਰਤਾਂ ਮਲਬੇ ਵਿੱਚ ਤਬਦੀਲ ਹੋ ਗਈਆਂ। ਹਾਲਾਂਕਿ ਅਜੇ ਤੱਕ ਜ਼ਖਮੀਆਂ ਜਾ ਹੋਰ ਨੁਕਸਾਨ ਬਾਰੇ ਅਧਿਕਾਰਿਤ ਅੰਕੜੇ ਜਾਰੀ ਨਹੀਂ ਕੀਤੇ ਗਏ, ਪਰ ਵੱਡੇ ਜਾਨੀ ਨੁਕਸਾਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਗ੍ਰਹਿ ਮੰਤਰੀ ਡਿਓਸਡਾਡੋ ਕੈਬੇਲੋ ਨੇ ਦੱਸਿਆ ਕਿ ਭੂਚਾਲ ਦੇ ਝਟਕੇ ਕਈ ਸੂਬਿਆਂ ਵਿੱਚ ਮਹਿਸੂਸ ਕੀਤੇ ਗਏ। ਉਨ੍ਹਾਂ ਨੇ ਕਿਹਾ ਕਿ ਕਾਰਾਕਾਸ ਦੇ ਅਲਤਾਮਿਰਾ ਇਲਾਕੇ ਵਿੱਚ ਘਰਾਂ ਅਤੇ ਇਮਾਰਤਾਂ ਦੇ ਨੁਕਸਾਨ ਕਾਰਨ ਹਾਲਾਤ ਚਿੰਤਾਜਨਕ ਹਨ। ਉਨ੍ਹਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਅਪੀਲ ਕੀਤੀ, ਕਿਉਂਕਿ ਬਾਅਦ ਦੇ ਝਟਕੇ ਹੋਰ ਨੁਕਸਾਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਲਗਾਤਾਰ ਕੰਮ ਕਰ ਰਹੀ ਹੈ। ਭੂ-ਵਿਗਿਆਨ ਸਰਵੇ ਅਨੁਸਾਰ ਪਹਿਲੇ ਭੂਚਾਲ ਦਾ ਕੇਂਦਰ ਕੈਰੇਬੀਆਈ ਤਟ 'ਤੇ ਸਥਿਤ ਮੋਰੋਨ ਬਸਤੀ ਦੇ ਪੱਛਮ ਵੱਲ ਸੀ ਅਤੇ ਇਸ ਦੀ ਗਹਿਰਾਈ 13 ਕਿਲੋਮੀਟਰ ਦਰਜ ਕੀਤੀ ਗਈ। ਦੂਜੇ ਭੂਚਾਲ ਦਾ ਕੇਂਦਰ ਮੋਰੋਨ ਤੋਂ ਦੱਖਣ-ਪੱਛਮ ਵੱਲ ਸੀ ਅਤੇ ਇਸ ਦੀ ਗਹਿਰਾਈ 10 ਕਿਲੋਮੀਟਰ ਦੱਸੀ ਗਈ। ਇਹ ਭੂਚਾਲ ਪਿਛਲੀ ਇੱਕ ਸਦੀ ਦੇ ਸਭ ਤੋਂ ਤਾਕਤਵਰ ਭੂਚਾਲਾਂ ਵਿੱਚੋਂ ਇੱਕ ਦੱਸਿਆ ਜਾ ਰਿਹਾ ਹੈ। ਭੂਚਾਲ ਤੋਂ ਬਾਅਦ ਕਾਰਾਕਾਸ ਦੇ ਚਾਕਾਓ ਨਗਰ ਖੇਤਰ ਵਿੱਚ ਚਾਰ ਇਮਾਰਤਾਂ ਡਿੱਗਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸ ਤੋਂ ਇਲਾਵਾ ਗੁਆਇਰਾ ਵਿੱਚ ਸਥਿਤ ਹੋਟਲ ਐਡੂਆਰਡ ਦੀ ਇਮਾਰਤ ਵੀ ਪੂਰੀ ਤਰ੍ਹਾਂ ਢਹਿ ਗਈ। ਤਬਾਹੀ ਤੋਂ ਬਾਅਦ ਦੇਸ਼ ਦੀ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੋਡਰੀਗੇਜ਼ ਵੱਲੋਂ ਦੇਸ਼ ਨੂੰ ਸੰਬੋਧਨ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਗਈ।

# ਵਕੀਲ ਦੇ ਝੂਠੇ ਦਸਤਾਵੇਜ਼ਾਂ ਨੇ ਡਿਪੋਰਟ ਕਰਵਾਏ 32 ਭਾਰਤੀ !



ਵਾਸ਼ਿੰਗਟਨ : ਅਮਰੀਕਾ ਵਿਚੋਂ 32 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰ ਦਿਤਾ ਗਿਆ ਜਿਨ੍ਹਾਂ ਦਾ ਇੰਮੀਗ੍ਰੇਸ਼ਨ ਵਕੀਲ ਝੂਠੇ ਅਸਾਇਮ ਦਾਅਵੇ ਦਾਖ਼ਲ ਕਰਨ ਦੇ ਮਾਮਲੇ ਵਿਚ ਘਿਰ ਗਿਆ ਅਤੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਵਿਨੋਦ ਡੋਡਾਮਣੀ ਨੂੰ ਢਾਈ ਲੱਖ ਡਾਲਰ ਜੁਰਮਾਨਾ ਲਾਉਣ ਦੀ ਅਪੀਲ ਦਾਇਰ ਕੀਤੀ ਗਈ ਹੈ। ਵਿਨੋਦ ਦਾ ਡੀ.ਐਚ.ਐਸ. ਮੁਤਾਬਕ ਭਾਰਤੀ ਮੂਲ ਦੇ ਵਕੀਲ ਨੇ 64 ਫ਼ਰਜ਼ੀ ਦਸਤਾਵੇਜ਼ ਆਪਣੇ ਕਲਾਈਂਟਸ ਵੱਲੋਂ ਦਾਖ਼ਲ ਕੀਤੇ ਅਤੇ ਇਹ ਹਰਕਤ ਅਮਰੀਕਾ ਦੀ ਸੁਰੱਖਿਆ ਵਾਸਤੇ ਵੱਡਾ ਖ਼ਤਰਾ ਪੈਦਾ ਕਰਦੀ ਹੈ। ਟਰੰਪ ਸਰਕਾਰ ਨੇ ਕਿਹਾ ਕਿ ਲੰਮੇ ਸਮੇਂ ਤੋਂ ਗੈਰ-ਇਖਲਾਕੀ ਹਰਕਤਾਂ ਕਰਨ ਵਾਲੇ ਇੰਮੀਗ੍ਰੇਸ਼ਨ ਵਕੀਲਾਂ ਨੂੰ ਜਵਾਬਦੇਹ ਨਹੀਂ ਬਣਾਇਆ ਗਿਆ ਪਰ ਹੁਣ ਇਹ ਸਭ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

### ਟਰੰਪ ਸਰਕਾਰ ਮੰਗ ਰਹੀ 2 ਲੱਖ 55 ਹਜ਼ਾਰ ਡਾਲਰ ਜੁਰਮਾਨਾ

ਹੋਰਨਾਂ ਇੰਮੀਗ੍ਰੇਸ਼ਨ ਵਕੀਲਾਂ ਨੂੰ ਸਬਕ ਸਿਖਾਉਣ ਵਾਸਤੇ ਲਾਜ਼ਮੀ ਹੈ ਕਿ ਵੱਧ ਤੋਂ ਵੱਧ ਜੁਰਮਾਨਾ ਵਿਨੋਦ ਡੋਡਾਮਣੀ ਨੂੰ ਲਾਇਆ ਜਾਵੇ। ਟਰੰਪ ਸਰਕਾਰ ਮੁਤਾਬਕ ਵਿਨੋਦ ਵਿਰੁੱਧ ਪੰਜ ਨੋਟਿਸ ਜਾਰੀ ਕੀਤੇ ਗਏ ਜਿਨ੍ਹਾਂ ਦੇ ਆਧਾਰ 'ਤੇ 2 ਲੱਖ 55 ਹਜ਼ਾਰ 232 ਡਾਲਰ ਜੁਰਮਾਨਾ ਹੋ ਸਕਦਾ ਹੈ। ਦੱਸ ਦੇਈਏ ਕਿ ਫ਼ਰਜ਼ੀ ਐਚ-1ਬੀ ਵੀਜ਼ੇ ਦਾਖ਼ਲ ਕਰਨ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਕਾਰੋਬਾਰੀ ਦੀ ਯੂ.ਐਸ. ਸਿਟੀਜ਼ਨਸ਼ਿਪ ਰੱਦ ਕੀਤੀ ਜਾ ਰਹੀ ਹੈ ਪਰ ਵਿਨੋਦ ਦੇ ਮਾਮਲੇ ਵਿਚ ਸਿਟੀਜ਼ਨਸ਼ਿਪ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

### ਜਰਮਨ ਸਿਟੀਜ਼ਨ ਦੱਸਿਆ ਜਾ ਰਿਹਾ ਹੈ ਵਿਨੋਦ ਡੋਡਾਮਣੀ

ਇਕ ਹੋਰ ਮੀਡੀਆ ਰਿਪੋਰਟ ਮੁਤਾਬਕ ਵਿਨੋਦ ਜਰਮਨ ਸਿਟੀਜ਼ਨ ਹੈ ਅਤੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਇੰਮੀਗ੍ਰੇਸ਼ਨ ਦਫ਼ਤਰ ਖੋਲ੍ਹੇ ਹੋਏ ਹਨ। ਡਿਪੋਰਟ ਕੀਤੇ ਭਾਰਤੀ ਨਾਗਰਿਕਾਂ ਵਿਚੋਂ ਘੱਟ ਘੱਟ 6 ਪੰਜਾਬੀ ਦੱਸੇ ਜਾ ਰਹੇ ਹਨ ਜੋ ਆਪਣੇ ਪਰਵਾਰ ਸਿਰ ਲੱਖਾਂ ਰੁਪਏ ਦਾ ਕਰਜ਼ਾ ਚਾੜ੍ਹ ਕੇ ਅਮਰੀਕਾ ਪੁੱਜੇ ਅਤੇ ਬੇਰੰਗ ਚਿੱਠੀ ਵਾਂਗ ਵਾਪਸ ਭੇਜ ਦਿਤੇ ਗਏ।

# ਨਿਊਯਾਰਕ 'ਚ ਪਠਾਨਕੋਟ ਦੇ ਨੌਜਵਾਨ ਨੂੰ ਸ਼ਰਧਾਂਜਲੀ ਹੁਣ ਉਸ ਦੇ ਨਾਮ 'ਤੇ ਬਣੇਗਾ 'Romanch's Law'





ਨਿਊਯਾਰਕ: ਅਮਰੀਕਾ ਦੇ ਨਿਊਯਾਰਕ ਸ਼ਹਿਰ ਦੇ ਸੈਂਟਰਲ ਪਾਰਕ ਵਿੱਚ ਹੋਏ ਦਰਦਨਾਕ ਹਾਦਸੇ ਵਿੱਚ ਜਾਨ ਗੁਆ ਬੈਠੇ ਪਠਾਨਕੋਟ ਦੇ 18 ਸਾਲਾ ਰੋਮਾਂਚ ਮਹਾਜਨ ਦੀ ਯਾਦ ਵਿੱਚ ਇੱਕ ਵੱਡਾ ਐਲਾਨ ਕੀਤਾ ਗਿਆ ਹੈ। ਨਿਊਯਾਰਕ ਵਿੱਚ ਘੋੜਿਆਂ ਨਾਲ ਚੱਲਣ ਵਾਲੀਆਂ ਗੱਡੀਆਂ ਨੂੰ ਹੌਲੀ-ਹੌਲੀ ਬੰਦ ਕਰਨ ਲਈ ਪਹਿਲਾਂ ਤੋਂ ਪ੍ਰਸਤਾਵਿਤ ਬਿੱਲ "Ryder's Law" ਨੂੰ ਹੁਣ "Romanch's Law" ਨਾਮ ਦਿੱਤਾ ਜਾਵੇਗਾ।

ਇਸ ਬਾਰੇ ਐਲਾਨ ਨਿਊਯਾਰਕ ਸਿਟੀ ਕੌਂਸਲ ਮੈਂਬਰ ਕ੍ਰਿਸਟੋਫਰ ਮਾਰਟੇ ਨੇ ਸੈਂਟਰਲ ਪਾਰਕ ਵਿੱਚ ਰੋਮਾਂਚ ਦੀ ਯਾਦ ਵਿੱਚ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਦੌਰਾਨ ਕੀਤਾ। ਇਹ ਬਿੱਲ ਪਹਿਲਾਂ 2022 ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਮੁੜ ਵਿਚਾਰ ਲਈ ਅੱਗੇ ਲਿਆਂਦਾ ਗਿਆ ਹੈ। ਸ਼ਰਧਾਂਜਲੀ ਸਮਾਗਮ ਦੌਰਾਨ ਮਾਰਟੇ ਨੇ ਕਿਹਾ ਕਿ ਪਿਛਲੇ ਹਫ਼ਤੇ ਵਾਪਰੀ ਘਟਨਾ ਨੇ ਇੱਕ ਵਾਰ ਫਿਰ ਇਸ ਮਸਲੇ ਨੂੰ ਕੇਂਦਰ ਵਿੱਚ ਲਿਆ ਦਿੱਤਾ ਹੈ। ਇਸ ਮੌਕੇ ਮਹਾਜਨ ਪਰਿਵਾਰ ਵੱਲੋਂ ਭੇਜਿਆ ਗਿਆ ਇੱਕ ਪੱਤਰ ਵੀ ਪੜ੍ਹਿਆ ਗਿਆ, ਜਿਸ ਵਿੱਚ ਘੋੜਾ-ਗੱਡੀ ਸਵਾਰੀਆਂ 'ਤੇ ਤੁਰੰਤ ਰੋਕ ਦੀ ਮੰਗ ਕੀਤੀ ਗਈ।

ਇਸ ਘਟਨਾ ਤੋਂ ਬਾਅਦ ਨਿਊਯਾਰਕ ਦੀ ਸਿਆਸਤ ਵਿੱਚ ਵੀ ਚਰਚਾ ਤੇਜ਼ ਹੋ ਗਈ ਹੈ। ਨਿਊਯਾਰਕ ਸਟੇਟ ਸੀਨੇਟਰ ਐਰਿਕ ਬਾਊਚਰ ਨੇ ਇਸ ਮਾਮਲੇ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਰੋਮਾਂਚ ਨਾਲ ਜੋ ਵਾਪਰਿਆ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਰੋਮਾਂਚ ਨੇ ਆਪਣੀ ਮਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਬੇਕਾਬੂ ਹੋਈ ਘੋੜਾ-ਗੱਡੀ ਤੋਂ ਛਾਲ ਮਾਰੀ ਅਤੇ ਆਪਣੀ ਜਾਨ ਗਵਾ ਬੈਠਾ।

ਸੀਨੇਟਰ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਪਹਿਲਾਂ ਵੀ ਚਿਤਾਵਨੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਅਤੇ ਹੁਣ ਸਿਰਫ਼ ਚਰਚਾ ਨਹੀਂ, ਸਗੋਂ ਕਾਰਵਾਈ ਦੀ ਲੋੜ ਹੈ। ਉਨ੍ਹਾਂ ਸਿਟੀ ਕੌਂਸਲ ਨੂੰ ਅਪੀਲ ਕੀਤੀ ਕਿ ਬਿੱਲ ਨੂੰ ਅੱਗੇ ਵਧਾ ਕੇ ਇਸ 'ਤੇ ਫੈਸਲਾ ਕੀਤਾ ਜਾਵੇ। ਇਹ ਬਿੱਲ ਪਹਿਲਾਂ "Ryder" ਨਾਂ ਦੇ ਇੱਕ ਘੋੜੇ ਦੀ ਯਾਦ ਵਿੱਚ ਜਾਣਿਆ ਜਾਂਦਾ ਸੀ, ਜਿਸ ਦੀ 2022 ਵਿੱਚ ਮੈਨਹੈਟਨ ਵਿੱਚ ਗੱਡੀ ਖਿੱਚਣ ਦੌਰਾਨ ਮੌਤ ਹੋ ਗਈ ਸੀ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਨਵੇਂ ਲਾਇਸੈਂਸ ਜਾਰੀ ਹੋਣ ਬੰਦ ਹੋ ਜਾਣਗੇ ਅਤੇ 1 ਜੂਨ 2028 ਤੋਂ ਘੋੜਾ-ਗੱਡੀਆਂ ਦੇ ਸੰਚਾਲਨ ਨੂੰ ਪੜਾਅਵਾਰ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਇਸੇ ਦੌਰਾਨ ਰੋਮਾਂਚ ਦੇ ਪਰਿਵਾਰ ਨੇ ਉਸਦੇ ਆਖ਼ਰੀ ਸਫ਼ਰ ਦੀ ਇੱਕ ਭਾਵੁਕ ਵੀਡੀਓ ਵੀ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਅਮਰੀਕਾ ਦੀ ਯਾਤਰਾ ਅਤੇ ਵੱਖ-ਵੱਖ ਥਾਵਾਂ 'ਤੇ ਘੁੰਮਦਾ ਨਜ਼ਰ ਆ ਰਿਹਾ ਹੈ।

# ਕੈਨੇਡਾ ਨੇ ਅਚਾਨਕ ਖੋਲ੍ਹੀਆਂ ਪੁਰਾਣੀਆਂ ਸਿਟੀਜਨਸ਼ਿਪ ਫਾਈਲਾਂ

## ਸਰਕਾਰ ਮੁੜ ਕਿਉਂ ਮੰਗ ਰਹੀ ਸਬੂਤ?



ਟੋਰਾਂਟੋ: ਕੈਨੇਡਾ ਸਰਕਾਰ ਨੇ ਮਾਪਿਆਂ ਤੋਂ ਮਿਲੀ ਨਾਗਰਿਕਤਾ (Citizenship by Descent) ਨਾਲ ਜੁੜੀਆਂ ਅਰਜ਼ੀਆਂ 'ਤੇ ਫਿਲਹਾਲ ਫੈਸਲੇ ਲੈਣ ਦੀ ਪ੍ਰਕਿਰਿਆ ਰੋਕ ਦਿੱਤੀ ਹੈ ਅਤੇ ਪਹਿਲਾਂ ਹੀ ਜਾਰੀ ਕੀਤੇ ਗਏ ਕੁਝ ਕੈਨੇਡੀਅਨ ਨਾਗਰਿਕਤਾ ਸਰਟੀਫਿਕੇਟਾਂ ਦੀ ਵੀ ਮੁੜ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਇਹ ਜਾਣਕਾਰੀ ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ 23 ਜੂਨ ਨੂੰ ਦਿੱਤੀ। ਮੰਤਰੀ ਨੇ ਕਿਹਾ ਕਿ ਜਿਨ੍ਹਾਂ ਫਾਈਲਾਂ ਦੀ ਜਾਂਚ ਵਿੱਚ ਸਭ ਕੁਝ ਠੀਕ ਪਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਸਪਸ਼ਟ ਤੌਰ 'ਤੇ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਸਥਿਤੀ ਸੁਰੱਖਿਅਤ ਹੈ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਸਮੀਖਿਆ ਦੌਰਾਨ ਅਰਜ਼ੀਕਾਰਾਂ ਦਾ ਕੈਨੇਡੀਅਨ ਨਾਗਰਿਕ ਹੋਣ ਦਾ ਦਰਜਾ ਪ੍ਰਭਾਵਿਤ ਨਹੀਂ ਹੋਵੇਗਾ ਅਤੇ ਜੋ ਲੋਕ ਕੈਨੇਡਾ ਵਿੱਚ ਹਨ, ਉਹ ਆਪਣਾ ਕੰਮ ਜਾਰੀ ਰੱਖ ਸਕਦੇ ਹਨ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ 13 ਜੂਨ ਨੂੰ ਕੈਨੇਡਾ ਦੇ ਨਾਗਰਿਕਤਾ ਵਿਭਾਗ ਨੇ ਕੁਝ ਲੋਕਾਂ ਨੂੰ ਪੱਤਰ ਭੇਜੇ ਅਤੇ ਕਿਹਾ ਕਿ ਉਨ੍ਹਾਂ ਦੇ ਨਾਗਰਿਕਤਾ ਦਾਅਵੇ ਦੀ ਦੁਬਾਰਾ ਜਾਂਚ ਕੀਤੀ ਜਾ ਰਹੀ ਹੈ, ਹਾਲਾਂਕਿ ਉਨ੍ਹਾਂ ਦੇ ਸਰਟੀਫਿਕੇਟ ਪਹਿਲਾਂ ਹੀ ਮਨਜ਼ੂਰ ਹੋ ਚੁੱਕੇ ਸਨ।

ਪ੍ਰੈਸ ਕਾਨਫਰੰਸ ਦੌਰਾਨ ਮੰਤਰੀ ਤੋਂ ਪੁੱਛਿਆ ਗਿਆ ਕਿ ਕੀ ਇਹ ਸਮੀਖਿਆ ਕਿਸੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ, ਐਡਵਾਂਸ ਐਨਾਲਿਟਿਕਸ ਜਾਂ ਕਿਸੇ ਅਧਿਕਾਰੀ ਦੀ ਗਲਤੀ ਕਾਰਨ ਸ਼ੁਰੂ ਹੋਈ ਹੈ, ਪਰ ਉਨ੍ਹਾਂ ਨੇ ਇਸ ਬਾਰੇ ਸਿੱਧਾ ਜਵਾਬ ਨਹੀਂ ਦਿੱਤਾ। ਉਨ੍ਹਾਂ ਸਿਰਫ਼ ਇਹ ਕਿਹਾ ਕਿ ਜਿਵੇਂ ਹੀ ਉਨ੍ਹਾਂ ਨੂੰ ਗੜਬੜ ਦੀ ਜਾਣਕਾਰੀ ਮਿਲੀ, ਤੁਰੰਤ ਜਾਂਚ ਦੇ ਹੁਕਮ ਦਿੱਤੇ ਗਏ। ਇਸ ਸਮੀਖਿਆ ਤੋਂ ਬਾਅਦ ਸਰਕਾਰ ਨੇ ਨਾਗਰਿਕਤਾ ਲਈ ਲੋੜੀਂਦੇ ਦਸਤਾਵੇਜ਼ਾਂ ਬਾਰੇ ਨਵੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਹੁਣ ਜਿੱਥੇ ਸੰਭਵ ਹੋਵੇ, ਦਸਤਾਵੇਜ਼ ਉਹਨਾਂ ਅਸਲੀ ਸਰਕਾਰੀ ਸਰੋਤਾਂ ਤੋਂ ਹੋਣੇ ਚਾਹੀਦੇ ਹਨ ਜੋ ਇਤਿਹਾਸਕ ਰਿਕਾਰਡ ਸੰਭਾਲਦੇ ਹਨ। ਇਸ ਨਾਲ ਸਬੂਤਾਂ ਦੀ ਮਿਆਰੀ ਜਾਂਚ ਹੋਰ ਸਖ਼ਤ ਹੋ ਗਈ ਹੈ। ਇਸ ਹਫ਼ਤੇ ਤੋਂ ਕੁਝ ਲੋਕਾਂ ਨੂੰ ਮੁੜ ਤਸਦੀਕ ਪੱਤਰ ਭੇਜੇ ਜਾਣੇ ਵੀ ਸ਼ੁਰੂ ਹੋ ਗਏ ਹਨ। ਇਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਉਨ੍ਹਾਂ ਦੀ ਜਾਂਚ ਪੂਰੀ ਹੋ ਚੁੱਕੀ ਹੈ ਅਤੇ ਉਨ੍ਹਾਂ ਕੋਲ ਨਾਗਰਿਕਤਾ ਦੇ ਦਾਅਵੇ ਲਈ ਕਾਫ਼ੀ ਸਬੂਤ ਹਨ।

ਪਿਛੋਕੜ ਵਜੋਂ, 15 ਦਸੰਬਰ 2025 ਤੋਂ ਕੈਨੇਡਾ ਦੇ ਨਾਗਰਿਕਤਾ ਕਾਨੂੰਨ ਵਿੱਚ ਬਦਲਾਅ ਲਾਗੂ ਹੋਏ ਸਨ, ਜਿਨ੍ਹਾਂ ਨਾਲ ਕੈਨੇਡਾ ਤੋਂ ਬਾਹਰ ਜਨਮੇ ਲੋਕਾਂ ਲਈ ਪਹਿਲੀ ਪੀੜ੍ਹੀ ਵਾਲੀ ਸੀਮਾ ਹਟਾ ਦਿੱਤੀ ਗਈ ਸੀ। ਇਸ ਤੋਂ ਬਾਅਦ 2026 ਦੀ ਸ਼ੁਰੂਆਤ ਤੋਂ ਨਾਗਰਿਕਤਾ ਸਰਟੀਫਿਕੇਟ ਲਈ ਅਰਜ਼ੀਆਂ ਵਿੱਚ ਵੱਡਾ ਵਾਧਾ ਹੋਇਆ। ਜੂਨ ਤੱਕ ਲਗਭਗ 82 ਹਜ਼ਾਰ ਅਰਜ਼ੀਆਂ ਲੰਬਿਤ ਹੋ ਚੁੱਕੀਆਂ ਹਨ ਅਤੇ ਨਵੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਮਿਆਦ ਲਗਭਗ 15 ਮਹੀਨੇ ਤੱਕ ਪਹੁੰਚ ਗਈ ਹੈ।

ਕੈਨੇਡੀਅਨ ਨਾਗਰਿਕਤਾ ਸਰਟੀਫਿਕੇਟ ਉਹ ਸਰਕਾਰੀ ਦਸਤਾਵੇਜ਼ ਹੁੰਦਾ ਹੈ ਜੋ ਵੰਸ਼ ਆਧਾਰਿਤ ਕੈਨੇਡੀਅਨ ਨਾਗਰਿਕਤਾ ਨੂੰ ਸਾਬਤ ਕਰਦਾ ਹੈ ਅਤੇ ਕੈਨੇਡੀਅਨ ਪਾਸਪੋਰਟ ਲਈ ਲਾਜ਼ਮੀ ਮੰਨਿਆ ਜਾਂਦਾ ਹੈ।

# ਰਾਘਵ ਚੱਢਾ ਦੀ ਪਹਿਲੀ ਪੰਜਾਬ ਫੇਰੀ, ਪੰਜਾਬ 'ਚ ਹੋਣ ਵਾਲਾ ਹੈ ਕੁਝ ਵੱਡਾ?



ਆਮ ਆਦਮੀ ਪਾਰਟੀ (ਆਪ) ਤੋਂ ਤੋੜ-ਵਿਛੋੜਾ ਕਰਨ ਮਗਰੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅੱਜ ਪਹਿਲੀ ਵਾਰ ਪੰਜਾਬ ਪੁੱਜੇ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਪਾਰਟੀ ਦੇ ਸਾਬਕਾ ਤੇ ਮੌਜੂਦਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਅੱਜ ਲੁਧਿਆਣਾ ਵਿੱਚ ਮੀਟਿੰਗ ਕੀਤੀ, ਜਿਸ ਵਿੱਚ ਰਾਜ ਸਭਾ ਮੈਂਬਰ ਰਾਘਵ ਚੱਢਾ ਤੇ ਰਜਿੰਦਰ ਗੁਪਤਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਉੱਚ ਪੱਧਰੀ ਮੀਟਿੰਗ ਵਿੱਚ ਨਬੀਨ ਨੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਰਾਘਵ ਚੱਢਾ ਨੂੰ ਥਾਪੜਾ ਦਿੱਤਾ ਹੈ। ਰਾਜਨੀਤਿਕ ਗਲਿਆਰਿਆਂ ਵਿਚ ਚਰਚਾ ਤੇਜ਼ ਹੈ ਕਿ ਕੀ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਨੂੰ ਘੇਰਨ ਲਈ ਕਿਸੇ ਬਹੁਤ ਵੱਡੇ 'ਆਪਰੇਸ਼ਨ' ਦੀ ਸਕ੍ਰਿਪਟ ਲਿਖੀ ਜਾ ਚੁੱਕੀ ਹੈ? ਕੀ ਪੰਜਾਬ ਵਿਚ ਹੋਣ ਵਾਲਾ ਹੈ ਕੁਝ ਵੱਡਾ?

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਹਾਲ ਹੀ ਵਿਚ ਪੰਜਾਬ ਦਾ ਤਿੰਨ-ਦਿਨੀ ਸੰਘਣਾ ਸੰਗਠਨਾਤਮਕ ਦੌਰਾ ਪੂਰਾ ਕੀਤਾ ਹੈ। ਇਹ ਦੌਰਾ ਮਹਿਜ਼ ਇਕ ਰਸਮੀ ਦੌਰਾ ਨਹੀਂ ਸੀ, ਸਗੋਂ ਇਸਦੇ ਪਿੱਛੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਜ਼ਮੀਨ ਤਿਆਰ ਕਰਨ ਦਾ ਇੱਕ ਵੱਡਾ ਰੋਡਮੈਪ ਲੁਕਿਆ ਹੋਇਆ ਹੈ। ਨਿਤਿਨ ਨਬੀਨ ਨੇ ਅੰਮ੍ਰਿਤਸਰ ਵਿਚ ਸ਼੍ਰੀ ਹਰਿਮੰਦਰ ਸਾਹਿਬ ਗੋਲਡਨ ਟੈਂਪਲ, ਦੁਰਗਿਆਣਾ ਮੰਦਿਰ ਅਤੇ ਵਾਲਮੀਕਿ ਤੀਰਥ ਵਿਚ ਮੱਥਾ ਟੇਕ ਕੇ ਸਾਫ਼ ਕਰ ਦਿੱਤਾ ਕਿ ਭਾਜਪਾ ਪੰਜਾਬ ਦੀ ਧਾਰਮਿਕ ਅਤੇ ਸੱਭਿਆਚਾਰਕ ਅਸਮੀਅਤ ਨਾਲ ਆਪਣੇ ਆਪ ਨੂੰ ਡੂੰਘਾਈ ਨਾਲ ਜੋੜ ਰਹੀ ਹੈ।

ਇਸ ਤੋਂ ਬਾਅਦ ਨਿਤਿਨ ਨਬੀਨ ਨੇ ਉਦਯੋਗਪਤੀਆਂ ਅਤੇ ਬੁੱਧੀਜੀਵੀਆਂ ਨਾਲ ਸੰਵਾਦ ਕੀਤਾ। ਲੁਧਿਆਣਾ ਵਿਚ ਖੇਤਰੀ ਉਦਯੋਗਪਤੀਆਂ ਨਾਲ ਵਿਸ਼ੇਸ਼ ਮੁਲਾਕਾਤ ਅਤੇ ਮਸ਼ਹੂਰ ਖੇਤੀ ਅਰਥਸ਼ਾਸਤਰੀ ਪਦਮ ਭੂਸ਼ਣ ਸਰਦਾਰ ਸਰਦਾਰਾ ਸਿੰਘ ਜੌਹਲ ਨਾਲ ਉਹਨਾਂ ਦੀ ਰਿਹਾਇਸ਼ 'ਤੇ ਮੁਲਾਕਾਤ ਇਸ ਗੱਲ ਦਾ ਸਬੂਤ ਹੈ ਕਿ ਭਾਜਪਾ ਪੰਜਾਬ ਦੇ ਆਰਥਿਕ ਅਤੇ ਕਿਸਾਨ ਸੰਕਟ ਦਾ ਫਾਇਦਾ ਉਠਾਉਣ ਲਈ ਗੰਭੀਰ ਹੈ।

ਭਾਜਪਾ ਆਗੂ ਵਜੋਂ ਰਾਘਵ ਚੱਢਾ ਦੀ ਇਹ ਪਹਿਲੀ ਪੰਜਾਬ ਫੇਰੀ ਹੈ, ਜਿਸ ਕਾਰਨ ਸੱਤਾਧਾਰੀ 'ਆਪ' ਉਨ੍ਹਾਂ ਦੀ ਹਰ ਸਿਆਸੀ ਸਰਗਰਮੀ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਉਹ ਪਹਿਲਾਂ ਵੀ ਖ਼ਦਸ਼ਾ ਜ਼ਾਹਿਰ ਕਰ ਚੁੱਕੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਉਨ੍ਹਾਂ ਨੂੰ ਸਿਆਸੀ ਬਦਲਾਖੋਰੀ ਤਹਿਤ ਨਿਸ਼ਾਨਾ ਬਣਾ ਸਕਦੀ ਹੈ। ਸਾਲ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਇਤਿਹਾਸਕ ਜਿੱਤ ਲਈ ਰਾਘਵ ਚੱਢਾ ਨੇ ਮੁੱਖ ਰਣਨੀਤੀਕਾਰ ਵਜੋਂ ਭੂਮਿਕਾ ਨਿਭਾਈ ਸੀ। ਉਹ ਸਿਆਸੀ ਨਜ਼ਰੀਏ ਤੋਂ ਪੰਜਾਬ ਦੇ ਹਰ ਹਲਕੇ ਅਤੇ ਸਮੀਕਰਨਾਂ ਦੀ ਸਮਝ ਰੱਖਦੇ ਹਨ। ਪਤਾ ਲੱਗਿਆ ਹੈ ਕਿ 'ਆਪ' 'ਚੋਂ ਭਾਜਪਾ 'ਚ ਸ਼ਾਮਲ ਹੋਏ ਰਾਜ ਸਭਾ ਮੈਂਬਰਾਂ ਨੂੰ ਪੰਜਾਬ ਚੋਣਾਂ 'ਚ ਅਹਿਮ ਭੂਮਿਕਾ ਦਿੱਤੀ ਜਾਵੇਗੀ, ਜਿਸ ਤਹਿਤ ਰਾਘਵ ਚੱਢਾ ਅਤੇ ਸੰਦੀਪ ਪਾਠਕ ਅਹਿਮ ਰੋਲ 'ਚ ਨਜ਼ਰ ਆ ਸਕਦੇ ਹਨ।












# ਵਿਰੋਧੀ ਧਿਰਾਂ ਧਰਮ ਦੇ ਨਾਂ 'ਤੇ ਬਦਨਾਮ ਕਰ ਰਹੀਆਂ ਨੇ: CM ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਵਾਦਤ ਵੀਡੀਓ ਦੇ ਮਾਮਲੇ ਵਿੱਚ ਵਿਰੋਧੀ ਧਿਰਾਂ ਦੇ ਹਮਲਿਆਂ ਤੋਂ ਬਾਅਦ ਅੱਜ ਉਨ੍ਹਾਂ ਨੂੰ ਜਵਾਬ ਦਿੱਤਾ ਹੈ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਲੋਕ ਪੱਖੀ ਕੰਮ ਕੀਤੇ ਜਾ ਰਹੇ ਹਨ। ਇਨ੍ਹਾਂ ਕੰਮਾਂ ਦੇ ਆਧਾਰ 'ਤੇ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਉਨ੍ਹਾਂ ਦਾ ਮੁਕਾਬਲਾ ਕਰਨ ਵਿੱਚ ਅਸਮਰੱਥ ਹਨ। ਇਸੇ ਲਈ ਵਿਰੋਧੀ ਧਿਰਾਂ ਵੱਲੋਂ ਇਕਜੁੱਟ ਹੋ ਕੇ ਧਰਮ ਦੇ ਨਾਂ 'ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੇ ਫ਼ਰਜ਼ੀ ਵੀਡੀਓ ਬਣਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਅੰਤਿਮ ਫ਼ੈਸਲਾ ਪੰਜਾਬ ਦੇ ਲੋਕਾਂ 'ਤੇ ਛੱਡਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਹੇ ਸ਼ਖ਼ਸ ਦੀ ਸਰੀਰਕ ਦਿੱਖ, ਕੱਦ, ਚੱਲਣ ਅਤੇ ਵਿਚਰਨ ਦਾ ਤਰੀਕਾ ਕਿਸੇ ਵੀ ਪੱਖੋਂ ਉਨ੍ਹਾਂ ਨਾਲ ਮੇਲ ਨਹੀਂ ਖਾਂਦਾ ਹੈ। ਇਸ ਦੇ ਬਾਵਜੂਦ ਵਿਰੋਧੀ ਧਿਰਾਂ ਵੱਲੋਂ ਉਸ ਨੂੰ ਘੇਰਿਆ ਜਾ ਰਿਹਾ ਹੈ। ਸੂਬਾ ਸਰਕਾਰ ਨੇ ਫੌਰੈਂਸਿਕ ਲੈਬਾਰਟਰੀਆਂ ਰਾਹੀਂ ਵੀਡੀਓ ਦੀ ਜਾਂਚ ਕਰਵਾਈ ਅਤੇ ਸਾਹਮਣੇ ਲਿਆਂਦਾ ਕਿ ਵੀਡੀਓ ਵਿੱਚ ਉਹ ਨਹੀਂ ਹਨ ਪਰ ਹੁਣ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਇਕੱਠੇ ਹੋ ਕੇ ਲੈਬਾਰਟਰੀਆਂ ਦੇ ਮਾਲਕਾਂ ਨੂੰ ਘੇਰ ਰਹੀਆਂ ਹਨ। ਲੈਬਾਰਟਰੀ ਮਾਲਕਾਂ ਨੂੰ ਡਰਾ-ਧਮਕਾ ਕੇ ਕੇਸ ਦਰਜ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਪੂਰੀ ਤਰ੍ਹਾਂ ਫ਼ਰਜ਼ੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀਡੀਓ 'ਤੇ ਵਿਸ਼ਵਾਸ ਨਾ ਕਰਨ। ਵਿਰੋਧੀ ਧਿਰਾਂ ਵੱਲੋਂ ਧਰਮ ਦੇ ਨਾਮ 'ਤੇ ਸਿਆਸਤ ਕਰਕੇ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਤੋਂ ਰੋਕਿਆ ਜਾ ਰਿਹਾ ਹੈ ਪਰ ਅਜਿਹੀਆਂ ਚਾਲਾਂ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਤੋਂ ਨਹੀਂ ਰੋਕ ਸਕਦੀਆਂ। ਰਾਜਨੀਤੀ ਬਹੁਤ ਨੀਵੇਂ ਪੱਧਰ ਤੱਕ ਡਿੱਗ ਗਈ ਹੈ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸਾਹਿਬਾਨ ਦੇ ਬਾਹਰ ਬਾਈਕਾਟ ਕਰਨ ਦੇ ਪੋਸਟਰ ਲਗਾਉਣ ਦੇ ਹੁਕਮ ਵੀ ਦੇ ਦਿੱਤੇ ਹਨ, ਜਦਕਿ ਬੇਅਦਬੀ ਦੇ ਸਬੰਧ ਵਿੱਚ ਅਕਾਲੀ ਦਲ ਜਾਂ ਸੁਖਬੀਰ ਸਿੰਘ ਬਾਦਲ ਵਿਰੁੱਧ ਅਜਿਹੇ ਪੋਸਟਰ ਨਹੀਂ ਲਗਾਏ ਗਏ।

# ਵਾਇਰਲ ਵੀਡੀਓ ਮਾਮਲਾ: 'ਆਪਣਾ ਹੀ ਕਾਨੂੰਨ ਮੁੱਖ ਮੰਤਰੀ 'ਤੇ ਵੀ ਲਾਗੂ ਕਰੇ ਪੰਜਾਬ ਸਰਕਾਰ': ਮਨਜਿੰਦਰ ਸਿੰਘ ਸਿਰਸਾ



ਦਿੱਲੀ ਦੇ ਮੰਤਰੀ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਬੁੱਧਵਾਰ ਨੂੰ ਮੰਗ ਕੀਤੀ ਕਿ ਪੰਜਾਬ ਸਰਕਾਰ ਉਹੀ ਬੇਅਦਬੀ ਵਿਰੋਧੀ ਕਾਨੂੰਨ ਲਾਗੂ ਕਰੇ ਜਿਸ ਦੀ ਉਨ੍ਹਾਂ ਨੇ ਸੂਬੇ ਵਿੱਚ ਵਕਾਲਤ ਕੀਤੀ ਸੀ ਅਤੇ ਸਵਾਲ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਚੱਲ ਰਹੇ ਵਿਵਾਦ ਦੇ ਬਾਵਜੂਦ ਕਾਰਵਾਈ ਦਾ ਸਾਹਮਣਾ ਕਿਉਂ ਨਹੀਂ ਕਰ ਰਹੇ ਹਨ। ਮੀਡੀਆ ਨੂੰ ਸੰਬੋਧਨ ਕਰਦਿਆਂ ਸਿਰਸਾ ਨੇ ਕਿਹਾ ਕਿ ਇਹ ਮੁੱਦਾ ਹੁਣ ਪੰਜਾਬ ਪੁਲੀਸ ਲਈ ਇੱਕ "ਲਿਟਮਸ ਟੈਸਟ" (ਅਗਨੀ ਪ੍ਰੀਖਿਆ) ਹੈ, ਅਤੇ ਦੋਸ਼ ਲਾਇਆ ਕਿ ਸੱਤਾਧਾਰੀ 'ਆਪ' ਸਰਕਾਰ ਸਿੱਖ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲਿਆਂ 'ਤੇ ਖੁਦ ਦੁਆਰਾ ਨਿਰਧਾਰਿਤ ਕੀਤੇ ਗਏ ਮਿਆਰਾਂ ਦੀ ਪਾਲਣਾ ਨਹੀਂ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬੇਅਦਬੀ ਦੀਆਂ ਕਥਿਤ ਘਟਨਾਵਾਂ ਨਾਲ ਨਜਿੱਠਣ ਲਈ 'ਆਪ' ਵੱਲੋਂ ਲਿਆਂਦੇ ਗਏ ਉਸੇ ਕਾਨੂੰਨ ਤਹਿਤ, ਵਿਅਕਤੀ ਦਾ ਅਹੁਦਾ ਕੋਈ ਵੀ ਹੋਵੇ, ਇੱਕਸਾਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਿਰਸਾ ਨੇ ਸਵਾਲ ਕੀਤਾ, "ਕਾਨੂੰਨ ਹਰ ਕਿਸੇ ਲਈ ਬਰਾਬਰ ਹੈ। ਪੰਜਾਬ ਵਿੱਚ ਬੇਅਦਬੀ ਵਿਰੁੱਧ ਜੋ ਕਾਨੂੰਨ ਲਿਆਂਦਾ ਗਿਆ ਸੀ, ਉਹੀ ਭਗਵੰਤ ਮਾਨ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ," ਅਤੇ ਪੁੱਛਿਆ ਕਿ ਮੁੱਖ ਮੰਤਰੀ ਵਿਰੁੱਧ ਕੋਈ ਕੇਸ ਦਰਜ ਕਿਉਂ ਨਹੀਂ ਕੀਤਾ ਗਿਆ ਹੈ। ਭਾਜਪਾ ਆਗੂ ਨੇ ਅੱਗੇ ਦੋਸ਼ ਲਾਇਆ ਕਿ 'ਆਪ' ਆਗੂਆਂ ਨੇ ਵਾਰ-ਵਾਰ ਅਕਾਲ ਤਖ਼ਤ ਸਮੇਤ ਸਿੱਖ ਸੰਸਥਾਵਾਂ ਨੂੰ ਚੁਣੌਤੀ ਦਿੱਤੀ ਹੈ ਅਤੇ ਕਿਹਾ ਕਿ ਜਿਹੜੇ ਲੋਕ ਪਹਿਲਾਂ ਸਿੱਖ ਧਾਰਮਿਕ ਭਾਵਨਾਵਾਂ ਨਾਲ ਜੁੜੇ ਮੁੱਦਿਆਂ 'ਤੇ ਜ਼ੋਰਦਾਰ ਬੋਲਦੇ ਸਨ, ਉਹ ਹੁਣ ਚੁੱਪ ਹਨ। ਉਨ੍ਹਾਂ ਨੇ ਇਸ ਮਾਮਲੇ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਗੁਰੂਗ੍ਰਾਮ ਪੁਲੀਸ ਦੀ ਸ਼ਲਾਘਾ ਵੀ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਪੱਖਤਾ ਨਾਲ ਕੰਮ ਕਰਨ ਦੀ ਅਪੀਲ ਕੀਤੀ। 'ਆਪ' ਅਤੇ ਪੰਜਾਬ ਸਰਕਾਰ ਨੇ ਅਜੇ ਤੱਕ ਸਿਰਸਾ ਦੇ ਦੋਸ਼ਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

# ਵਾਇਰਲ ਵੀਡੀਓ ਵਿਵਾਦ: ਸੁਖਬੀਰ ਬਾਦਲ ਨੇ ਕੇਸ ਦਰਜ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਦਾ ਧੰਨਵਾਦ ਕੀਤਾ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਜੁੜੀ ਇੱਕ ਕਥਿਤ ਵਾਇਰਲ 'ਬੇਅਦਬੀ' ਵੀਡੀਓ ਦੇ ਸਬੰਧ ਵਿੱਚ ਇੱਕ ਫੋਰੈਂਸਿਕ ਮਾਹਰ ਦੀ ਸ਼ਿਕਾਇਤ ਤੋਂ ਬਾਅਦ ਗੁਰੂਗ੍ਰਾਮ ਪੁਲੀਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਇੱਕ ਦਿਨ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫੋਰੈਂਸਿਕ ਰਿਪੋਰਟ ਨੂੰ ਆਪਣੇ ਹਿਸਾਬ ਨਾਲ ਬਦਲਣ ਦੀ ਅਸਫਲ ਕੋਸ਼ਿਸ਼ ਕਰਨ ਲਈ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸਥਾਨਕ ਥਾਣੇ ਵਿੱਚ ਕੇਸ ਦਰਜ ਕਰਨ ਲਈ ਧੰਨਵਾਦ ਕਰਦਿਆਂ ਬਾਦਲ ਨੇ ਮੰਗ ਕੀਤੀ ਹੈ ਕਿ ਸੰਗਤ ਸਾਹਮਣੇ ਝੂਠੀਆਂ ਰਿਪੋਰਟਾਂ ਪੇਸ਼ ਕਰਨ ਅਤੇ ਗੰਭੀਰ ਅਪਰਾਧਾਂ ਲਈ ਪੰਜਾਬ ਪੁਲੀਸ ਦੇ ਅਧਿਕਾਰੀਆਂ ਦੀ ਵਰਤੋਂ ਕਰਨ ਦੇ ਦੋਸ਼ ਵਿੱਚ ਮੁੱਖ ਮੰਤਰੀ ਮਾਨ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣੇ ਚਾਹੀਦੇ ਹਨ। ਬਾਦਲ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਉੱਤੇ ਪੰਥ ਵਿਰੋਧੀ ਹੋਣ ਅਤੇ ਬੇਅਦਬੀ ਦਾ ਦੋਸ਼ ਹੈ, ਵੱਲੋਂ ਤਿਆਰ ਕਰਵਾਈਆਂ ਗਈਆਂ ਝੂਠੀਆਂ ਫੋਰੈਂਸਿਕ ਲੈਬ ਰਿਪੋਰਟਾਂ ਦਾ ਸੱਚ ਵੀਡੀਓ ਸਬੂਤਾਂ ਰਾਹੀਂ ਸਾਹਮਣੇ ਆ ਗਿਆ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਦਾਅਵਾ ਕੀਤਾ ਸੀ ਕਿ ਪੁਲੀਸ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਫੋਰੈਂਸਿਕ ਰਿਪੋਰਟ ਤਿਆਰ ਕਰਵਾਉਣ ਲਈ 10 ਲੱਖ ਰੁਪਏ ਦਿੱਤੇ, ਜਿਸ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਥਿਤ ਬੇਅਦਬੀ ਵੀਡੀਓ ਮਾਮਲੇ ਵਿੱਚ ਕਲੀਨ ਚਿੱਟ ਦਿੱਤੀ ਸੀ। ਉਨ੍ਹਾਂ ਨੇ ਇੱਕ ਵੀਡੀਓ ਵੀ ਜਾਰੀ ਕੀਤੀ ਜਿਸ ਵਿੱਚ ਉਨ੍ਹਾਂ ਅਨੁਸਾਰ ਪੁਲੀਸ ਅਧਿਕਾਰੀਆਂ ਅਤੇ ਲੈਬ ਮਾਲਕਾਂ ਵਿਚਕਾਰ ਮੀਟਿੰਗ ਦਿਖਾਈ ਗਈ ਹੈ। ਮਜੀਠੀਆ ਨੇ ਇੱਕ ਵਿਅਕਤੀ ਦੀ ਕਥਿਤ ਵੀਡੀਓ ਕਬੂਲਨਾਮਾ ਵੀ ਜਾਰੀ ਕੀਤਾ ਜਿਸ ਨੇ ਕਥਿਤ ਤੌਰ 'ਤੇ ਮੁੱਖ ਮੰਤਰੀ ਅਤੇ ਪੁਲੀਸ ਅਧਿਕਾਰੀਆਂ ਦੇ ਦਬਾਅ ਹੇਠ ਇਹ ਰਿਪੋਰਟ ਤਿਆਰ ਕੀਤੀ ਸੀ। ਫੁਟੇਜ ਵਿੱਚ ਪੁਲੀਸ ਅਧਿਕਾਰੀ ਨੂੰ ਗੁਰੂਗ੍ਰਾਮ ਦੇ ਇੱਕ ਹੋਟਲ ਵਿੱਚ ਇੱਕ ਫਰਜ਼ੀ ਫੋਰੈਂਸਿਕ ਮਾਹਰ ਨੂੰ ਮਿਲਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਦਨਾਮ ਕਰਨ ਦੇ ਇਰਾਦੇ ਨਾਲ ਬਣਾਈਆਂ ਗਈਆਂ ਜਾਅਲੀ ਰਿਪੋਰਟਾਂ ਦੇ ਬਦਲੇ ਪੈਸਿਆਂ ਦਾ ਲੈਣ-ਦੇਣ ਕਰਦੇ ਦਿਖਾਇਆ ਗਿਆ ਹੈ। ਬਾਅਦ ਵਿੱਚ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਫੇਸਬੁੱਕ 'ਤੇ ਇੱਕ ਪੋਸਟ ਵਿੱਚ ਕਿਹਾ, "ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ"। ਜਥੇਦਾਰ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ। ਇਹ ਸਿਆਸੀ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਮੈਂਬਰੀ ਜਥੇਦਾਰਾਂ ਦੇ ਪੈਨਲ ਨੇ ਇੱਕ ਕਥਿਤ ਬੇਅਦਬੀ ਵੀਡੀਓ 'ਤੇ ਮਾਨ ਨੂੰ "ਗੁਰੂ-ਦੋਖੀ" ਅਤੇ "ਖਾਲਸਾ ਪੰਥ ਵਿਰੋਧੀ" ਐਲਾਨ ਦਿੱਤਾ ਸੀ, ਕਿਉਂਕਿ ਅਕਾਲ ਤਖ਼ਤ ਵੱਲੋਂ ਕਰਵਾਈਆਂ ਗਈਆਂ ਫੋਰੈਂਸਿਕ ਰਿਪੋਰਟਾਂ ਵਿੱਚ ਸਿੱਟਾ ਨਿਕਲਿਆ ਸੀ ਕਿ ਵਾਇਰਲ ਕਲਿੱਪ ਪ੍ਰਮਾਣਿਕ ਸੀ ਅਤੇ ਏਆਈ (AI) ਨਾਲ ਨਹੀਂ ਬਣਾਈ ਗਈ ਸੀ। ਮੁੱਖ ਮੰਤਰੀ ਮਾਨ ਨੇ ਤੁਰੰਤ ਜਵਾਬ ਦਿੰਦਿਆਂ ਕਿਹਾ ਕਿ ਵੀਡੀਓ ਵਿੱਚ ਬੇਅਦਬੀ ਕਰਦਾ ਦਿਖਾਈ ਦੇਣ ਵਾਲਾ ਵਿਅਕਤੀ ਉਹ ਨਹੀਂ ਸਨ। ਜਲਦੀ ਹੀ ਅਕਾਲ ਤਖ਼ਤ ਨੇ ਮੁੱਖ ਮੰਤਰੀ ਮਾਨ ਅਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵਿਚਕਾਰ ਵਿਵਾਦਪੂਰਨ ਵੀਡੀਓ ਬਾਰੇ ਇਨ-ਕੈਮਰਾ ਕਾਰਵਾਈ ਜਾਰੀ ਕੀਤੀ। ਹਾਲਾਂਕਿ, ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ ਹਮਲਾ ਕਰਦਿਆਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਨੇ ਇਹ ਨਹੀਂ ਕਿਹਾ ਸੀ ਕਿ ਵੀਡੀਓ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਰਾਹੀਂ ਤਿਆਰ ਕੀਤੀ ਗਈ ਸੀ, ਸਗੋਂ ਇਹ ਕਿਹਾ ਸੀ ਕਿ ਕਿਸੇ ਬਹੁਰੂਪੀਏ ਨੇ ਮੁੱਖ ਮੰਤਰੀ ਦਾ ਰੋਲ ਅਦਾ ਕੀਤਾ ਹੈ। ਪਾਰਟੀ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਦਾ ਰੋਲ ਕਰਨ ਵਾਲੇ ਵਿਅਕਤੀ ਨੂੰ ਲੱਭਿਆ ਜਾਵੇ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਕੇਵਲ ਢਿੱਲੋਂ ਦੇ ਪੱਤਰ 'ਤੇ ਕੇਂਦਰ ਸਰਕਾਰ ਦਾ ਐਕਸ਼ਨ

## ਪੰਜਾਬ ਦੇ ਕਿਸਾਨਾਂ ਲਈ ਵੱਡਾ ਐਲਾਨ...



ਚੰਡੀਗੜ੍ਹ: ਕੇਂਦਰ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਖਰੀਫ਼ 2026 ਸੀਜ਼ਨ ਲਈ ਪੰਜਾਬ ਵਿੱਚ ਯੂਰੀਆ ਅਤੇ DAP ਖਾਦ ਦੀ ਲੋੜੀਂਦੀ ਮਾਤਰਾ ਉਪਲੱਬਧ ਹੈ। ਇਹ ਜਵਾਬ ਭਾਜਪਾ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ 10 ਜੂਨ 2026 ਨੂੰ ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਨੂੰ ਲਿਖੇ ਪੱਤਰ ਦੇ ਜਵਾਬ ਵਿੱਚ ਆਇਆ ਹੈ। 23 ਜੂਨ 2026 ਨੂੰ ਭਾਰਤ ਸਰਕਾਰ ਦੇ ਰਸਾਇਣ ਅਤੇ ਖਾਦ ਮੰਤਰਾਲੇ ਦੀ ਸੰਯੁਕਤ ਸਕੱਤਰ ਬੰਦਨਾ ਪ੍ਰੇਯਸ਼ੀ, ਆਈ.ਏ.ਐੱਸ. ਨੇ ਢਿੱਲੋਂ ਜੀ ਨੂੰ ਦੱਸਿਆ ਕਿ ਪੰਜਾਬ ਨੂੰ 11,45,000 ਮੀਟ੍ਰਿਕ ਟਨ ਯੂਰੀਆ ਅਤੇ 1,80,000 ਮੀਟ੍ਰਿਕ ਟਨ DAP ਉਪਲਬਧ ਕਰਵਾਈ ਗਈ ਹੈ — ਜੋ ਰਾਜ ਦੀ ਲੋੜ ਤੋਂ ਵੀ ਵੱਧ ਹੈ। ਇਸ ਵੇਲੇ ਰਾਜ ਕੋਲ 4,27,000 ਮੀਟ੍ਰਿਕ ਟਨ ਯੂਰੀਆ ਅਤੇ 98,000 ਮੀਟ੍ਰਿਕ ਟਨ DAP ਦਾ ਕਲੋਜ਼ਿੰਗ ਸਟਾਕ ਮੌਜੂਦ ਹੈ।

ਢਿੱਲੋਂ ਜੀ ਨੇ ਕਿਹਾ "ਮੋਦੀ ਸਰਕਾਰ ਨੇ ਇੱਕ ਵਾਰ ਫਿਰ ਸਾਬਿਤ ਕੀਤਾ ਹੈ ਕਿ ਪੰਜਾਬ ਦਾ ਕਿਸਾਨ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੈ। ਸਾਡੇ ਪੱਤਰ ਦੇ ਕੁਝ ਦਿਨਾਂ ਵਿੱਚ ਹੀ ਕੇਂਦਰ ਨੇ ਸਪੱਸ਼ਟ ਜਵਾਬ ਦਿੱਤਾ। ਢਿੱਲੋਂ ਜੀ ਨੇ ਚੇਤਾਵਨੀ ਦਿੱਤੀ ਕਿ ਖਾਦ (ਕੰਟਰੋਲ) ਆਰਡਰ 1985 ਅਤੇ ਜ਼ਰੂਰੀ ਵਸਤਾਂ ਐਕਟ 1955 ਅਧੀਨ ਜ਼ਖੀਰੇਬਾਜ਼ੀ, ਕਾਲਾਬਜ਼ਾਰੀ ਅਤੇ ਮਹਿੰਗੇ ਭਾਅ ਵੇਚਣ ਵਿਰੁੱਧ ਕਾਰਵਾਈ ਕਰਨਾ ਰਾਜ ਸਰਕਾਰ ਦੀ ਪੂਰੀ ਜ਼ਿੰਮੇਵਾਰੀ ਹੈ। ਜੇ ਕਿਸਾਨਾਂ ਤੱਕ ਖਾਦ ਨਹੀਂ ਪਹੁੰਚਦੀ, ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਭਗਵੰਤ ਮਾਨ ਸਰਕਾਰ ਦੀ ਹੋਵੇਗੀ। ਭਾਜਪਾ ਪੰਜਾਬ ਮੰਗ ਕਰਦੀ ਹੈ ਕਿ ਆਪ ਸਰਕਾਰ ਸਾਰੀਆਂ 117 ਵਿਧਾਨ ਸਭਾ ਹਲਕਿਆਂ ਵਿੱਚ ਖਾਦ ਦੀ ਪਾਰਦਰਸ਼ੀ ਅਤੇ ਸਮੇਂ ਸਿਰ ਵੰਡ ਯਕੀਨੀ ਬਣਾਵੇ।

# ਕੇਂਦਰੀ ਮੰਤਰੀ ਰਵਨੀਤ ਬਿੱਟੂ SC ਕਮਿਸ਼ਨ ਅੱਗੇ ਪੇਸ਼, ਵਾਇਰਲ ਵੀਡੀਓ ਵਿਵਾਦ 'ਚ ਦਿੱਤਾ ਪੱਖ





ਚੰਡੀਗੜ੍ਹ: ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਅੱਜ ਐਸਸੀ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਲਈ ਪਹੁੰਚੇ। ਕਮਿਸ਼ਨ ਵੱਲੋਂ ਉਨ੍ਹਾਂ ਨੂੰ ਤਲਬ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਉਹ ਦੋ ਵਾਰ ਸੁਣਵਾਈ ਵਿੱਚ ਹਾਜ਼ਰ ਨਹੀਂ ਹੋਏ ਸਨ, ਜਿਸ ਤੋਂ ਬਾਅਦ ਕਮਿਸ਼ਨ ਨੇ ਸਖ਼ਤ ਰਵੱਈਆ ਅਪਣਾਇਆ ਸੀ।

ਪਿਛਲੀ ਸੁਣਵਾਈ ਦੌਰਾਨ ਬਿੱਟੂ ਦੀ ਥਾਂ ਉਨ੍ਹਾਂ ਦੇ ਵਕੀਲ ਕਮਿਸ਼ਨ ਅੱਗੇ ਪੇਸ਼ ਹੋਏ ਸਨ ਅਤੇ ਚੇਅਰਮੈਨ ਨਾਲ ਫੋਨ 'ਤੇ ਗੱਲ ਵੀ ਕਰਵਾਈ ਗਈ ਸੀ। ਉਸ ਸਮੇਂ ਕਮਿਸ਼ਨ ਨੇ ਕਿਹਾ ਸੀ ਕਿ ਸੁਣਵਾਈ ਦੀ ਤਾਰੀਖ ਪਹਿਲਾਂ ਹੀ ਉਨ੍ਹਾਂ ਦੀ ਸਹੂਲਤ ਦੇ ਮੁਤਾਬਕ ਤੈਅ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਮਾਮਲੇ ਦੀ ਪੂਰੀ ਜਾਣਕਾਰੀ ਸੀ।

ਇਹ ਮਾਮਲਾ 26 ਮਈ 2026 ਨੂੰ ਪੰਜਾਬ ਨਿਗਮ ਚੋਣਾਂ ਦੇ ਵੋਟਿੰਗ ਦਿਨ ਤੋਂ ਸ਼ੁਰੂ ਹੋਇਆ ਸੀ। ਉਸ ਦਿਨ ਸੰਗਰੂਰ ਦੇ ਧੂਰੀ ਵਿੱਚ ਭਾਜਪਾ ਆਗੂ ਓਂਕਾਰ ਸਿੰਘ ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਉਨ੍ਹਾਂ ਨੂੰ ਛੁਡਵਾਉਣ ਅਤੇ ਧੂਰੀ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਰਵਨੀਤ ਸਿੰਘ ਬਿੱਟੂ ਨੂੰ ਵੀ ਪੁਲਿਸ ਨੇ ਰੋਕ ਲਿਆ ਸੀ।

ਇਸ ਦੌਰਾਨ ਬਿੱਟੂ ਅਤੇ ਸੰਗਰੂਰ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਵਿਚਾਲੇ ਤਿੱਖੀ ਬਹਿਸ ਹੋਈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਬਾਅਦ ਵਿੱਚ ਉਨ੍ਹਾਂ 'ਤੇ ਡਿਊਟੀ ਕਰ ਰਹੇ ਪੁਲਿਸ ਮੁਲਾਜ਼ਮ ਲਈ ਇਤਰਾਜ਼ਯੋਗ ਅਤੇ ਜਾਤੀ ਸੂਚਕ ਸ਼ਬਦ ਵਰਤਣ ਦੇ ਦੋਸ਼ ਲੱਗੇ। ਆਮ ਆਦਮੀ ਪਾਰਟੀ ਨੇ ਇਸ ਘਟਨਾ ਨੂੰ ਗੁੰਡਾਗਰਦੀ ਕਰਾਰ ਦਿੱਤਾ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਐਸਸੀ ਕਮਿਸ਼ਨ ਨੇ ਖੁਦ ਨੋਟਿਸ ਲੈਂਦਿਆਂ ਬਿੱਟੂ ਨੂੰ ਤਲਬ ਕੀਤਾ ਅਤੇ ਸੰਗਰੂਰ ਪੁਲਿਸ ਤੋਂ ਵੀ ਰਿਪੋਰਟ ਮੰਗੀ ਸੀ। ਇਸ ਦੌਰਾਨ ਰਵਨੀਤ ਸਿੰਘ ਬਿੱਟੂ ਨੇ ਆਪਣੇ ਬਿਆਨਾਂ ਲਈ ਜਨਤਕ ਤੌਰ 'ਤੇ ਮਾਫ਼ੀ ਵੀ ਮੰਗ ਲਈ ਸੀ। ਬਿੱਟੂ ਨੂੰ ਪਹਿਲਾਂ 4 ਜੂਨ ਨੂੰ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਉਹ ਨਿੱਜੀ ਕਾਰਨਾਂ ਅਤੇ ਦਿੱਲੀ ਦੀਆਂ ਵਿਅਸਤਤਾਵਾਂ ਕਾਰਨ ਨਹੀਂ ਪਹੁੰਚੇ। ਬਾਅਦ ਵਿੱਚ ਉਨ੍ਹਾਂ ਨੂੰ ਦੁਬਾਰਾ 15 ਜੂਨ ਲਈ ਤਲਬ ਕੀਤਾ ਗਿਆ ਸੀ।

# ਜ਼ਮੀਨ ਨੂੰ ਲੈ ਕੇ ਨੌਜਵਾਨ ਨੇ ਆਪਣੇ ਹੀ ਚਾਚੇ ਦੇ ਪਰਿਵਾਰ ਨੂੰ ਕੀਤਾ ਖ਼ਤਮ

## ਮਾਸੂਮ ਭਰਾ ਵੀ ਨਹੀਂ ਛੱਡਿਆ

ਗੁਰਦਾਸਪੁਰ: ਬਟਾਲਾ ਤੋਂ ਇੱਕ ਬਹੁਤ ਹੀ ਦਰਦਨਾਕ ਅਤੇ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਪਰਿਵਾਰਕ ਜ਼ਮੀਨੀ ਵਿਵਾਦ ਨੇ ਚਾਰ ਜਾਨਾਂ ਲੈ ਲਈਆਂ। ਦੇਰ ਰਾਤ ਹੋਈ ਇਸ ਵਾਰਦਾਤ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਇਹ ਮਾਮਲਾ ਬਟਾਲਾ ਦੇ ਥਾਣਾ ਸੇਖਵਾਂ ਅਧੀਨ ਆਉਂਦੇ ਪਿੰਡ ਮੁੰਡੀ ਕਰਾਲ ਦਾ ਹੈ। ਪੁਲਿਸ ਦੀ ਸ਼ੁਰੂਆਤੀ ਜਾਂਚ ਮੁਤਾਬਕ ਮਨਜੋਤ ਸਿੰਘ ਨਾਂ ਦੇ ਨੌਜਵਾਨ ਦਾ ਆਪਣੇ ਚਾਚੇ ਦੇ ਪਰਿਵਾਰ ਨਾਲ ਪਿਛਲੇ ਕਰੀਬ ਪੰਜ ਸਾਲਾਂ ਤੋਂ ਜ਼ਮੀਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਜਾਣਕਾਰੀ ਇਹ ਵੀ ਸਾਹਮਣੇ ਆਈ ਕਿ ਮਨਜੋਤ ਦੇ ਮਾਤਾ-ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਉਹ ਚਾਚੇ ਦੇ ਪਰਿਵਾਰ ਨਾਲ ਹੀ ਰਹਿੰਦਾ ਸੀ। ਮੰਗਲਵਾਰ ਦੇਰ ਰਾਤ ਘਰ ਵਿੱਚ ਕਿਸੇ ਗੱਲ ਨੂੰ ਲੈ ਕੇ ਤਣਾਅ ਵਧ ਗਿਆ। ਦੋਸ਼ ਹੈ ਕਿ ਗੁੱਸੇ ਵਿੱਚ ਆ ਕੇ ਮਨਜੋਤ ਨੇ ਪਿਸਤੌਲ ਕੱਢੀ ਅਤੇ ਸਭ ਤੋਂ ਪਹਿਲਾਂ ਆਪਣੀ ਚਾਚੀ ਹਰਜੀਤ ਕੌਰ 'ਤੇ ਗੋਲੀ ਚਲਾ ਦਿੱਤੀ। ਗੋਲੀ ਲੱਗਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸ ਤੋਂ ਬਾਅਦ ਉਸ ਨੇ ਆਪਣੇ 12 ਸਾਲ ਦੇ ਚਚੇਰੇ ਭਰਾ ਹਰੀ ਅੰਮ੍ਰਿਤਪਾਲ ਸਿੰਘ ਨੂੰ ਵੀ ਨਿਸ਼ਾਨਾ ਬਣਾਇਆ। ਮਾਸੂਮ ਬੱਚੇ ਨੂੰ ਵੀ ਗੋਲੀ ਮਾਰ ਦਿੱਤੀ ਗਈ। ਗੋਲੀਆਂ ਦੀ ਆਵਾਜ਼ ਸੁਣ ਕੇ ਮਨਜੋਤ ਦਾ ਦੋਸਤ ਪਰਗਟ ਸਿੰਘ ਮੌਕੇ 'ਤੇ ਪਹੁੰਚਿਆ। ਪਰਗਟ ਸਿੰਘ ਭਾਰਤੀ ਫੌਜ ਵਿੱਚ ਜਵਾਨ ਸੀ। ਉਹ ਮਨਜੋਤ ਨੂੰ ਰੋਕਣ ਅਤੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਦੋਸ਼ ਹੈ ਕਿ ਮਨਜੋਤ ਨੇ ਉਸ 'ਤੇ ਵੀ ਗੋਲੀ ਚਲਾ ਦਿੱਤੀ। ਪੁਲਿਸ ਨੂੰ ਉਸ ਦੀ ਲਾਸ਼ ਘਰ ਦੇ ਬਾਹਰ ਝਾੜੀਆਂ ਵਿੱਚੋਂ ਮਿਲੀ। ਤਿੰਨ ਲੋਕਾਂ ਨੂੰ ਗੋਲੀ ਮਾਰਨ ਤੋਂ ਬਾਅਦ ਮਨਜੋਤ ਘਰ ਦੇ ਅੰਦਰ ਗਿਆ ਅਤੇ ਰਸੋਈ ਵਿੱਚ ਆਪਣੇ ਸਿਰ ਵਿੱਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਿਸ ਨੂੰ ਮੌਕੇ ਤੋਂ ਪਿਸਤੌਲ ਵੀ ਮਿਲੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਉੱਚ ਪੁਲਿਸ ਅਧਿਕਾਰੀ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚੀ। ਸਬੂਤ ਇਕੱਠੇ ਕੀਤੇ ਜਾ ਰਹੇ ਹਨ ਅਤੇ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਘਟਨਾ ਕਿਵੇਂ ਅਤੇ ਕਿਹੜੇ ਹਾਲਾਤਾਂ ਵਿੱਚ ਵਾਪਰੀ। ਫਿਲਹਾਲ ਚਾਰਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਪਿੰਡ ਵਿੱਚ ਪੁਲਿਸ ਤਾਇਨਾਤ ਕੀਤੀ ਗਈ ਹੈ। ਪੂਰੇ ਇਲਾਕੇ ਵਿੱਚ ਇਸ ਘਟਨਾ ਤੋਂ ਬਾਅਦ ਸੋਗ ਅਤੇ ਸਹਿਮ ਦਾ ਮਾਹੌਲ ਹੈ।

# ਉਨਟਾਰੀਓ ਫਰੈਂਡਜ਼ ਕਲੱਬ ਤੇ ਜਗਤ ਪੰਜਾਬੀ ਸਭਾ ਵੱਲੋਂ ਕਰਵਾਇਆ ਕਵੀ ਦਰਬਾਰ ਕਾਮਯਾਬ ਰਿਹਾ





ਬਰੈਂਪਟਨ : ਉਨਟਾਰੀਓ ਫਰੈਂਡਜ਼ ਕਲੱਬ (ਓ.ਐਫ.ਸੀ.) ਅਤੇ ਜਗਤ ਪੰਜਾਬੀ ਸਭਾ ਵੱਲੋਂ 134 ਕੈਨੇਡੀ ਰੋਡ ਸਾਊਥ, ਬਰੈਂਪਟਨ ਸਥਿਤ ਜਗਤ ਪੰਜਾਬੀ ਸਭਾ ਦੇ ਦਫ਼ਤਰ ਵਿਖੇ ਇੱਕ ਪ੍ਰਭਾਵਸ਼ਾਲੀ ਕਵੀ ਦਰਬਾਰ ਕਰਵਾਇਆ ਗਿਆ। ਇਸ ਸਾਹਿਤਕ ਸਮਾਗਮ ਵਿੱਚ 40 ਤੋਂ ਵੱਧ ਕਵੀਆਂ, ਸਾਹਿਤ ਪ੍ਰੇਮੀਆਂ ਅਤੇ ਮੈਂਬਰਾਂ ਨੇ ਭਾਗ ਲਿਆ।

ਸਮਾਗਮ ਦੀ ਸ਼ੁਰੂਆਤ ਚਾਹ ਅਤੇ ਸਨੈਕਸ ਨਾਲ ਹੋਈ। ਸੰਤੋਖ ਸਿੰਘ ਸੰਧੂ ਨੇ ਮੰਚ ਸੰਚਾਲਨ ਲਈ ਹਲੀਮਾ ਸਾਦੀਆ ਨੂੰ ਸੱਦਾ ਦਿੱਤਾ। ਹਲੀਮਾ ਸਾਦੀਆ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਾਗਮ ਦਾ ਸੰਚਾਲਨ ਕੀਤਾ।

ਕਵੀ ਦਰਬਾਰ ਦੌਰਾਨ ਤਾਹਿਰ ਅਸਲਮ ਗੋਰਾ, ਸੁਜਾਨ ਸਿੰਘ ਸੁਜਾਨ, ਸੁਰਿੰਦਰ ਸਿੰਘ ਸੂਰ, ਢਿੱਲੋਂ ਸਾਹਿਬ, ਅਮਰਿੰਦਰ ਸਿੰਘ, ਬਲਿਹਾਰ ਸਿੰਘ ਬੱਲੀ, ਆਰੀਆ ਜੀ, ਡਾ. ਰਮਨੀ ਬਤਰਾ, ਤ੍ਰਿਪਤਾ ਸੋਢੀ, ਰੁਪਿੰਦਰ ਕੌਰ ਸੰਧੂ, ਬਲਵਿੰਦਰ ਚੱਠਾ, ਮਨਦੀਪ ਮਾਂਗਟ, ਹੈਪੀ ਮਾਂਗਟ, ਮਲਕੀਤ ਸਿੰਘ ਜੋਹਲ, ਭੁਪਿੰਦਰ ਸਿੰਘ ਬਾਜਵਾ, ਗੁਰਨਾਮ ਸਿੰਘ ਟੋਡਰਵਾਲ, ਤਰਲੋਕ ਸਿੰਘ ਕਾਹਲੋਂ, ਗੁਰਪ੍ਰੀਤ ਸਿੰਘ ਢਿੱਲੋਂ, ਗੀਤਾ ਜੀ, ਪ੍ਰਭਜੋਤ ਸਿੰਘ ਰਾਠੌਰ, ਤਜਿੰਦਰ ਸਿੰਘ ਚੀਮਾ, ਮੁਖਿੰਦਰ ਸੋਢੀ ਅਤੇ ਹੋਰ ਕਵੀਆਂ ਤੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ।

ਸਭਾ ਦੇ ਸਰਪ੍ਰਸਤ ਅਜੈਬ ਸਿੰਘ ਚੱਠਾ ਨੇ ਫਾਦਰਜ਼ ਡੇ ਦੀਆਂ ਵਧਾਈਆਂ ਦਿੰਦਿਆਂ 17, 18 ਅਤੇ 19 ਜੁਲਾਈ 2026 ਨੂੰ ਹੋਣ ਵਾਲੀ 12ਵੀਂ ਵਰਲਡ ਪੰਜਾਬੀ ਕਾਨਫਰੰਸ ਲਈ ਸਹਿਯੋਗ ਦੀ ਅਪੀਲ ਕੀਤੀ। ਹਾਜ਼ਰ ਸੱਜਣਾਂ ਨੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ 28 ਜੂਨ 2026 ਨੂੰ ਮਨਾਏ ਜਾਣ ਵਾਲੇ ਫਾਦਰਜ਼ ਡੇ ਸਮਾਗਮ ਲਈ ਵੀ ਭਰਪੂਰ ਉਤਸ਼ਾਹ ਪ੍ਰਗਟ ਕੀਤਾ ਗਿਆ।

ਕਵੀ ਦਰਬਾਰ ਦੀ ਪ੍ਰਧਾਨਗੀ ਮੰਡਲ ਵਿੱਚ ਮਲਕੀਤ ਸਿੰਘ ਔਜਲਾ, ਭੁਪਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਢਿੱਲੋਂ ਅਤੇ ਸਰਦੂਲ ਸਿੰਘ ਥਿਆੜਾ ਸ਼ਾਮਲ ਸਨ। ਇਸ ਮੌਕੇ ਸਰਦੂਲ ਸਿੰਘ ਥਿਆੜਾ ਨੇ ਜਾਣਕਾਰੀ ਦਿੱਤੀ ਕਿ 18 ਜੁਲਾਈ 2026 ਦੀ ਸ਼ਾਮ ਕਾਨਫਰੰਸ ਦੌਰਾਨ ਹੋਣ ਵਾਲੇ ਕਵੀ ਦਰਬਾਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਕਵੀ ਨੂੰ ਤਰਲੋਕ ਸਿੰਘ ਕਾਹਲੋਂ ਵੱਲੋਂ 500 ਡਾਲਰ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਸਮਾਗਮ ਦੇ ਅੰਤ ਵਿੱਚ ਗਰੁੱਪ ਫੋਟੋ ਖਿੱਚੀ ਗਈ ਅਤੇ ਮਲਕੀਤ ਸਿੰਘ ਔਜਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 12ਵੀਂ ਵਰਲਡ ਪੰਜਾਬੀ ਕਾਨਫਰੰਸ ਲਈ ਵਿੱਤੀ ਸਹਾਇਤਾ ਦੇਣ ਵਾਲੇ ਸਹਿਯੋਗੀਆਂ ਦਾ ਵੀ ਸਨਮਾਨ ਕੀਤਾ ਗਿਆ। ਕਾਨਫਰੰਸ ਦੀਆਂ ਤਿਆਰੀਆਂ ਨੂੰ ਹੋਰ ਸੁਚਾਰੂ ਬਣਾਉਣ ਲਈ ਮੈਂਬਰਾਂ ਨੇ ਵੱਖ-ਵੱਖ ਜ਼ਿੰਮੇਵਾਰੀਆਂ ਸੰਭਾਲ ਲਈਆਂ ਹਨ।

ਰਵੀ ਜੱਸਲ, ਮਾਲਕ ਝਾਂਜਰ ਟੀਵੀ ਪ੍ਰੋਗਰਾਮ, ਵੱਲੋਂ ਸਮੁੱਚੇ ਕਵੀ ਦਰਬਾਰ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ ਤਾਂ ਜੋ ਇਸ ਸਾਹਿਤਕ ਸਮਾਗਮ ਨੂੰ ਵੱਧ ਤੋਂ ਵੱਧ ਦਰਸ਼ਕਾਂ ਤੱਕ ਪਹੁੰਚਾਇਆ ਜਾ ਸਕੇ।

ਸਮੂਹ ਮੈਂਬਰਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਪਿਛਲੀਆਂ ਵਰਲਡ ਪੰਜਾਬੀ ਕਾਨਫਰੰਸਾਂ ਦੀ ਤਰ੍ਹਾਂ 12ਵੀਂ ਵਰਲਡ ਪੰਜਾਬੀ ਕਾਨਫਰੰਸ ਵੀ ਬੇਹੱਦ ਸਫਲ ਅਤੇ ਯਾਦਗਾਰੀ ਸਾਬਤ ਹੋਵੇਗੀ। ਹਾਜ਼ਰ ਸੱਜਣਾਂ ਨੇ ਇਸ ਗੱਲ 'ਤੇ ਸੰਤੋਖ ਪ੍ਰਗਟ ਕੀਤਾ ਕਿ ਅੱਜ ਦਾ ਕਵੀ ਦਰਬਾਰ ਬਹੁਤ ਹੀ ਕਾਮਯਾਬ, ਸਾਹਿਤਕ ਅਤੇ ਯਾਦਗਾਰੀ ਰਿਹਾ।

ਸੰਪਰਕ: 416-587-7000

# 'ਬਗਾਵਤ ਦੇ ਡਰ' ਕਾਰਨ ਰੁਕ ਰਿਹਾ ਕਾਂਗਰਸ 'ਚ ਬਦਲਾਅ?

## MP ਨੇ ਚੁੱਕੇ ਸਵਾਲ



ਚੰਡੀਗੜ੍ਹ: ਪੰਜਾਬ ਕਾਂਗਰਸ ਵਿੱਚ ਬਦਲਾਅ ਨੂੰ ਲੈ ਕੇ ਲਗਾਤਾਰ ਚੱਲ ਰਹੀਆਂ ਚਰਚਾਵਾਂ ਵਿਚਾਲੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੇ ਇੱਕ ਬਿਆਨ ਨੇ ਸਿਆਸੀ ਮਾਹੌਲ ਨੂੰ ਹੋਰ ਗਰਮਾ ਦਿੱਤਾ ਹੈ। ਡਾ. ਗਾਂਧੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ਼ਾਰਾ ਕੀਤਾ ਕਿ ਕੁਝ ਲੋਕ ਸੰਭਾਵਿਤ ਬਗਾਵਤ ਦਾ ਹਵਾਲਾ ਦੇ ਕੇ ਪਾਰਟੀ ਦੇ ਪੁਨਰਗਠਨ ਦੀ ਪ੍ਰਕਿਰਿਆ ਨੂੰ ਟਾਲਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਇਸ ਨੂੰ ਪਾਰਟੀ ਹਿੱਤਾਂ ਦੇ ਵਿਰੁੱਧ ਕਦਮ ਕਰਾਰ ਦਿੱਤਾ। ਹਾਲਾਂਕਿ ਬਾਅਦ ਵਿੱਚ ਇਹ ਪੋਸਟ ਹਟਾ ਦਿੱਤੀ ਗਈ।

ਇਸ ਤੋਂ ਪਹਿਲਾਂ ਵੀ ਕਾਂਗਰਸ ਅੰਦਰ ਨਾਰਾਜ਼ਗੀ ਦੇ ਸੁਰ ਸਾਹਮਣੇ ਆਏ ਸਨ। ਪੰਜਾਬ ਕਾਂਗਰਸ ਦੇ ਢਾਂਚੇ ਨੂੰ ਲੈ ਕੇ ਹਾਈਕਮਾਨ ਵੱਲੋਂ ਕੀਤੀਆਂ ਗੱਲਬਾਤਾਂ ਵਿੱਚ ਕਈ ਸੀਨੀਅਰ ਨੇਤਾਵਾਂ ਨੂੰ ਦਿੱਲੀ ਬੁਲਾਇਆ ਗਿਆ ਸੀ, ਪਰ ਸੰਸਦ ਮੈਂਬਰ ਮਨੀਸ਼ ਤਿਵਾਰੀ ਨੂੰ ਸੱਦਾ ਨਾ ਮਿਲਣ ਕਾਰਨ ਉਨ੍ਹਾਂ ਨੇ ਜਨਤਕ ਤੌਰ 'ਤੇ ਨਾਰਾਜ਼ਗੀ ਜਤਾਈ ਸੀ।

ਜੂਨ ਮਹੀਨੇ ਦੀ ਸ਼ੁਰੂਆਤ ਤੋਂ ਹੀ ਕਾਂਗਰਸ ਲੀਡਰਸ਼ਿਪ ਨੇ ਸੰਗਠਨ ਨੂੰ ਲੈ ਕੇ ਕਈ ਪੱਧਰਾਂ 'ਤੇ ਮੀਟਿੰਗਾਂ ਕੀਤੀਆਂ। ਪਾਰਟੀ ਪ੍ਰਧਾਨ ਅਤੇ ਸੀਨੀਅਰ ਲੀਡਰਸ਼ਿਪ ਨੇ ਸੰਗਠਨ ਦੀ ਸਮੀਖਿਆ ਕੀਤੀ ਅਤੇ ਪੰਜਾਬ ਦੀ ਸਥਿਤੀ ਦਾ ਅੰਕਲਨ ਕਰਨ ਲਈ ਖ਼ਾਸ ਨਿਗਰਾਨ ਨਿਯੁਕਤ ਕੀਤੇ। ਇਸ ਤੋਂ ਬਾਅਦ ਪੰਜਾਬ ਦੇ ਕਈ ਸੀਨੀਅਰ ਨੇਤਾਵਾਂ ਨਾਲ ਵੱਖ-ਵੱਖ ਗੱਲਬਾਤ ਕਰਕੇ ਫੀਡਬੈਕ ਇਕੱਠਾ ਕੀਤਾ ਗਿਆ। 21 ਜੂਨ ਨੂੰ ਰਾਹੁਲ ਗਾਂਧੀ ਨੇ ਪੰਜਾਬ ਦੇ ਕੁਝ ਪ੍ਰਮੁੱਖ ਨੇਤਾਵਾਂ ਨਾਲ ਵੱਖ-ਵੱਖ ਮੀਟਿੰਗਾਂ ਕਰਕੇ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਸੋਸ਼ਲ ਮੀਡੀਆ 'ਤੇ ਨਵੇਂ ਪ੍ਰਧਾਨ ਨੂੰ ਲੈ ਕੇ ਇੱਕ ਕਥਿਤ ਪੱਤਰ ਵੀ ਵਾਇਰਲ ਹੋਇਆ, ਜਿਸਨੂੰ ਪਾਰਟੀ ਨੇ ਗਲਤ ਕਰਾਰ ਦਿੱਤਾ।

ਮੌਜੂਦਾ ਸਮੇਂ ਚਰਚਾ ਹੈ ਕਿ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਟੀ ਸੰਗਠਨ ਵਿੱਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਇਸ ਸਬੰਧੀ ਹਾਲਾਂਕਿ ਅਜੇ ਤੱਕ ਕੋਈ ਅਧਿਕਾਰਿਕ ਐਲਾਨ ਨਹੀਂ ਕੀਤਾ ਗਿਆ ਹੈ ਅਤੇ ਪਾਰਟੀ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਫਿਲਹਾਲ ਕਿਸੇ ਤੁਰੰਤ ਬਦਲਾਅ ਦਾ ਫੈਸਲਾ ਨਹੀਂ ਹੋਇਆ।

# ਫ਼ਰਜ਼ੀ ਰਿਪੋਰਟ ਮਾਮਲੇ ਦੀ ਤਹਿ ਤੱਕ ਹੋਵੇਗੀ ਜਾਂਚ : ਸੈਣੀ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਵਾਇਰਲ ਵਿਵਾਦਤ ਵੀਡੀਓ ਨੂੰ ਅਤਿ-ਮੰਦਭਾਗੀ ਦੱਸਦਿਆਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂਆਂ ਦੀਆਂ ਕੁਰਬਾਨੀਆਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਇਸ ਸਬੰਧੀ ਫਰਜ਼ੀ ਰਿਪੋਰਟ ਤਿਆਰ ਕਰਨ ਦੇ ਮਾਮਲੇ ਦੀ ਤਹਿ ਤੱਕ ਜਾਂਚ ਹੋਵੇਗੀ। ਉਹ ਅੱਜ ਪਟਿਆਲਾ ਨੇੜਲੇ ਪਿੰਡ ਰੋਡੇਵਾਲ ਵਿੱਚ ਗੁਰਦੁਆਰਾ ਗੁਫਾਸਰ ਸਾਹਿਬ ਵਿੱਚ ਮਨਾਈ ਗਈ ਸੰਤ ਬਾਬਾ ਬਲਵੰਤ ਸਿੰਘ ਜੀ ਸਿਹੋੜੇਵਾਲਿਆਂ ਦੀ 12ਵੀਂ ਸਾਲਾਨਾ ਬਰਸੀ ਸਬੰਧੀ ਸਮਾਗਮ 'ਚ ਸ਼ਿਰਕਤ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਕੱਠ ਵਿੱਚ ਸਾਬਕਾ ਵਿਧਾਇਕ ਲੀਲਾ ਰਾਮ ਨੇ ਮੁੱਖ ਮੰਤਰੀ ਹਰਿਆਣਾ ਦਾ ਗੁਰਦੁਆਰਾ ਗੁਫਾਸਰ ਸਾਹਿਬ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਸੈਣੀ ਨੇ ਗੁਰੂਆਂ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।















ਪੰਜਾਬ ਸਟਾਰ
PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਘੁੰਮ ਚਰਖੜਿਆ ਘੁੰਮ, ਤੇਰੀ ਕੱਤਣ ਵਾਲੀ ਜੀਵੇ



ਬੁੱਧ ਸਿੰਘ ਨੀਲੋਂ
94643 70823

ਸਾਹਿਤਕਾਰ, ਸੰਗੀਤਕਾਰ, ਅਦਾਕਾਰ, ਚਿਤਰਕਾਰ ਬਨਣ ਲਈ ਮੰਜ਼ਿਲ ਤਾਂ ਨੇੜੇ ਹੈ, ਪਰ ਰਸਤਾ ਬੜਾ ਬਿਖੜਾ ਹੈ ਪਰ ਮਿਹਨਤ, ਸਿਦਕ, ਸ਼ਕਤੀ, ਚਾਅ, ਸੁਪਨੇ, ਦ੍ਰਿੜਤਾ ਤੇ ਆਪਣਾ ਸਾਰਾ ਧਿਆਨ ਇੱਕ ਥਾਂ 'ਤੇ ਕੇਂਦਰ ਕਰਨ ਨਾਲ ਕੁੱਝ ਵੀ ਬਣਿਆ ਜਾ ਸਕਦਾ ਹੈ।

ਕਿਸੇ ਦੀ ਰੂਹ ਨੂੰ ਆਪਣੀ ਰੂਹ ਵਿੱਚ ਸ਼ਾਮਲ ਕਰ ਲੈਣਾ ਤਾਂ ਔਖਾ ਹੁੰਦਾ ਹੈ, ਪਰ ਜੇ ਰੂਹ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਇਹ ਕੋਈ ਔਖਾ ਨਹੀਂ ਹੁੰਦਾ ਪਰ ਅਸੀਂ ਇਸ ਰਸਤੇ ਤੁਰਦੇ ਨਹੀਂ।

ਵੱਡੇ ਵੱਡੇ ਫਨਕਾਰ, ਗਾਇਕ ਤੇ ਸਾਹਿਤਕਾਰ ਅਕਸਰ ਹੀ ਆਪਣੀ ਮੁਲਾਕਾਤ ਮੌਕੇ ਇਹ ਝੂਠ ਬੋਲਦੇ ਹਨ, ਕਿ "ਇਹ ਤਾਂ ਉਨਾਂ ਨੂੰ ਕੁਦਰਤ ਵੱਲੋਂ ਮਿਲਿਆ ਤੋਹਫਾ ਹੈ।" ਅਸਲ ਵਿੱਚ ਇਹ ਸਭ ਕੁੱਝ ਉਨਾਂ ਦੇ ਅਭਿਆਸ ਦਾ ਸਿੱਟਾ ਹੁੰਦਾ ਹੈ।

ਅਭਿਆਸ ਇੱਕ ਦਿਨ ਰੰਗ ਹੀ ਲਿਆਉਂਦਾ ਹੈ। ਲੋੜ ਤਾਂ ਹੁੰਦੀ ਹੈ, ਜ਼ਿੰਦਗੀ ਵਿੱਚ ਰੰਗ ਭਰਨ ਦੀ। ਜਿਸ ਨੂੰ ਜ਼ਿੰਦਗੀ ਵਿੱਚ ਰੰਗ ਭਰਨਾ ਆਉਂਦਾ ਹੈ, ਉਹ ਕਦੇ ਵੀ ਉਦਾਸ ਨਹੀਂ ਹੁੰਦਾ। ਸਗੋਂ ਹਰ ਵੇਲੇ ਖਿੜਿਆ ਰਹਿੰਦਾ ਹੈ। ਖਿੜੇ ਰਹਿਣ ਲਈ ਖੁਦ ਖਿੜਨਾ ਪੈਂਦਾ ਹੈ।



ਸ਼ਬਦਾਂ ਦੇ ਜਾਦੂਗਰ ਅਕਸਰ ਹੀ ਆਪਣੇ ਵਹਾਅ ਵਿੱਚ ਭੀੜ ਨੂੰ ਨਾਲ ਲੈ ਤੁਰਦੇ ਹਨ। ਉਨਾਂ ਅੰਦਰ ਇਹ ਮੁਹਾਰਤ ਇੱਕ ਦਿਨ ਵਿੱਚ ਨਹੀਂ ਆਉਂਦੀ । ਇਸ ਦੇ ਪਿਛੇ ਲੰਮੇ ਅਧਿਐਨ ਤੇ ਅਭਿਆਸ ਦਾ ਸਿੱਟਾ ਹੁੰਦਾ ਹੈ ਪਰ ਅਸੀਂ ਸਿੱਟੇ 'ਤੇ ਪਹਿਲਾਂ ਪੁੱਜਦੇ ਹਾਂ, ਤੁਰਦੇ ਬਾਅਦ ਵਿੱਚ ਹਾਂ। ਇਸੇ ਕਰਕੇ ਅਸੀਂ ਅਸਫਲ ਹੁੰਦੇ ਹਾਂ।

ਹਰ ਸਫਲਤਾ ਦੀ ਹਰਕਤ ਪਹਿਲਾਂ ਮਨੁੱਖ ਦੇ ਮਨ ਵਿੱਚ ਅੰਗੜਾਈ ਭਰਦੀ ਹੈ, ਫਿਰ ਉਹ ਕਾਗਜ਼ 'ਤੇ ਉਤਰਕੇ ਹਕੀਕਤ ਦਾ ਰੂਪ ਅਖਿਤਿਆਰ ਕਰਦੀ ਹੈ। ਅਸੀਂ ਰੂਪ ਨੂੰ ਵੇਖ ਕੇ ਪਹਿਲਾਂ ਚਕਾਚੌਂਧ ਹੁੰਦੇ , ਪਰ ਮਨ ਅੰਦਰ ਕੋਈ ਸੁਪਨਾ, ਕੋਈ ਇੱਛਾ, ਤਾਂਘ ਨਾ ਹੋਣ ਕਰਕੇ ਹੱਥ ਮਲਦੇ ਰਹਿ ਜਾਂਦੇ ਹਾਂ।

ਹਰ ਮਨੁੱਖ ਹਰ ਵੇਲੇ ਇੱਕ ਅਦਾਕਾਰ ਵਾਂਗ ਜ਼ਿੰਦਗੀ ਵਿੱਚ ਅਦਾਕਾਰੀ ਕਰਦਾ ਹੈ, ਹਰ ਦੀ ਅਦਾਕਾਰੀ ਕਿਸੇ ਦੇ ਨਾਲ ਨਹੀਂ ਜੁੜਦੀ ! ਜਿਹੜੇ ਕਿਸੇ ਦੀ ਨਕਲ ਕਰਦੇ ਹਨ, ਉਹ ਆਪਣੀ ਹੋਂਦ ਗੁਆ ਲੈਂਦੇ ਹਨ। ਆਪਣੀ ਹੋਂਦ ਗਵਾਉਣੀ ਉਨਾਂ ਦੇ ਹਿੱਸੇ ਹੀ ਆਉਂਦੀ ਜਿਹੜੇ ਦੂਸਰਿਆਂ ਦੇ ਨਕਸ਼ੇ ਕਦਮਾਂ 'ਤੇ ਤੁਰਦੇ ਹਨ।

ਦਰਿਆਵਾਂ ਦਾ ਆਪਣਾ ਕੋਈ ਵਹਿਣ ਨਹੀਂ ਹੁੰਦਾ। ਪਾਣੀ ਦਾ ਵੇਗ ਆਪਣੇ ਆਪ ਰਸਤੇ ਬਣਾਉਂਦਾ ਵਗਦਾ ਰਹਿੰਦਾ ਹੈ। ਵਗਦੇ ਪਾਣੀਆਂ ਦੇ ਨਾਲ ਨਾਲ ਤੁਰਨਾ ਤਾਂ ਸੌਖਾ ਹੈ, ਪਰ ਆਪਣਾ ਰਾਹ ਆਪ ਬਣਾਉਣਾ ਦਰਿਆਵਾਂ ਤੋਂ ਹੀ ਸਿੱਖਿਆ ਜਾ ਸਕਦਾ ਹੈ।

ਨਿੱਕੇ ਬੱਚੇ ਨੂੰ ਬੋਲਣਾ, ਤੁਰਨਾ, ਹੱਸਣਾ ਤਾਂ ਕੋਈ ਨਹੀਂ ਸਿਖਾਉਂਦਾ, ਪੰਛੀਆਂ ਦਾ ਕੋਈ ਅਧਿਆਪਕ ਨਹੀਂ ਹੁੰਦਾ। ਉਨਾਂ ਦਾ ਅਧਿਆਪਕ ਤਾਂ ਉਨਾਂ ਦੀ ਅੱਖ ਤੇ ਸੋਝੀ ਹੁੰਦੀ ਹੈ। ਜਿਹੜੀ ਉਨਾਂ ਨੂੰ ਉਡਣਾ ਸਿਖਾਉਂਦੀ ਹੈ। ਉਡਣਾ ਕੋਈ ਔਖਾ ਰਸਤਾ ਨਹੀਂ, ਅਸੀਂ ਅਕਸਰ ਹੀ ਹਵਾ ਵਿੱਚ ਉਡਦੇ ਰਹਿੰਦੇ ਹਾਂ, ਪਰ ਧਰਤੀ ਦੀ ਖਿੱਚ ਪਰਿਵਾਰ ਦਾ ਮੋਹ, ਸਾਨੂੰ ਸਦਾ ਧਰਤੀ ਨਾਲ ਜੋੜੀ ਰੱਖਦਾ ਹੈ।

ਸ਼ਬਦਾਂ ਦੇ ਵਣਜਾਰੇ ਆਪਣੀਆਂ ਲਿਖਤਾਂ ਵਿੱਚ ਤਾਂ ਨਿਜ਼ਾਮ ਬਦਲਣ ਦੀਆਂ ਟਾਹਰਾਂ ਤਾਂ ਮਾਰਦੇ ਹਨ, ਪਰ ਜਦੋਂ ਸੱਤਾ ਮਾਇਆ ਦੀ ਛੱਤਰੀ ਤਾਣਦੀ ਹੈ, ਤਾਂ ਉਹ ਉਡਾਰੀ ਮਾਰ ਕੇ ਉੱਥੇ ਉਤਰ ਜਾਂਦੇ ਹਨ। ਇਸੇ ਕਰਕੇ ਹੁਣ ਲਿਖਤਾਂ ਦੇ ਨਾਲ ਕੋਈ ਲਹਿਰ ਨੀਂ ਉਸਰਦੀ।

ਨਾ ਸਮਾਜ ਵਿਚ ਕੋਈ ਅਜਿਹੀ ਲਹਿਰ ਉਠ ਰਹੀ ਹੈ ਜਿਸ ਨਾਲ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਜਿੱਥੇ ਕਿਤੇ ਕੋਈ ਲਹਿਰ ਉਠਦੀ ਹੈ ਉਸਨੂੰ ਸ ਤ ਾ ਡੰਡੇ ਦੇ ਜ਼ੋਰ ਨਾਲ ਦਬਾਅ ਦੇਂਦੀ ਹੈ, ਪਰ ਜਿਸ ਤਰਾਂ ਹੁਣ ਕਿਤੋਂ ਕਿਤੋਂ ਅੱਗ ਉਠ ਰਹੀ ਹੈ, ਇਹ ਜਰੂਰ ਕੋਈ ਰੰਗ ਲਿਆ ਸਕਦੀ ਹੈ।

ਆਪਣੇ ਹੱਡਾਂ ਦਾ ਬਾਲਣ ਬਾਲ ਕੇ ਆਪਣਾ ਢਿੱਡ ਪਕਾਉਣਾ ਤਾਂ ਸੌਖਾ ਹੁੰਦਾ ਹੈ, ਪਰ ਕਿਸੇ ਭਾਗੋਂ ਦੇ ਪਕਵਾਨ ਖਾਣੇ ਬਹੁਤ ਔਖੇ ਹੁੰਦੇ ਹਨ। ਆਪਣੇ ਹੀ ਖੇਤਾਂ ਵਿੱਚ ਪਰਾਇਆਂ ਵਾਂਗ ਸਿਲਾ ਚੁਗਿਆ ਤਾਂ ਜਾ ਸਕਦਾ ਹੈ, ਪਰ ਕਿਸੇ ਲਈ ਛੱਤ ਜਾਂ ਬਾਂਹ ਨਹੀਂ ਬਣਿਆ ਜਾ ਸਕਦਾ। ਜੜਾਂ ਨਾਲੋਂ ਟੁੱਟ ਕੇ , ਬੇਗਾਨੀ ਥਾਂ ਜਾ ਕੇ ਧੁੱਪ ਤਾਂ ਮਾਣੀ ਜਾ ਸਕਦੀ ਹੈ, ਪਰ ਕਿਸੇ ਲਈ ਫੁੱਲ ਤੇ ਫ਼ਲ ਨਹੀਂ ਬਣਿਆ ਜਾ ਸਕਦਾ।

ਸ਼ੋਹਰਤ ਦੀ ਹਨੇਰੀ ਜੜ੍ਹਾਂ ਉਖਾੜ ਸਕਦੀ ਹੈ, ਪਰ ਆਪਣੀਆਂ ਜੜ੍ਹਾਂ ਨਾਲ ਬੱਝੇ ਰਹਿਣਾ ਵੀ ਕੋਈ ਸੌਖਾ ਨਹੀਂ ਹੁੰਦਾ। ਮਨੁੱਖ ਪਰਵਾਸ ਨਹੀਂ ਕਰਦਾ ਸਗੋਂ ਢਿੱਡ ਪਰਵਾਸ ਕਰਦਾ ਹੈ ਇਸੇ ਕਰਕੇ ਅਸੀਂ ਆਪਣੇ ਢਿੱਡ ਦੇ ਰਖਵਾਲੇ ਬਣ ਜਾਂਦੇ ਹਾਂ।ਜਿਹੜੇ ਦੂਜਿਆਂ ਦੇ ਲਈ ਸੋਚਦੇ ਹਨ ਤੇ ਉਨ੍ਹਾਂ ਦੇ ਕੰਮ ਆਉਦੇ ਹਨ । ਲੋਕ ਉਨ੍ਹਾਂ ਨੂੰ ਹੀ ਯਾਦ ਰੱਖਦੇ ਹਨ ।

ਸਮਾਜ ਵਿੱਚ ਮਹਾਂਨਾਇਕਾਂ ਅਤੇ ਨਾਇਕਾਂ ਦਾ ਇਸੇ ਕਰਕੇ ਕਾਲ ਪੈ ਗਿਆ, ਕਿ ਇਨ੍ਹਾਂ ਬੋਹੜਾਂ ਨੇ ਆਪਣੇ ਥੱਲੇ ਕੋਈ ਰੁੱਖ ਹੀ ਉੱਗਣ ਤੇ ਮੌਲਣ ਦਿੱਤਾ। ਇਸੇ ਕਰਕੇ ਚਾਰੇ ਪਾਸੇ ਖਲਨਾਇਕਾਂ ਦਾ ਬੋਲਬਾਲਾ ਹੋ ਗਿਆ, ਅਸੀਂ ਭਵਿੱਖਹੀਣ, ਜੜ੍ਹਹੀਣ, ਰੁਜ਼ਗਾਰਹੀਣ , ਦਿਸ਼ਾਹੀਣ ਹੋ ਗਿਆ ਹੈ ।ਇਸੇ ਕਰਕੇ ਸਵੈਵਾਦੀ ਹੋਏ ਹਾਂ, ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਉਹ ਬੰਦਾ ਮਰ ਗਿਆ ਹੈ, ਜਿਸਨੂੰ ਸਾਡੇ ਗੁਰੂਆਂ ਤੇ ਭਗਤਾਂ ਨੇ ਜਗਾਇਆ ਸੀ। ਸ਼ਰਧਾ ਦੇ ਭਰਤ ਨੇ ਸਾਨੂੰ ਗਿਆਨਹੀਣ ਬਣਾ ਦਿੱਤਾ ਹੈ। ਅਸੀਂ ਸ਼ਰਧਾ ਦੀਆਂ ਮੂਰਤੀਆਂ ਨੂੰ ਪੂਜਣ ਲੱਗੇ ਤੇ ਖੁਦ ਮੂਰਤੀਆਂ ਬਣ ਗਏ ਹਾਂ। ਅਸੀਂ ਮਾਨਵਵਾਦੀ ਨਹੀਂ ਸਗੋਂ ਪਦਾਰਥਵਾਦੀ ਹੋ ਗਏ ਹਾਂ। ਸਾਡੇ ਅੰਦਰ ਵਸਤੂਆਂ ਦੀ ਭਰਮਾਰ ਹੋ ਗਈ ਹੈ। ਇਸ ਕਰਕੇ ਅਸੀਂ ਹਰ ਵੇਲੇ ਬਾਹਰ ਨੂੰ ਭੱਜਦੇ ਤੇ ਦੌੜਦੇ ਰਹਿੰਦੇ ਹਾਂ।

ਲਿਖਣਾ ਕੋਈ ਔਖਾ ਕੰਮ ਨਹੀਂ, ਸੁਣਨਾ, ਪੜ੍ਹਨਾ, ਅਧਿਐਨ ਕਰਨਾ ਬੜਾ ਕੁੱਝ ਸਿਖਾ ਦਿੰਦਾ ਹੈ। ਬਹੁਤ ਘੱਟ ਲੋਕ ਹੁੰਦੇ ਹ ਨ ਜਿਹਨਾਂ ਦੇ ਖੂਨ ਵਿੱਚ ਕਲਾ ਹੁੰਦੀ ਹੈ। ਨਹੀਂ ਬਹੁਗਿਣਤੀ ਕਲਾ ਦੇ ਨਾਮ ਉਤੇ ਕਲਾ ਦਾ ਨਿਰਾਦਰ ਕਰਦੇ ਹਨ।

ਚੁੱਪ ਰਹਿਣਾ ਤਾਂ ਚੰਗਾ ਹੈ, ਪਰ ਗੂੰਗੇ ਬਣ ਜਾਣਾ ਖਤਰਨਾਕ ਹੁੰਦਾ ਹੈ। ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਹੋ ਗਏ ਹਾਂ।

ਬੋਲਣਾ ਤਾਂ ਮਾੜਾ ਨਹੀਂ ਹੁੰਦਾ–ਪਰ ਸਦਾ ਬੋਲਦੇ ਰਹਿਣਾ, ਕੁੱਝ ਵੀ ਨਾ ਸੁਣਨਾ ਤੇ ਮੰਨਣਾ ਆਪਣਾ ਹੀ ਪਤਨ ਹੁੰਦਾ ਹੈ। ਤੁਰਦੇ ਰਹਿਣਾ ਤਾਂ ਚਾਹੀਦਾ ਹੈ ਪਰ ਕੋਹਲੂ ਦੇ ਬੈਲ ਦੀ ਵਾਂਗ ਇੱਕ ਥਾਂ ਉੱਤੇ ਘੁੰਮੀ ਜਾਣਾ ਸਭ ਤੋਂ ਖਤਰਨਾਕ ਹੁੰਦਾ ਹੈ। ਅੱਖਾਂ ਖੋਲ੍ਹ ਕੇ ਤੁਰਨਾ ਤਾਂ ਚਾਹੀਦਾ ਹੈ, ਪਰ ਖੁਲ੍ਹੀਆਂ ਅੱਖਾਂ ਦੇ ਹੁੰਦਿਆਂ ਕਿਸੇ ਵਿੱਚ ਟਕਰਾਅ ਜਾਣਾ ਨਹੀਂ ਹੁੰਦਾ।

ਰਸੂਲ ਹਮਜ਼ਾਤੋਵ–ਮੇਰੇ ਦਾਗਸਿਤਾਨ ਵਿੱਚ ਲਿਖਦਾ ਹੈ ਕਿ :

ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ
ਸਗੋਂ ਇਹ ਕਹੋ, ਮੈਨੂੰ ਅੱਖਾਂ ਦਿਓ।

ਸਾਰਾ ਸੰਸਾਰ ਵਿਸ਼ਿਆਂ ਨਾਲ ਭਰਿਆ ਪਿਆ ਹੈ, ਲੋੜ ਤਾਂ ਅੱਖਾਂ ਦੀ ਹੈ। ਅੱਖਾਂ ਦੇ ਸੋਚ ਸਮਝ ਤੇ ਤਰਕਵਾਨ ਬੁੱਧੀ ਤਾਂ ਕਿ ਦੇਖਿਆ, ਸੁਣਿਆ, ਮੰਨਿਆ–ਕਿਵੇਂ ਨਵੇਂ ਸਿਰਜਿਆ ਜਾ ਸਕਦਾ ਹੈ। ਇਹ ਤਾਂ ਇਹੋ ਹੁੰਦਾ ਹੈ ਕਿ ਅਸੀਂ ਲਿਖਦੇ ਤੇ ਬੋਲਦੇ ਤਾਂ ਬਹੁਤ ਹਾਂ ਪਰ ਸੁਣਦੇ, ਪੜ੍ਹਦੇ ਤਾਂ ਬਿਲਕੁਲ ਹੀ ਨਹੀਂ। ਵਿੱਦਿਆ ਸਾਨੂੰ ਜਗਾਉਦੀ ਹੈ। ਸ਼ਬਦ ਗੁਰੂ ਸਾਡਾ ਮਾਗਰ ਹੁੰਦਾ ਹੈ ਤੇ ਇਸ ਉਤੇ ਵਿਚਾਰ ਕਰਨਾ, ਉਸ ਉਤੇ ਅਮਲ ਕਰਨਾ ਤਾਂ ਦੂਰ ਦੀ ਗੱਲ ਹੈ। ਅਸੀਂ ਸ਼ਬਦ ਗੁਰੂ ਨਾਲੋਂ ਟੁੱਟ ਗਏ ਹਾਂ ।

ਅਸੀਂ ਦੂਰ ਦੀਆਂ ਬਾਤਾਂ ਤਾਂ ਬਹੁਤ ਪਾਉਂਦੇ ਹਾਂ, ਪਰ ਨੇੜੇ ਹੋਣ੍ਹ ਵਾਸਤੇ ਕਦੇ ਸੋਚਦੇ ਨਹੀਂ। ਅਸੀਂ ਜੋ ਸੋਚਦੇ ਹਾਂ, ਉਸ ਤੇ ਅਮਲ ਨਹੀਂ ਕਰਦੇ, ਜੋ ਕਰਦੇ ਹਾਂ, ਉਸ ਵਾਰੇ ਸੋਚਦੇ ਨਹੀਂ।

ਸੂਰਜ ਵਾਂਗ ਚਾਨਣ ਵੰਡਣਾ ਬਹੁਤ ਔਖਾ ਹੁੰਦਾ ਹੈ, ਪਰ ਅਸੀਂ ਤਾਂ ਚਾਨਣ ਦੇ ਨਾ ਉਤੇ ਹਨੇਰ ਹੀ ਬੀਜਦੇ ਤੁਰੀ ਜਾ ਰਹੇ ਹਾਂ। ਇਸ ਕਰਕੇ ਸਾਡੇ ਚਾਰੇ ਪਾਸੇ ਸੂਲਾਂ, ਕੰਡੇ ਉੱਗ ਆਏ ਹਨ। ਮਿੱਤਰ ਤਾਂ ਬਨਾਉਣਾ ਸੌਖਾ ਹੁੰਦਾ ਹੈ, ਪਰ ਮਿੱਤਰ ਪਿਆਰੇ ਦੇ ਨਾਲ ਸੱਥਰ ਤੇ ਸੌਣਾ ਔਖਾ ਹੁੰਦਾ ਹੈ।

ਕੋਈ ਕੰਮ, ਔਖਾ ਨਹੀਂ ਹੁੰਦਾ, ਲੋੜ ਤਾਂ ਪਹਿਲਾਂ ਕਦਮ ਪੁੱਟਣ ਦੀ ਹੁੰਦੀ ਹੈ। ਅਸੀਂ ਕਦਮ ਪੁੱਟਣ ਤੋਂ ਪਹਿਲਾਂ ਹੀ ਮੰਜ਼ਿਲ ਤੱਕ ਪੁੱਜਣ ਦੀ ਸੋਚ ਰੱਖਦੇ ਹਾਂ। ਇਸੇ ਕਰਕੇ ਅਸੀਂ ਸੂਰਜ ਵਾਂਗ ਖੜੇ ਰਹਿੰਦੇ ਹਾਂ। ਜਿਹੜੇ ਧਰਤੀ ਬਣ ਕੇ ਘੁੰਮਦੇ ਹਨ, ਉਹੀ ਮੰਜ਼ਿਲ ਚੁੰਮਦੇ ਹਨ।

ਆਓ ਆਪਾਂ ਵੀ ਧਰਤੀ ਵਾਂਗ ਘੁੰਮੀਏ ਤਾਂ ਸੂਰਜ ਵਾਂਗ ਰੋਸ਼ਨੀ ਵੰਡੀਏ। ਐਂਵੇ ਹੀ ਨਾ ਕਿਸੇ ਨੂੰ ਭੰਡੀਏ !

ਆਓ ! ਪਿਆਰ ਕਰੀਏ, ਲਈਏ ਤੇ ਪਿਆਰ ਵੰਡੀ ਏ !

## ਤਲਵਾੜਾ ਦੇ ਰੈਪਰ

# ਐਵੇਂ ਨਾ ਕਿਤੇ ਸਾਰੇ ਪੈਸੇ ਬੀਬੀਆਂ 'ਤੇ ਉਡਾ ਦਿਓ..!





ਚੰਡੀਗੜ੍ਹ : ਜਦੋਂ ਹੁਣ ਪੰਜਾਬ ਸਰਕਾਰ ਪਹਿਲੀ ਜੁਲਾਈ ਤੋਂ 'ਮਾਵਾਂ ਧੀਆਂ ਸਤਿਕਾਰ ਯੋਜਨਾ' ਦੀ ਪਹਿਲੀ ਕਿਸ਼ਤ ਵਜੋਂ ਔਰਤਾਂ ਨੂੰ ਤਿੰਨ ਮਹੀਨੇ ਦਾ ਮਾਣ ਭੱਤਾ ਦੇਣ ਜਾ ਰਹੀ ਹੈ ਤਾਂ ਠੀਕ ਉਸ ਤੋਂ ਪਹਿਲਾਂ ਤਲਵਾੜਾ ਦੇ ਨੌਜਵਾਨ ਰੈਪਰਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੁਖ਼ਾਤਿਬ ਹੋ ਕੇ ਪੁਰਸ਼ਾਂ ਲਈ ਵੀ ਪੰਜ ਸੌ ਰੁਪਏ ਦੇਣ ਦੀ ਗੱਲ ਵਿਅੰਗਮਈ ਤਰੀਕੇ ਨਾਲ ਸੋਸ਼ਲ ਮੀਡੀਆ ’ਤੇ ਕਹੀ ਹੈ। ਸੋਸ਼ਲ ਮੀਡੀਆ ’ਤੇ ਇਹ ਰੈਪਰ ਨੌਜਵਾਨ ਇਸ ਗੀਤ ਜ਼ਰੀਏ ਛਾ ਗਏ ਹਨ। ਤਲਵਾੜਾ ਦੇ ਰੈਪਰ ਇੰਝ ਸ਼ੁਰੂ ਕਰਦੇ ਹਨ, ‘ਮੁੱਖ ਮੰਤਰੀ ਮਾਨ ਨੂੰ ਸੁਨੇਹਾ ਮੇਰਾ ਸਿੱਧਾ ਹੀ ਪਹੁੰਚਾ ਦਿਓ, ਬੰਦਿਆਂ ਦੇ ਖਾਤੇ ’ਚ ਕੋਈ 500 ਹੀ ਪਾ ਦਿਓ, ਐਵੇਂ ਨਾ ਕਿਤੇ ਸਾਰੇ ਪੈਸੇ ਬੀਬੀਆਂ ’ਤੇ ਉਡਾ ਦਿਓ।’

ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਮੱਦੇਨਜ਼ਰ ਇਨ੍ਹਾਂ ਰੈਪਰਾਂ ਨੇ ਪੁਰਸ਼ਾਂ ਦੇ ਹੱਕ ’ਚ ਹਾਅ ਦਾ ਨਾਅਰਾ ਮਾਰਿਆ ਹੈ। ਜਿਉਂ ਹੀ ਰੈਪਰਾਂ ਨੇ ‘ਤਲਵਾੜਾ ਸਾਈਫਰ’ ਦੇ ਬੈਨਰ ਹੇਠ ਬਣੇ ਪੇਜ ਤੋਂ ਸੋਸ਼ਲ ਮੀਡੀਆ ’ਤੇ ਰਿਲੀਜ਼ ਕੀਤਾ ਤਾਂ ਲੋਕਾਂ ਨੇ ਹੱਥੋਂ ਹੱਥ ਇਸ ਗੀਤ ਨੂੰ ਚੁੱਕ ਲਿਆ। ਇਨ੍ਹਾਂ ਰੈਪਰਾਂ ਦਾ ਗਿਲਾ ਹੈ ਕਿ ਪੰਜਾਬ ਸਰਕਾਰ ਸਾਰੀਆਂ ਸਹੂਲਤਾਂ ਬੀਬੀਆਂ ਨੂੰ ਦੇ ਰਹੀ ਹੈ ਜਦੋਂਕਿ ਪੁਰਸ਼ਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਭਗਵੰਤ ਮਾਨ ਦਾ ਨਾਮ ਲੈ ਕੇ ਪੁਰਸ਼ਾਂ ਨੂੰ ਵੀ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਦੀ ਤਰਜ਼ ’ਤੇ ਵਿੱਤੀ ਮਦਦ ਦੇਣ ਦੀ ਗੱਲ ਕਹੀ ਹੈ।

ਪੰਜਾਬ ਸਰਕਾਰ ਵੱਲੋਂ ਜਨਰਲ ਵਰਗ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਦਿੱਤਾ ਜਾਣਾ ਹੈ ਜਿਸ ਦੇ ਹਵਾਲੇ ਨਾਲ ਇਨ੍ਹਾਂ ਰੈਪਰਾਂ ਨੇ ਪੁਰਸ਼ਾਂ ਨੂੰ ਪੰਜ ਸੌ ਰੁਪਏ ਦੇਣ ਲਈ ਨਾਅਰਾ ਮਾਰਿਆ ਹੈ। ਦੂਸਰੀ ਤਰਫ਼ ਅੱਜ ਬਠਿੰਡਾ ਦੇ ਪਿੰਡ ਮੰਡੀ ਕਲਾਂ ’ਚ ਲੋਕ ਮਿਲਣੀ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਦੇ ਹਵਾਲੇ ਨਾਲ ਔਰਤਾਂ ਨੂੰ ਖ਼ਬਰਦਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ‘ਜਦੋਂ ਫ਼ੋਨ ’ਤੇ ਖਾਤਿਆਂ ’ਚ ਪੈਸੇ ਆਉਣ ਦਾ ਸੁਨੇਹਾ ਆਵੇ ਤਾਂ ਫ਼ੋਨ ਆਪਣੇ ਕੋਲ ਰੱਖਿਓ, ਕਿਤੇ ਥੋੜੇ ਘਰ ਵਾਲੇ ਹੀ ਪੈਸਾ ਕਢਾ ਲੈਣ।’

### ਛੜਿਆਂ ਦੇ ਹੱਕ ਵਿੱਚ ਡਟੇ ਬਣਾਂਵਾਲੀ

ਹਲਕਾ ਸਰਦੂਲਗੜ੍ਹ ਤੋਂ ‘ਆਪ’ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਪੰਜਾਬ ਸਰਕਾਰ ਤੋਂ ਕਈ ਵਾਰ ਮੰਗ ਕਰ ਚੁੱਕੇ ਹਨ ਕਿ ਛੜੇ ਪੰਜਾਬੀ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ’ਚ ਛੜਿਆਂ ਨੇ ਵੱਡੀ ਭੂਮਿਕਾ ਨਿਭਾਈ ਸੀ ਜਿਸ ਕਰਕੇ ਛੜਿਆਂ ਲਈ ਕੋਈ ਵਿਸ਼ੇਸ਼ ਪੈਨਸ਼ਨ ਸਕੀਮ ਸ਼ੁਰੂ ਕੀਤੀ ਜਾਵੇ। ਵਿਧਾਇਕ ਵਣਾਂਵਾਲੀ ਇਹ ਮੰਗ ਪੰਜਾਬ ਵਿਧਾਨ ਸਭਾ ’ਚ ਵੀ ਉਠਾ ਚੁੱਕੇ ਹਨ ਅਤੇ ਜਨਤਕ ਸਮਾਗਮਾਂ ਵਿੱਚ ਵੀ।



ਚਰਨਜੀਤ ਭੁੱਲਰ

CANADIAN TRUCK TRAINING CENTRE





ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## – ਪਹਿਲਾ ਕਦਮ –

# ਖਾਲੀ ਜੇਬ, ਭਰਿਆ ਹੌਂਸਲਾ



ਪ੍ਰੀਤ 26 ਸਾਲ ਦੀ ਸੀ। B.Com ਕੀਤੀ, ਪਰ ਨੌਕਰੀ ਕੋਈ ਨਾ ਮਿਲੀ। ਘਰ ਦੀ ਹਾਲਤ ਇਹ ਸੀ ਕਿ ਪਿਤਾ ਜੀ ਦੀ ਕਰਿਆਨੇ ਦੀ ਛੋਟੀ ਜਿਹੀ ਦੁਕਾਨ ਸੀ, ਜਿੱਥੇ ਮਹੀਨੇ ਦਾ 15 ਹਜ਼ਾਰ ਵੀ ਔਖਾ ਨਿਕਲਦਾ। ਲੌਕਡਾਊਨ 'ਚ ਤਾਂ ਉਹ ਵੀ ਬੰਦ ਹੋ ਗਈ।

ਰਿਸ਼ਤੇਦਾਰ ਕਹਿੰਦੇ, "ਕੁੜੀ ਨੂੰ ਵਿਆਹ ਦੇਵੋ। ਕਾਰੋਬਾਰ ਮਰਦਾਂ ਦਾ ਕੰਮ ਐ।" ਪ੍ਰੀਤ ਦੇ ਦਿਲ 'ਚ ਪਰ ਇੱਕ ਗੱਲ ਸੀ – "ਜੇ ਦੁਕਾਨ ਬੰਦ ਹੋ ਸਕਦੀ ਐ, ਤਾਂ ਨਵੀਂ ਖੁੱਲ੍ਹ ਵੀ ਸਕਦੀ ਐ।"

ਪਹਿਲਾ ਕਦਮ – ਖਾਲੀ ਜੇਬ, ਭਰਿਆ ਹੌਂਸਲਾ

ਪ੍ਰੀਤ ਕੋਲ ਸਿਰਫ 3000 ਰੁਪਏ ਸਨ। ਉਸਨੇ ਦੇਖਿਆ ਕਿ ਲੌਕਡਾਊਨ 'ਚ ਸਭ ਤੋਂ ਵੱਧ ਮੁਸ਼ਕਲ ਔਰਤਾਂ ਨੂੰ ਆ ਰਹੀ ਸੀ – ਘਰ ਦਾ ਆਟਾ, ਮਸਾਲੇ, ਅਚਾਰ। ਸਭ ਕੁਝ ਮਹਿੰਗਾ ਤੇ ਨਕਲੀ।

ਉਸਨੇ ਦਾਦੀ ਤੋਂ ਸਿੱਖਿਆ ਹੋਇਆ ਅਚਾਰ ਦਾ ਨੁਸਖਾ ਕੱਢਿਆ। ਮਾਂ ਨਾਲ ਮਿਲ ਕੇ 3000 ਦੇ ਸਾਮਾਨ 'ਚ 20 ਡੱਬੇ ਅੰਬ ਦਾ ਅਚਾਰ ਬਣਾਇਆ। ਨਾਮ ਰੱਖਿਆ – **"ਦਾਦੀ ਦਾ ਸੁਆਦ"**।

ਫੇਸਬੁੱਕ 'ਤੇ ਇੱਕ ਪੇਜ ਬਣਾਇਆ। ਖੁਦ ਫੋਟੋ ਖਿੱਚੀ, ਖੁਦ ਹੀ ਪੋਸਟ ਲਿਖੀ: "ਮਾਂ ਦੇ ਹੱਥ ਦਾ ਸੁਆਦ, ਬਿਨਾਂ ਕੈਮੀਕਲ ਦੇ। ਜਗਰਾਉਂ 'ਚ ਫ੍ਰੀ ਹੋਮ ਡਿਲੀਵਰੀ।"

ਪਹਿਲਾ ਆਰਡਰ 3 ਦਿਨ ਬਾਅਦ ਆਇਆ। ਡਿਲੀਵਰੀ ਖੁਦ ਸਕੂਟੀ 'ਤੇ ਕਰਕੇ ਆਈ। ਗਾਹਕ ਆਂਟੀ ਨੇ ਚੱਖਿਆ ਤੇ 5 ਡੱਬੇ ਹੋਰ ਆਰਡਰ ਕਰ ਦਿੱਤੇ। ਕਹਿੰਦੀ, "ਧੀਏ, ਮੇਰੀ ਨੂੰਹ ਵਰਗਾ ਸੁਆਦ ਐ।"

ਜਦੋਂ ਕੰਮ ਵਧਿਆ, ਮੁਸੀਬਤਾਂ ਵੀ ਵਧੀਆਂ।

1. ਪੈਸੇ ਦੀ ਤੰਗੀ: ਵੱਡਾ ਆਰਡਰ ਆਇਆ 200 ਡੱਬਿਆਂ ਦਾ, ਪਰ ਸਾਮਾਨ ਖਰੀਦਣ ਲਈ 40 ਹਜ਼ਾਰ ਚਾਹੀਦੇ ਸਨ। ਬੈਂਕ ਨੇ ਲੋਨ ਨਾ ਦਿੱਤਾ। "ਕੁੜੀ ਐ, ਗਰੰਟੀ ਕੌਣ ਦੇਊ?" 2. ਨਕਲ: 2 ਮਹੀਨੇ 'ਚ ਹੀ ਮਾਰਕੀਟ 'ਚ 3 ਨਕਲੀ "ਦਾਦੀ ਦਾ ਸੁਆਦ" ਆ ਗਏ। ਸਸਤਾ ਤੇ ਖਰਾਬ ਮਾਲ। 3. ਘਰ ਦੇ ਤਾਹਨੇ: ਚਾਚਾ ਕਹਿੰਦਾ, "ਕੁੜੀਆਂ ਦੇ ਕਾਰੋਬਾਰ ਨਹੀਂ ਚੱਲਦੇ। ਨੱਕ ਕਟਾ ਦਿੱਤਾ ਪਰਿਵਾਰ ਦਾ।"

ਪ੍ਰੀਤ ਟੁੱਟ ਗਈ। ਰਾਤ ਨੂੰ ਦੁਕਾਨ 'ਚ ਬੈਠੀ ਰੋ ਰਹੀ ਸੀ। ਤਦ ਪਿਤਾ ਜੀ ਆਏ। ਇੱਕ ਪੁਰਾਣਾ ਖਾਤਾ ਉਸਦੇ ਅੱਗੇ ਰੱਖ ਦਿੱਤਾ। "ਇਹ ਦੇਖ, 1998 'ਚ ਮੇਰੀ ਦੁਕਾਨ 'ਤੇ 2 ਲੱਖ ਦਾ ਕਰਜ਼ਾ ਸੀ। ਲੋਕਾਂ ਨੇ ਕਿਹਾ ਬੰਦ ਕਰ ਦੇ। ਪਰ ਮੈਂ ਹਰ ਦਿਨ ਸਿਰਫ 1 ਗਾਹਕ ਵਧਾਉਣ ਦਾ ਟੀਚਾ ਰੱਖਿਆ। 3 ਸਾਲ 'ਚ ਕਰਜ਼ਾ ਉੱਤਰ ਗਿਆ। ਕਾਰੋਬਾਰ ਸਮੁੰਦਰ ਐ ਧੀਏ, ਲਹਿਰਾਂ ਤਾਂ ਆਉਣਗੀਆਂ। ਤੈਨੂੰ ਤੈਰਨਾ ਸਿੱਖਣਾ ਪੈਣਾ।"

ਪ੍ਰੀਤ ਨੇ ਰੋਣਾ ਬੰਦ ਕਰਕੇ ਸੋਚਣਾ ਸ਼ੁਰੂ ਕੀਤਾ।

1. ਪੈਸੇ ਦਾ ਹੱਲ: ਉਸਨੇ "ਪ੍ਰੀ-ਆਰਡਰ" ਸਿਸਟਮ ਸ਼ੁਰੂ ਕੀਤਾ। ਇੰਸਟਾਗ੍ਰਾਮ 'ਤੇ ਰੀਲ ਪਾਈ – ਅਚਾਰ ਬਣਦਾ ਦਿਖਾਇਆ। ਲਿਖਿਆ: "ਅਗਲੇ 100 ਡੱਬੇ ਲਈ ਬੁਕਿੰਗ ਸ਼ੁਰੂ। ਪੈਸੇ ਪਹਿਲਾਂ, ਮਾਲ 7 ਦਿਨ 'ਚ।" 2 ਦਿਨ 'ਚ 40 ਹਜ਼ਾਰ ਜਮ੍ਹਾਂ ਹੋ ਗਏ।

2. ਨਕਲ ਦਾ ਜਵਾਬ: ਉਸਨੇ ਹਰ ਡੱਬੇ 'ਤੇ ਆਪਣੀ ਦਾਦੀ ਦੀ ਫੋਟੋ ਤੇ ਇੱਕ QR ਕੋਡ ਲਾ ਦਿੱਤਾ। ਸਕੈਨ ਕਰਨ 'ਤੇ ਪ੍ਰੀਤ ਦੀ ਵੀਡੀਓ ਚੱਲਦੀ – "ਮੈਂ ਪ੍ਰੀਤ, ਇਹ ਅਚਾਰ ਮੈਂ ਤੇ ਮੇਰੀ ਮਾਂ ਨੇ ਆਪਣੇ ਹੱਥੀਂ ਬਣਾਇਆ।" ਲੋਕਾਂ ਨੂੰ ਅਸਲੀ-ਨਕਲੀ ਦਾ ਫਰਕ ਪਤਾ ਲੱਗ ਗਿਆ।

3. ਵਧਣ ਦਾ ਤਰੀਕਾ: ਉਸਨੇ ਜਗਰਾਉਂ ਦੀਆਂ 10 ਔਰਤਾਂ ਨੂੰ ਕੰਮ 'ਤੇ ਰੱਖ ਲਿਆ। ਜੋ ਘਰ 'ਚ ਵਿਹਲੀਆਂ ਸਨ। ਉਹਨਾਂ ਨੂੰ "ਦਾਦੀ ਦਾ ਸੁਆਦ ਸਖੀ" ਕਿਹਾ। ਹੁਣ ਅਚਾਰ ਦੇ ਨਾਲ ਪੰਜਾਬੀ ਮਸਾਲੇ, ਸ਼ੱਕਰ, ਦੇਸੀ ਘਿਓ ਵੀ ਸ਼ੁਰੂ ਕਰ ਦਿੱਤਾ। ਅਸਮਾਨ ਛੂਹਿਆ

3 ਸਾਲ ਬਾਅਦ ਅੱਜ "ਦਾਦੀ ਦਾ ਸੁਆਦ" ਇੱਕ ਬ੍ਰਾਂਡ ਹੈ। 50+ ਔਰਤਾਂ ਕੰਮ ਕਰਦੀਆਂ ਨੇ। ਸਾਲ ਦਾ ਟਰਨਓਵਰ 2 ਕਰੋੜ ਤੋਂ ਉੱਪਰ ਹੈ। ਅਮੇਜ਼ਨ, ਫਲਿੱਪਕਾਰਟ 'ਤੇ ਮਾਲ ਜਾਂਦਾ। ਦੁਬਈ, ਕੈਨੇਡਾ ਤੱਕ ਆਰਡਰ ਜਾਂਦੇ।

ਪਿਛਲੇ ਮਹੀਨੇ ਪ੍ਰੀਤ ਨੂੰ "ਪੰਜਾਬ ਬਿਜ਼ਨਸ ਵੁਮੈਨ ਐਵਾਰਡ" ਮਿਲਿਆ। ਸਟੇਜ 'ਤੇ ਉਸਨੇ ਉਹੀ 3000 ਵਾਲਾ ਪਹਿਲਾ ਖਾਤਾ ਦਿਖਾਇਆ। ਕਹਿੰਦੀ:

"ਲੋਕ ਪੁੱਛਦੇ ਨੇ ਕਿ ਕਾਰੋਬਾਰ ਲਈ ਸਭ ਤੋਂ ਜ਼ਰੂਰੀ ਕੀ ਹੁੰਦਾ? ਪੈਸਾ? ਡਿਗਰੀ? ਸਾਧਨ? ਨਹੀਂ। ਸਭ ਤੋਂ ਜ਼ਰੂਰੀ ਹੁੰਦਾ – ਹੌਂਸਲਾ। ਪੈਸਾ ਖਤਮ ਹੋ ਸਕਦਾ, ਸਾਧਨ ਟੁੱਟ ਸਕਦੇ, ਪਰ ਜੇ ਹੌਂਸਲਾ ਜ਼ਿੰਦਾ ਹੈ ਤਾਂ ਤੁਸੀਂ ਖਾਲੀ ਜੇਬ ਨਾਲ ਵੀ ਕੰਪਨੀ ਖੜ੍ਹੀ ਕਰ ਸਕਦੇ ਹੋ।

ਮੇਰੀ ਦਾਦੀ ਕਹਿੰਦੀ ਸੀ – ਅਚਾਰ 'ਚ ਸੁਆਦ ਉਸੇ ਵੇਲੇ ਆਉਂਦਾ ਜਦੋਂ ਉਹ ਧੁੱਪੇ-ਛਾਂ ਸਹੇ। ਕਾਰੋਬਾਰ ਵੀ ਐਦਾਂ ਹੀ ਐ। ਧੁੱਪ ਮਤਲਬ ਮੁਸੀਬਤ, ਛਾਂ ਮਤਲਬ ਆਰਾਮ। ਦੋਵੇਂ ਜਰੂਰੀ ਨੇ। ਬਸ ਡਰ ਕੇ ਡੱਬਾ ਬੰਦ ਨਾ ਕਰਿਓ।"

ਅੱਜ ਪ੍ਰੀਤ ਦੀ ਦੁਕਾਨ ਦੇ ਬਾਹਰ ਬੋਰਡ ਲੱਗਾ ਹੈ:

"ਦਾਦੀ ਦਾ ਸੁਆਦ – ਜਿੱਥੇ ਹੌਂਸਲੇ ਨਾਲ ਕਾਰੋਬਾਰ ਪੱਕਦਾ ਐ"



ਮਨਜੀਤ ਕੌਰ

# "ਚਿੱੜੀ ਦਾ ਆਲ੍ਹਣਾ"

ਜਦੋਂ ਮੈਂ ਮਾਂ ਦੇ ਪੇਟੋਂ ਜੰਮੀ !
ਲੋਕਾਂ ਨਾਉਂ ਰੱਖਿਆ ਮੇਰਾ ਕੁੜੀਆਂ !
ਮੁੰਡਿਆਂ ਲਈ ਨਿੰਮਾਂ ਦੇ ਸਿਹਰੇ !
ਕੁੜੀਆਂ ਖਾਤਰ ਫੜੀਆਂ ਛੁਰੀਆਂ !
ਮੋਹ ਮਮਤਾ ਦੀ ਮਜਬੂਰੀ ਅੰਦਰ ,
ਮੈਨੂੰ ਜਿਹੜਾ ਲਾਡ ਲਡਾਇਆ !
ਗਹੁ ਨਾਲ ਜੇ ਵੇਖੋਂ ਉਸ ਨੂੰ ,
ਸਮਾਜ ,ਚ, ਦਿਸਦਾ ਨੱਫਰਤ ਦਾ ਸਾਇਆ !
ਪਿਉ ਦਾ ਘਰ ਮੈਂ ਲਿੱਪ ਪੋਚਕੇ !
ਧਨ ਪਰਾਇਆ ਬਣ ਗਈ ,
ਕੁੜੀ ਤੋਂ ਬੱਣਕੇ ਨਾਂਓ ਚਿੱੜੀ ਦਾ !
ਸਹੁਰੇ ਘਰ ਵਿਚ ਠੱਣ ਗਈ !
ਨਾ ਮੈਨੂੰ ਪੇਕਿਆਂ ਨੇ ਰੱਖਿਆ !
ਨਾ ਮੈਂ ਸਹੁਰਿਆਂ ਦੀ ਜਿੱਥੇ !
ਚਿੱੜੀਆਂ ਬੈਠੀਆਂ ਵਿਚ ਆਲ੍ਹਣੇ ,
ਦੱਸੋ ਮੇਰਾ ਆਲ੍ਹਣਾ ਕਿੱਥੇ ?
ਚਿੱੜੀਆਂ ਦਾ ਚੰਬਾ ਖੁਸ਼ੀ ਮਨ ਦੀ ,
ਹੋ ਗਈ ਡਾਰ ਪਰਾਈ !
ਚਿੱੜੀਆਂ ਨੂੰ ਉੱਥੇ ਕੋਈ ਨਾ ਪੁੱਛੇ !
ਜਿੱਥੇ ਕਾਂਵਾਂ ਰੌਲੀ ਪਾਈ !
ਗਿਲ੍ਹੇ ਸਾਂਉਕੇ ਸੁੱਕਾ ਰੱਖਿਆ
ਪੁੱਤ ਨੂੰ ਵੱਡਾ ਕੀਤਾ !
ਪਿਉ ਪਿੱਛੋਂ ਹੁਣ ਪੁੱਤ ਮੇਰੇ ਨੇ,
ਘਰ ਉੱਤੇ ਕਬਜ਼ਾ ਕੀਤਾ !
ਪੀੜ੍ਹੀ ਦਰ ਪੀੜ੍ਹੀ ਬੰਦਿਆਂ ਨੇ
ਦੁੱਧ ਮਾਂ ਚਿੱੜੀ ਦਾ ਪੀਤਾ !
ਇਹ ਸਾਰੇ ਘਰ ਦੇ ਮਾਲਕ ਬਣ ਗਏ !
ਚਿੱੜੀ ਬੱਣਕੇ ਰਹਿ ਗਈ ਇਕ ਰਿਸ਼ਤਾ !
ਪਿਉ ਦਾ ਘਰ ਸਹੁਰੇ ਦਾ ਘਰ ,
ਪੁੱਤ ਦਾ ਘਰ ਹੈ ਜਿੱਥੇ !
ਦੱਸੋ ਮੈਨੂੰ ਭੱਲਿਓ ਲੋਕੋ !
ਮੇਰਾ ਘਰ ਹੈ ਕਿੱਥੇ !?

ਗ . ਘੁਮਾਣ “, 9501848436

# "ਸੰਸਕ੍ਰਿਤ ਪੰਜਾਬੀ ਬੋਲੀ ਦੀ ਮਾਂ ਨਹੀਂ ਏ,... ਕੋਈ ਵੀ ਬੋਲੀ ਕਿਸੇ ਦੂਸਰੀ ਬੋਲੀ ਦੀ ਮਾਂ ਨਹੀਂ ਹੋ ਸਕਦੀ" – ਪ੍ਰੋ. ਸਿਕੰਦਰ ਸਿੰਘ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ 'ਪਿਤਾ-ਦਿਵਸ' 'ਤੇ ਪਿਤਾ ਦੀ ਅਹਿਮੀਅਤ ਨੂੰ ਬਾਖ਼ੂਬੀ ਯਾਦ ਕੀਤਾ ਤੇ ਕਵੀ-ਦਰਬਾਰ ਹੋਇਆ





ਬਰੈਂਪਟਨ, (ਡਾ. ਝੰਡ) – ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋ ਇਸ ਮਹੀਨੇ ਦਾ ਸਮਾਗਮ ਲੰਘੇ ਐਤਵਾਰ 21 ਜੂਨ ਨੂੰ 'ਪਿਤਾ-ਦਿਵਸ' ਨੂੰ ਸਮਰਪਿਤ ਕੀਤਾ ਗਿਆ। ਸਮਾਜ ਵਿੱਚ ਪਿਤਾ ਦੀ ਅਹਿਮੀਅਤ ਨੂੰ ਦਰਸਾਉਂਦਿਆਂ ਵਿਦਵਾਨਾਂ ਵੱਲੋਂ ਆਪਣੇ ਪੇਪਰ ਪੜ੍ਹੇ ਗਏ। ਇਸ ਦੌਰਾਨ ਹੋਏ ਕਵੀ-ਦਰਬਾਰ ਵਿੱਚ ਬਹੁਤੀਆਂ ਕਵਿਤਾਵਾਂ 'ਪਿਤਾ-ਦਿਵਸ' ਬਾਰੇ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ (ਡਾ.) ਸਿਕੰਦਰ ਸਿੰਘ ਨੇ ਪੰਜਾਬੀ ਬੋਲੀ ਦੇ ਆਰੰਭ ਅਤੇ ਇਸਦੇ ਪਸਾਰ ਬਾਰੇ ਰੌਚਕਤਾ ਭਰਪੂਰ ਤੱਥ ਦਰਸਾਏ। ਇਸ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸਿਕੰਦਰ ਸਿੰਘ, ਕਿਰਪਾਲ ਸਿੰਘ ਪੰਨੂੰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ ਅਤੇ ਕਰਨ ਅਜਾਇਬ ਸਿੰਘ ਸੰਘਾ ਸੁਸ਼ੋਭਿਤ ਸਨ।

ਸਮਾਗਮ ਦੇ ਆਰੰਭ ਵਿੱਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਹਿੰਦਿਆਂ ਸਾਰਿਆਂ ਨੂੰ 'ਪਿਤਾ-ਦਿਵਸ' ਦੀ ਵਧਾਈ ਦਿੱਤੀ ਗਈ ਅਤੇ ਨਾਲ ਹੀ ਇਸ ਦਿਨ ਦੀ ਅਹਿਮੀਅਤ ਦਰਸਾਉਂਦਿਆਂ ਉਨ੍ਹਾਂ ਕਿਹਾ ਕਿ ਪਿਤਾ ਦੇ ਕੋਲ ਦੋ 'ਹਥਿਆਰ' ਹਨ – 'ਥਾਪੜਾ' ਅਤੇ 'ਥੱਪੜ'। ਜਦੋਂ ਬੱਚੇ ਚੰਗੇ ਤੇ ਸ਼ਲਾਘਾਯੋਗ ਕੰਮ ਕਰਦੇ ਹਨ ਤਾਂ ਪਿਤਾ ਵੱਲੋਂ ਉਨ੍ਹਾਂ ਨੂੰ ਸ਼ਾਬਾਸ਼ ਵਜੋਂ ਥਾਪੜਾ ਦਿੱਤਾ ਜਾਂਦਾ ਹੈ ਅਤੇ ਮਾੜੇ ਕੰਮਾਂ ਤੇ ਆਦਤਾਂ ਤੋਂ ਵਰਜਣ ਲਈ ਉਨ੍ਹਾਂ ਨੂੰ ਕਈ ਵਾਰ ਥੱਪੜ ਵੀ ਲਗਾਉਣਾ ਪੈਂਦਾ ਹੈ। ਉਨ੍ਹਾਂ ਹੋਰ ਕਿਹਾ ਕਿ ਪਿਤਾ ਦੀ ਅਹਿਮੀਅਤ ਦਾ ਪਤਾ ਉਸਦੇ ਜਾਣ ਤੋਂ ਬਾਅਦ ਹੀ ਲੱਗਦਾ ਹੈ। ਇਸਦੇ ਨਾਲ ਹੀ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿਤਾ ਗਿਆ ਜਿਨ੍ਹਾਂ ਨੇ ਸਭਾ ਦੇ ਮੈਂਬਰ ਜੱਸੀ ਭੁੱਲਰ (ਢਪਾਲੀ) ਦਾ ਪਿਤਾ ਸਬੰਧੀ ਲਿਖਿਆ ਗੀਤ ਸੁਣਾ ਕੇ ਸਮੂਹ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਉੱਘੇ ਕਹਾਣੀਕਾਰ ਤੇ ਨਾਵਲ ਲੇਖਕ ਕੁਲਜੀਤ ਮਾਨ ਨੇ ਇਸ ਸਬੰਧ ਵਿੱਚ ਬੋਲਦਿਆਂ ਕਿਹਾ ਕਿ ਹਰੇਕ ਪਿਤਾ ਆਪਣੇ ਬੱਚਿਆਂ ਨੂੰ ਬੇਹੱਦ ਪਿਆਰ ਕਰਦਾ ਹੈ। ਕਹਾਵਤ 'ਮਾਂ-ਪਿਓ ਦੀਆਂ ਗਾਹਲਾਂ, ਦੁੱਧ ਘਿਓ ਦੀਆਂ ਨਾਲ਼ਾਂ' ਦੇ ਹਵਾਲੇ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਿਤਾ ਦੀਆਂ ਝਿੜਕਾਂ ਤੇ ਦਬਕੇ ਆਪਣੇ ਬੱਚਿਆਂ ਦੀਆਂ ਆਦਤਾਂ ਸੁਧਾਰਨ ਲਈ ਹੁੰਦੇ ਹਨ। ਵਿਅੰਗਾਤਮਿਕ ਲਹਿਜ਼ੇ 'ਚ ਉਨ੍ਹਾਂ ਅੱਗੇ ਚੱਲ ਕੇ ਕਿਹਾ ਕਿ ਪਖੰਡੀ ਹੋਣਾ ਸਾਡੀ ਸ਼ੈਲੀ ਨਹੀਂ, ਸਗੋਂ ਲੋੜ ਹੈ ਅਤੇ ਕਈ ਵਾਰ ਅਸੀਂ ਆਪਣੇ ਪਰਿਵਾਰ ਨਾਲ ਤੇ ਆਪਣੇ ਆਪ ਨਾਲ ਵੀ ਪਖੰਡ ਕਰਦੇ ਹਾਂ। ਸਭਾ ਦੀ ਸਰਗਰਮ ਮੈਂਬਰ ਸੁਰਿੰਦਰਜੀਤ ਕੌਰ ਨੇ ਕਿਹਾ ਕਿ ਗੁਰਬਾਣੀ ਵਿੱਚ ਪਿਤਾ ਦੀ ਪਾਣੀ ਨਾਲ ਤੁਲਣਾ ਕਰਦਿਆਂ ਹੋਇਆਂ 'ਗੁਰੂ' ਤੋਂ ਬਾਅਦ ਦੂਸਰਾ ਦਰਜਾ ਦਿੱਤਾ ਗਿਆ ਹੈ– "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ॥" ਪਿਤਾ ਦਾ ਸੁਭਾਅ ਪਾਣੀ ਵਾਂਗ ਨਿਰਮਲ, ਸ਼ਾਂਤ ਤੇ ਲਗਾਤਾਰਤਾ ਵਾਲਾ ਹੈ ਅਤੇ ਉਹ ਆਪਣੇ ਬੱਚਿਆਂ ਦੀ ਹਰੇਕ ਖ਼ੁਸ਼ੀ, ਮੰਗ ਤੇ ਚਾਹਤ ਦਾ ਕੇਵਲ ਖ਼ਿਆਲ ਹੀ ਨਹੀਂ ਰੱਖਦਾ ਹੈ, ਸਗੋਂ ਉਸ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ।

ਸਭਾ ਦੇ ਮੈਂਬਰ ਰਾਜ ਕੁਮਾਰ ਓਸ਼ੋਰਾਜ ਵੱਲੋਂ ਪ੍ਰੋ. ਸਿਕੰਦਰ ਸਿੰਘ ਬਾਰੇ ਸੰਖੇਪ ਜਾਣ-ਪਛਾਣ ਤੋਂ ਬਾਅਦ ਪੰਜਾਬੀ ਬੋਲੀ ਦੀ ਸ਼ੁਰੂਆਤ ਦੀ ਗੱਲ ਕਰਦਿਆਂ ਪ੍ਰੋ. ਸਿਕੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨੀ ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' ਹੈ। ਉਨ੍ਹਾਂ ਕਿਹਾ ਕਿ ਕਈ ਵਿਦਵਾਨ ਜੋ ਸੰਸਕ੍ਰਿਤ ਨੂੰ ਕਈਆਂ ਬੋਲੀਆਂ ਦੀ ਸ਼ੁਰੂਆਤ ਮੰਨਦੇ ਹਨ, ਪੰਜਾਬੀ ਨੂੰ ਵੀ ਏਸੇ ਸ਼੍ਰੇਣੀ ਵਿੱਚ ਸ਼ਾਮਲ ਕਰਦਿਆਂ ਹੋਇਆਂ ਕਹਿੰਦੇ ਹਨ ਕਿ 'ਸੰਸਕ੍ਰਿਤ ਪੰਜਾਬੀ ਬੋਲੀ ਦੀ ਮਾਂ ਹੈ' ਜੋ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰੇਕ ਬੋਲੀ ਦਾ ਆਪੋ ਆਪਣਾ ਖਾਸਾ ਹੈ ਅਤੇ ਕੋਈ ਵੀ ਬੋਲੀ ਕਿਸੇ ਦੀ ਮਾਂ ਨਹੀਂ ਹੋ ਸਕਦੀ। ਕਿਸੇ ਬੋਲੀ ਦੇ ਪਿਛੋਕੜ ਨੂੰ ਜਾਣਨ ਦਾ ਪਹਿਲਾ ਮਾਪਦੰਡ 'ਸਥਾਨਕਤਾ' ਹੈ। ਦੂਸਰਾ ਮਾਪਦੰਡ 'ਪ੍ਰਚਾਰ' ਤੇ ਤੀਸਰਾ 'ਪਸਾਰ' ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਪੰਜਾਬ ਦੇ ਖਿੱਤੇ ਦੀ ਬੋਲੀ ਹੈ ਅਤੇ ਹਰੇਕ ਖਿੱਤੇ ਦੀ ਬੋਲੀ ਨੂੰ ਨਵੀਂ ਭਾਸ਼ਾ ਦੀ ਲੋੜ ਪੈਂਦੀ ਹੈ। ਪੰਜਾਬੀ ਬੋਲੀ ਤੇ ਭਾਸ਼ਾ ਦਾ ਜਨਮ ਪੰਜਾਬ ਵਿੱਚ ਹੋਇਆ। ਇਸ ਦੀ ਪੁਰਾਤਨਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਬੋਲੀ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਪੰਜਾਬ ਹੈ। ਉਨ੍ਹਾਂ ਕਿਹਾ ਕਿ ਪਿਆਰਾ ਸਿੰਘ ਪਦਮ ਅਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਈ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਇਸਦੀ ਭਰਪੂਰ ਗਵਾਹੀ ਭਰਦੀਆਂ ਹਨ। ਇਸਦੇ ਨਾਲ ਹੀ ਹੜੱਪਾ ਤੇ ਮੋਹਿੰਜੋਦਾੜੋ ਦੀਆਂ ਸੱਭਿਅਤਾਵਾਂ ਇਸ ਦੀਆਂ ਸਥੂਲ ਗਵਾਹ ਹਨ। ਉਨ੍ਹਾਂ ਹੋਰ ਕਿਹਾ ਕਿ ਭਾਸ਼ਾਵਾਂ ਦਾ ਆਪਸੀ ਰਿਸ਼ਤਾ ਹੁੰਦਾ ਹੈ ਅਤੇ ਇਸ ਨਾਲ ਸ਼ਬਦਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਪੰਜਾਬੀ ਦਾ ਅਰਬੀ, ਫ਼ਾਰਸੀ, ਪਾਲੀ ਅਤੇ ਸੰਸਕ੍ਰਿਤ ਨਾਲ ਵੀ ਓਹੀ ਰਿਸ਼ਤਾ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਕਈ ਅੰਗਰੇਜ਼ੀ ਤੇ ਪੰਜਾਬੀ ਪੁਸਤਕਾਂ ਦੇ ਹਵਾਲੇ ਵੀ ਦਿੱਤੇ ਗਏ। ਉਪਰੰਤ, ਇਸ ਸਬੰਧੀ ਰਾਜਕੁਮਾਰ ਓਸ਼ੋਰਾਜ, ਭੁਪਿੰਦਰ ਦੁਲੇ, ਪ੍ਰੋ. ਆਸ਼ਿਕ ਰਹੀਲ, ਮਿਰਜ਼ਾ ਨਸੀਮ ਅਹਿਮਦ, ਡਾ. ਸੁਖਦੇਵ ਸਿੰਘ ਝੰਡ ਤੇ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਪ੍ਰੋ. ਸਿਕੰਦਰ ਸਿੰਘ ਹੁਰਾਂ ਵੱਲੋਂ ਪੂਰੇ ਤਸੱਲੀਪੂਰਵਕ ਦਿੱਤੇ ਗਏ। ਕਿਰਪਾਲ ਸਿੰਘ ਪੰਨੂੰ ਵੱਲੋਂ ਇਸ ਪਹਿਲੇ ਸੈਸ਼ਨ ਦੀ ਕਾਰਵਾਈ ਨੂੰ ਬੜੇ ਸੁਚੱਜੇ ਢੰਗ ਨਾਲ ਸਮੇਟਿਆ ਗਿਆ। ਸਮਾਗਮ ਦੇ ਦੂਸਰੇ ਸੈਸ਼ਨ ਕਵੀ-ਦਰਬਾਰ ਦੇ ਮੰਚ-ਸੰਚਾਲਕ ਡਾ. ਜਗਮੋਹਨ ਸੰਘਾ ਵੱਲੋਂ ਸੱਭ ਤੋਂ ਪਹਿਲਾਂ ਮਕਸੂਦ ਚੌਧਰੀ ਨੂੰ ਮੰਚ 'ਤੇ ਬੁਲਾਇਆ ਗਿਆ ਅਤੇ ਫਿਰ ਨੌਜੁਆਨ ਕਵੀਆਂ ਅਮਰਜੀਤ ਭੁੱਲਰ ਤੇ ਕਰਨਦੀਪ ਸਰਤਾਜ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਪੇਸ਼ ਕੀਤੀਆਂ। ਉਨ੍ਹਾਂ ਤੋਂ ਬਾਅਦ ਗੁਰਦੇਵ ਚੌਹਾਨ, ਜੱਸੀ ਭੁੱਲਰ ਢਪਾਲੀ, ਮਲਵਿੰਦਰ, ਸਮਿੰਦਰਜੀਤ ਕੌਰ ਗਿੱਲ, ਕਰਨ ਅਜਾਇਬ ਸੰਘਾ, ਰਾਜਕੁਮਾਰ ਓਸ਼ੋਰਾਜ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਦਰਸ਼ਨ ਸਿੰਘ ਸਿੱਧੂ, ਸੁਰਿੰਦਰਜੀਤ ਕੌਰ, ਪ੍ਰੋ. ਆਸ਼ਿਕ ਰਹੀਲ, ਜਗਮੋਹਨ ਸੰਘਾ ਅਤੇ ਭੁਪਿੰਦਰ ਦੁਲੇ ਨੇ ਵਾਰੋ-ਵਾਰੀ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾ ਕੇ ਪੂਰਾ ਕਾਵਿ-ਮਈ ਮਾਹੌਲ ਸਿਰਜਿਆ। ਇਸ ਮੌਕੇ 'ਪਿਤਾ-ਦਿਵਸ' ਨੂੰ ਸਮਰਪਿਤ ਬਹੁਤ ਸਾਰੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਨੇ ਸਰੋਤਿਆਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਪਰ ਨੌਜੁਆਨ ਕਵਿੱਤਰੀ ਸਮਿੰਦਰਜੀਤ ਗਿੱਲ ਦੀ ਅਤੀ-ਭਾਵੁਕ ਕਵਿਤਾ ਨੇ ਤਾਂ ਕਈਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਇਸ ਕਵੀ-ਦਰਬਾਰ ਦਾ ਵਿਸ਼ੇਸ਼ ਹਾਸਲ ਇਹ ਕਵਿੱਤਰੀ ਅਤੇ ਨੌਜੁਆਨ ਕਵੀ ਅਮਰਜੀਤ ਭੁੱਲਰ ਤੇ ਕਰਨਦੀਪ ਸਰਤਾਜ ਸਨ ਜਿਨ੍ਹਾਂ ਨੇ ਇਸ ਦੌਰਾਨ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਭੁਪਿੰਦਰ ਦੁਲੇ, ਪ੍ਰੋ. ਆਸ਼ਿਕ ਰਹੀਲ, ਦਰਸ਼ਨ ਸਿੰਘ ਸਿੱਧੂ ਅਤੇ ਸੁਰਿੰਦਰਜੀਤ ਕੌਰ ਬਿਰਾਜਮਾਨ ਸਨ। ਅਖ਼ੀਰ ਵਿੱਚ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਪ੍ਰੋ. ਸਿਕੰਦਰ ਸਿੰਘ, ਸਮੂਹ ਬੁਲਾਰਿਆਂ, ਮਹਿਮਾਨਾਂ ਅਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗਮ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਨੌਜੁਆਨ ਕਵੀ ਤੇ ਕਵਿੱਤਰੀਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹੋਰ ਕਵੀਆਂ ਨੂੰ ਵੀ ਆਪਣੇ ਨਾਲ ਲਿਆਉਣ ਦੀ ਕੋਸ਼ਿਸ਼ ਕਰਨ, ਕਿਉਂਕਿ ਇਸ ਪਲੇਟਫ਼ਾਰਮ 'ਤੇ ਉੱਭਰਦੇ ਕਵੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਲਹਿੰਦੇ ਪੰਜਾਬ ਤੋਂ ਜਨਾਬ ਸਮੀ ਉਲ੍ਹਾ, ਮਿਰਜ਼ਾ ਨਸੀਮ ਅਹਿਮਦ, ਮੁਜ਼ੱਫਰ ਰਾਜਪੂਤ ਅਤੇ ਚੜ੍ਹਦੇ ਪੰਜਾਬ ਤੋਂ ਹਰਜੀਤ ਬਾਜਵਾ, ਹਰਪਨਪ੍ਰੀਤ ਸਿੰਘ, ਹਰਬੰਸ ਸਿੰਘ 'ਸਰੋਕਾਰਾਂ ਦੀ ਆਵਾਜ਼', ਬਲਵਿੰਦਰ ਸਿੰਘ ਚੀਮਾ, ਪਤਵੰਤ ਕੌਰ ਪੰਨੂੰ ਤੇ ਕਈ ਹੋਰ ਸ਼ਾਮਲ ਸਨ।

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ 'ਪਿਤਾ-ਦਿਵਸ' ਅਤੇ 'ਅੰਤਰਰਾਸ਼ਟਰੀ ਯੋਗਾ-ਦਿਵਸ' ਮਨਾਇਆ

## 98 ਸਾਲਾ ਪ੍ਰਤਾਪ ਸਿੰਘ ਪੰਫੇਰ ਨੂੰ ਕਲੱਬ ਵੱਲੋਂ ਕੀਤਾ ਗਿਆ ਸਨਮਾਨਿਤ



ਐਰਾਮੋਸਾ, ਓਨਟਾਰੀਓ, (ਡਾ. ਝੰਡ) – ਲੰਘੇ ਐਤਵਾਰ 21 ਜੂਨ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੇ 100 ਤੋਂ ਵਧੇਰੇ ਮੈਂਬਰਾਂ ਨੇ ਗੁਅੱਲਫ਼ ਦੇ ਨੇੜੇ ਰੌਕਵੁੱਡ ਕੰਜ਼ਵੇਸ਼ਨ ਏਰੀਏ ਦੀ ਬੀਚ ਐਰਾਮੋਸਾ ਪਹੁੰਚ ਕੇ ਅਤੇ ਉੱਥੇ ਯੋਗਾ ਕਰਕੇ 'ਪਿਤਾ-ਦਿਵਸ' ਅਤੇ 'ਅੰਤਰਰਾਸ਼ਟਰੀ ਯੋਗਾ-ਦਿਵਸ' ਸਮੂਹਿਕ ਰੂਪ ਵਿੱਚ ਮਨਾਏ। ਉਹ ਦੋ ਬੱਸਾਂ 'ਤੇ ਸਵਾਰ ਹੋ ਕੇ ਇਸ ਰਮਣੀਕ ਜਗ੍ਹਾ 'ਤੇ ਪਹੁੰਚੇ।

ਉੱਥੇ ਪਹੁੰਚਣ 'ਤੇ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਸਾਰੇ ਮੈਂਬਰਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦਿਆਂ 'ਪਿਤਾ-ਦਿਵਸ' ਦੀ ਮਹਾਨਤਾ ਬਾਰੇ ਗੱਲ ਕਰਦਿਆਂ ਕਿਹਾ, "ਪਿਤਾ-ਦਿਵਸ ਮਨਾਉਣਾ ਇੱਕ ਅਜਿਹਾ ਮੌਕਾ ਹੈ ਜਿੱਥੇ ਅਸੀਂ ਪਿਆਰ, ਕੁਰਬਾਨੀ, ਸਿਆਣਪ ਵਰਗੀਆਂ ਬਹੁ-ਮੁੱਲੀਆਂ ਮਨੁੱਖੀ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਆਪਣੇ ਵੱਡੇ-ਵਡੇਰਿਆਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਕੋਲੋਂ ਇਹ ਸਾਨੂੰ ਵਿਰਸੇ ਵਿੱਚ ਪ੍ਰਾਪਤ ਹੋਈਆਂ ਹੁੰਦੀਆਂ ਹਨ। ਇਹ ਭਾਵਨਾਵਾਂ ਸਾਡੇ ਵਿੱਚ ਦੋਸਤਾਨਾਂ ਸਬੰਧਾਂ ਨੂੰ ਮਜ਼ਬੂਤ ਕਰਦੀਆਂ ਹਨ, ਇਕੱਲੇਪਨ ਨੂੰ ਘਟਾਉਂਦੀਆਂ ਹਨ ਅਤੇ ਸਿਹਤਮੰਦ ਤੇ ਚੁਸਤ-ਦਰੱਸਤ ਜੀਵਨ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਬੜਾ ਸ਼ਾਨਦਾਰ ਮੌਕਾ-ਮੇਲ਼ ਹੈ ਕਿ ਅਸੀਂ 'ਪਿਤਾ-ਦਿਵਸ' ਅਤੇ 'ਅੰਤਰਰਾਸ਼ਟਰੀ ਯੋਗਾ-ਦਿਵਸ' ਇਕੱਠੇ ਮਨਾ ਰਹੇ ਹਾਂ ਜੋ ਸਾਡੇ ਲਈ ਪਰਿਵਾਰਕ ਕਦਰਾਂ-ਕੀਮਤਾਂ, ਸ਼ੁਕਰਗੁਜ਼ਾਰੀ, ਸਰੀਰਕ ਤੰਦਰੁਸਤੀ ਅਤੇ ਦਿਮਾਗ਼ੀ ਸ਼ਾਂਤੀ ਬਣਾਏ ਰੱਖਣ ਲਈ ਜ਼ਰੂਰੀ ਹਨ।" ਚੂਨੇ ਵਾਲੇ ਪੱਥਰ ਦੀਆਂ ਚਟਾਨਾਂ, ਕੁੰਦਰਾਂ, ਗੁਫ਼ਾਵਾਂ, ਪੈਦਲ ਚੱਲਣ ਲਈ ਬਣੀਆਂ ਖ਼ੂਬਸੂਰਤ ਟਰੇਲਾਂ, ਰੇਤਲੀਆਂ ਬੀਚਾਂ, ਐਰਾਮੋਸਾ ਦਰਿਆ ਦੇ ਵਗਦੇ ਨਿਰਮਲ ਪਾਣੀ ਅਤੇ ਆਲ਼ੇ-ਦੁਆਲ਼ੇ ਦੀ ਸੁੰਦਰਤਾ ਨਾਲ ਘਿਰਿਆ ਹੋਇਆ ਰੌਕਵੁੱਡ ਕੰਜ਼ਰਵੇਸ਼ਨ ਏਰੀਆ ਬਹੁਤ ਹੀ ਸੁੰਦਰ ਤੇ ਰਮਣੀਕ ਸਥਾਨ ਹੈ ਜਿੱਥੇ ਕਲੱਬ ਦੇ ਮੈਂਬਰਾਂ ਨੇ ਇਹ ਮਹੱਤਵਪੂਰਨ ਦਿਨ ਮਨਾਉਣ ਦਾ ਸ਼ਾਨਦਾਰ ਤੇ ਸਿਆਣਪ ਭਰਪੂਰ ਫ਼ੈਸਲਾ ਕੀਤਾ ਹੈ। ਇੱਥੇ ਪਹੁੰਚ ਕੇ ਅੰਤਰਰਾਸ਼ਟਰੀ ਯੋਗਾ ਦਿਵਸ ਦੇ ਸਬੰਧ ਵਿੱਚ ਮੈਂਬਰਾਂ ਨੂੰ 'ਬੀਚ ਉੱਪਰ ਯੋਗਾ' ਕਰਵਾਉਣ ਤੋਂ ਪਹਿਲਾਂ ਸਰਟੀਫਾਈਡ ਯੋਗਾ ਇੰਸਟਰੱਕਟਰ ਅਨੁਜਾ ਕਾਬੁਲੀ ਵੱਲੋਂ ਮੈਂਬਰਾਂ ਨੂੰ ਪਹਿਲਾਂ ਸਰੀਰ ਤੇ ਦਿਮਾਗ਼ ਲਈ ਯੋਗਾ ਦੀ ਅਹਿਮੀਅਤ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਫਿਰ ਯੋਗਾ ਦੇ ਕਈ ਆਸਣਾਂ ਦਾ ਅਭਿਆਸ ਕਰਵਾਇਆ ਗਿਆ।

ਇਸ ਦੌਰਾਨ ਸੱਭ ਤੋਂ ਸ਼ਾਨਦਾਰ ਤੇ ਮਹੱਤਵਪੂਰਨ ਮੌਕਾ ਆਪਣੇ ਪਰਿਵਾਰ ਨਾਲ ਪਹੁੰਚੇ 98 ਸਾਲ ਦੇ ਬਾਪੂ ਪ੍ਰਤਾਪ ਸਿੰਘ ਪੰਫੇਰ ਨੂੰ ਕਲੱਬ ਵੱਲੋਂ ਸਨਮਾਨਿਤ ਕਰਨਾ ਸੀ। ਕਲੱਬ ਦੇ ਮੈਂਬਰਾਂ ਵੱਲੋਂ ਖੜੇ ਹੋ ਕੇ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਤੰਦਰੁਸਤ ਤੇ ਲੰਮੀ ਉਮਰ ਲਈ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ। ਉਨ੍ਹਾਂ ਵੱਲੋਂ ਇਸ ਸਮੇਂ ਇੱਥੇ ਕਲੱਬ ਮੈਂਬਰਾਂ ਦੇ ਨਾਲ ਸ਼ਾਮਲ ਹੋਣਾ ਪਰਿਵਾਰਕ ਕਦਰਾਂ-ਕੀਮਤਾਂ ਨੂੰ ਬੜ੍ਹਾਵਾ ਦੇਣਾ ਅਤੇ ਕਲੱਬ ਵੱਲੋਂ 'ਪਿਤਾ-ਦਿਵਸ' ਨੂੰ ਸਹੀ ਮਾਅਨਿਆਂ ਵਿੱਚ ਮਨਾਏ ਜਾਣ ਵਾਲੇ ਜਸ਼ਨ ਨੂੰ ਬਾਖ਼ੂਬੀ ਦਰਸਾ ਰਿਹਾ ਸੀ। ਇਸ ਮੌਕੇ ਗੀਤ-ਸੰਗੀਤ, ਹਾਸੇ-ਮਜ਼ਾਕ, ਨਾਚ-ਗਾਣੇ ਅਤੇ ਸੁਆਦਲੇ ਖਾਣੇ ਨੇ ਇਸ ਖ਼ੁਸ਼ੀ ਵਿੱਚ ਹੋਰ ਵੀ ਵਾਧਾ ਕੀਤਾ। ਕਮਲ ਬਬਰਾ ਅਤੇ ਜਿਓਤੀ ਵੱਲੋਂ ਮਨੋਰੰਜਨ ਦੀਆ ਆਾਈਟਮਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ।

ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਨੇ ਇਸ ਮੌਕੇ ਬੋਲਦਿਆਂ ਕਿਹਾ, "ਸਾਡੇ ਮੈਂਬਰ ਇੱਕ ਪਰਿਵਾਰ ਵਾਂਗ ਹਨ। ਉਨ੍ਹਾਂ ਦੀ ਖ਼ੁਸ਼ੀ, ਸਿਹਤ ਅਤੇ ਭਲਾਈ ਦਾ ਧਿਆਨ ਰੱਖਣਾ ਸਾਡੀ ਸੱਭ ਤੋਂ ਵੱਡੀ ਪਹਿਲ ਹੈ। ਇੱਥੇ ਹਰੇਕ ਮੈਂਬਰ ਨੂੰ ਇਸ ਖ਼ੁਸ਼ੀ ਭਰੇ ਮਾਹੌਲ ਵਿੱਚ ਵੇਖ ਕੇ ਮਨ ਬਹੁਤ ਖ਼ੁਸ਼ ਹੁੰਦਾ ਹੈ। ਇਹ ਸ਼ਾਨਦਾਰ ਪਲ ਸਾਡੀਆਂ ਸਦੀਵੀ ਯਾਦਾਂ ਦੇ ਖ਼ੂਬਸੂਰਤ 'ਲਮਹੇ' ਬਣ ਜਾਂਦੇ ਹਨ।" ਇਸ ਦੌਰਾਨ ਜੂਨ ਮਹੀਨੇ ਵਿੱਚ ਮੈਂਬਰਾਂ ਦੇ ਜਨਮ-ਦਿਨ ਸਾਂਝੇ ਤੌਰ 'ਤੇ ਮਨਾਏ ਗਏ। ਮੈਂਬਰਾਂ ਵੱਲੋਂ ਆਪਣੇ ਸੈੱਲਫ਼ੋਨਾਂ ਨਾਲ ਇੱਕ ਦੂਸਰੇ ਦੀਆਂ ਅਤੇ ਕਈ ਗਰੁੱਪ ਤਸਵੀਰਾਂ ਲੈ ਕੇ ਇਸ ਖ਼ੁਸ਼ੀ ਭਰੇ ਮਾਹੌਲ ਨੂੰ ਸਾਂਭਿਆ ਗਿਆ। ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਮੈਂਬਰਾਂ, ਵਾਲੰਟੀਅਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ, "ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਆਪਣੇ ਮੈਂਬਰਾਂ ਦੀ ਸਿਹਤ, ਭਲਾਈ ਅਤੇ ਸੀਨੀਅਰਾਂ ਦੇ ਚੁਸਤ ਜੀਵਨ ਲਈ ਹੋਰ ਵੀ ਵਧੀਆ ਮੌਕੇ ਪੈਦਾ ਕਰਨ ਲਈ ਵਚਨਬੱਧ ਹੈ।" ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ 'ਕੈਨੇਡਾ ਡੇਅ' 12 ਜੁਲਾਈ ਨੂੰ ਮਨਾਇਆ ਜਾਏਗਾ ਅਤੇ ਇਸ =ਦੇ ਇਸਤਰੀ-ਵਿੰਗ ਵੱਲੋਂ ਕਮਲ ਬਬਰਾ ਦੀ ਅਗਵਾਈ ਵਿੱਚ 'ਤੀਆਂ ਦਾ ਮੇਲਾ' 19 ਜੁਲਾਈ ਨੂੰ ਮਨਾਇਆ ਜਾਏਗਾ।

# ਅੰਮ੍ਰਿਤਸਰ 'ਚ ਤਰੁਣ ਚੁੱਘ ਦੀ ਰਿਹਾਇਸ਼ ਬਾਹਰ 'ਆਪ' ਦਾ ਪ੍ਰਦਰਸ਼ਨ



ਅੰਮ੍ਰਿਤਸਰ : ਪੰਜਾਬ ਵਿੱਚ ਅੱਜ ਆਮ ਆਦਮੀ ਪਾਰਟੀ ਵੱਲੋਂ ਸੂਬਾ ਪੱਧਰੀ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਦੇ ਘਰ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਦੌਰਾਨ 'ਆਪ' ਵਰਕਰਾਂ ਨੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਦੋਸ਼ ਲਾਇਆ ਕਿ ਪਾਰਟੀ ਪੰਜਾਬ ਵਿੱਚ ਧਰਮ ਅਤੇ ਨਫ਼ਰਤ ਦੀ ਰਾਜਨੀਤੀ ਕਰਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪ੍ਰਦਰਸ਼ਨ ਵਿੱਚ ਸ਼ਾਮਲ ਵਿਧਾਇਕ ਡਾ. ਅਜੈ ਗੁਪਤਾ ਨੇ ਕਿਹਾ ਕਿ ਭਾਜਪਾ ਲੋਕਾਂ ਨੂੰ ਧਰਮ ਦੇ ਨਾਂ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਦੇ ਲੋਕ ਅਜਿਹੀ ਰਾਜਨੀਤੀ ਨੂੰ ਸਫ਼ਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਅੰਦੋਲਨ ਵਿੱਚੋਂ ਨਿਕਲੀ ਹੋਈ ਪਾਰਟੀ ਹੈ ਅਤੇ ਇਸ ਦੇ ਵਰਕਰ ਕਿਸੇ ਦਬਾਅ ਜਾਂ ਲਾਲਚ ਵਿੱਚ ਆਉਣ ਵਾਲੇ ਨਹੀਂ ਹਨ। ਉੱਥੇ ਹੀ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਦੋਸ਼ ਲਾਇਆ ਕਿ ਭਾਜਪਾ ਲੰਬੇ ਸਮੇਂ ਤੋਂ ਵੱਖ-ਵੱਖ ਰਾਜਾਂ ਵਿੱਚ ਧਾਰਮਿਕ ਧਰੁਵੀਕਰਨ ਦੀ ਰਾਜਨੀਤੀ ਕਰਦੀ ਆ ਰਹੀ ਹੈ ਅਤੇ ਹੁਣ ਪੰਜਾਬ ਵਿੱਚ ਵੀ ਉਹੀ ਰਣਨੀਤੀ ਅਪਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸ਼ਹੀਦਾਂ ਅਤੇ ਦੇਸ਼ ਭਗਤਾਂ ਦੀ ਧਰਤੀ ਹੈ, ਜਿੱਥੇ ਨਫ਼ਰਤ ਦੀ ਰਾਜਨੀਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਭਾਜਪਾ ਤੋਂ ਪੰਜਾਬ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਆਪਣਾ ਰੁਖ ਸਪੱਸ਼ਟ ਕਰਨ ਦੀ ਮੰਗ ਕੀਤੀ। 'ਆਪ' ਆਗੂਆਂ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਪਵਿੱਤਰ ਧਰਤੀ ਹੈ, ਜਿੱਥੇ ਪਿਆਰ, ਭਾਈਚਾਰੇ ਅਤੇ ਸਮਾਜਿਕ ਸਾਂਝ ਦੀ ਪਰੰਪਰਾ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਸੂਬੇ ਵਿੱਚ ਅਮਨ ਅਤੇ ਭਾਈਚਾਰੇ ਦਾ ਮਾਹੌਲ ਬਣਾਈ ਰੱਖਣ ਲਈ ਉਨ੍ਹਾਂ ਦੀ ਪਾਰਟੀ ਹਰ ਉਸ ਸਿਆਸੀ ਕੋਸ਼ਿਸ਼ ਦਾ ਵਿਰੋਧ ਕਰਦੀ ਰਹੇਗੀ, ਜੋ ਸਮਾਜ ਵਿੱਚ ਵੰਡ ਪਾਉਣ ਦੀ ਕੋਸ਼ਿਸ਼ ਕਰੇਗੀ।

GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫ਼ਾਕੀ, ਐਲਰਜੀ, ਵਾਲ ਝਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਫੈਟੀ ਲਿਵਰ ਦਾ ਭੇਤ



ਅੱਜ ਦੇ ਆਧੁਨਿਕ ਯੁੱਗ ਵਿੱਚ ਜੀਵਨ-ਸ਼ੈਲੀ ਨਾਲ ਸੰਬੰਧਿਤ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਨ੍ਹਾਂ ਵਿੱਚੋਂ ਫੈਟੀ ਲਿਵਰ ਰੋਗ ਇੱਕ ਅਜਿਹੀ ਸਮੱਸਿਆ ਹੈ ਜੋ ਚੁੱਪਚਾਪ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰ ਰਹੀ ਹੈ। ਦੁਨੀਆ ਭਰ ਵਿੱਚ ਕਰੋੜਾਂ ਲੋਕ ਇਸ ਬਿਮਾਰੀ ਨਾਲ ਪੀੜਤ ਹਨ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਹੁਣ ਇਹ ਰੋਗ ਸਿਰਫ਼ ਬਾਲਗਾਂ ਤੱਕ ਹੀ ਸੀਮਿਤ ਨਹੀਂ ਰਿਹਾ, ਸਗੋਂ ਨੌਜਵਾਨਾਂ, ਬਜ਼ੁਰਗਾਂ ਅਤੇ ਬੱਚਿਆਂ ਵਿੱਚ ਵੀ ਵੱਧਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਲੋਕਾਂ ਵਿੱਚ ਇਸ ਬਾਰੇ ਜਾਗਰੂਕਤਾ ਅਜੇ ਵੀ ਬਹੁਤ ਘੱਟ ਹੈ।

ਜਿਗਰ (ਲਿਵਰ) ਮਨੁੱਖੀ ਸਰੀਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਅੰਗ ਹੈ। ਇਹ ਭੋਜਨ ਦੇ ਪਾਚਨ ਵਿੱਚ ਸਹਾਇਤਾ ਕਰਦਾ ਹੈ, ਪੋਸ਼ਕ ਤੱਤਾਂ ਨੂੰ ਸੰਭਾਲ ਕੇ ਰੱਖਦਾ ਹੈ, ਸਰੀਰ ਦੀ ਚਰਬੀ ਅਤੇ ਸ਼ੂਗਰ ਦੇ ਮੈਟਾਬੋਲਿਜ਼ਮ ਨੂੰ ਨਿਯੰਤਰਿਤ ਕਰਦਾ ਹੈ ਅਤੇ ਖ਼ੂਨ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ। ਪਰ ਜਦੋਂ ਲਿਵਰ ਦੀਆਂ ਕੋਸ਼ਿਕਾਵਾਂ ਵਿੱਚ ਵਾਧੂ ਚਰਬੀ ਇਕੱਠੀ ਹੋਣ ਲੱਗਦੀ ਹੈ ਤਾਂ ਇਸ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋਣ ਲੱਗਦੀ ਹੈ। ਇਸ ਸਥਿਤੀ ਨੂੰ ਹੀ ਫੈਟੀ ਲਿਵਰ ਰੋਗ ਕਿਹਾ ਜਾਂਦਾ ਹੈ।

ਫੈਟੀ ਲਿਵਰ ਦੇ ਵੱਧ ਰਹੇ ਮਾਮਲਿਆਂ ਪਿੱਛੇ ਆਧੁਨਿਕ ਜੀਵਨ-ਸ਼ੈਲੀ ਸਭ ਤੋਂ ਵੱਡਾ ਕਾਰਨ ਹੈ। ਪ੍ਰੋਸੈਸਡ ਭੋਜਨ, ਜੰਕ ਫੂਡ, ਮਿੱਠੇ ਪਦਾਰਥ ਅਤੇ ਉੱਚ ਕੈਲੋਰੀ ਵਾਲੇ ਖਾਣੇ ਦੀ ਵੱਧਦੀ ਵਰਤੋਂ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਇਆ ਹੈ। ਇਸਦੇ ਨਾਲ-ਨਾਲ ਸਰੀਰਕ ਕਸਰਤ ਦੀ ਘਾਟ, ਲੰਬੇ ਸਮੇਂ ਤੱਕ ਬੈਠੇ ਰਹਿਣ ਦੀ ਆਦਤ ਅਤੇ ਮੋਟਾਪਾ ਵੀ ਲਿਵਰ ਵਿੱਚ ਚਰਬੀ ਜਮ੍ਹਾਂ ਹੋਣ ਲਈ ਜ਼ਿੰਮੇਵਾਰ ਹਨ।

ਸਿਹਤ ਮਾਹਿਰਾਂ ਅਨੁਸਾਰ ਸ਼ੂਗਰ, ਉੱਚ ਕੋਲੇਸਟ੍ਰੋਲ, ਮੋਟਾਪਾ ਅਤੇ ਹੋਰ ਮੈਟਾਬੋਲਿਕ ਬਿਮਾਰੀਆਂ ਵੀ ਫੈਟੀ ਲਿਵਰ ਦੇ ਮੁੱਖ ਜੋਖ਼ਮ ਕਾਰਕ ਹਨ। ਖ਼ਾਸ ਕਰਕੇ ਉਹ ਲੋਕ ਜਿਨ੍ਹਾਂ ਦੇ ਪੇਟ ਦੇ ਆਲੇ-ਦੁਆਲੇ ਵੱਧ ਚਰਬੀ ਹੁੰਦੀ ਹੈ, ਇਸ ਰੋਗ ਦੀ ਲਪੇਟ ਵਿੱਚ ਆਉਣ ਦੀ ਵੱਧ ਸੰਭਾਵਨਾ ਰੱਖਦੇ ਹਨ। ਇਸ ਤੋਂ ਇਲਾਵਾ ਅਧਿਕ ਮਾਤਰਾ ਵਿੱਚ ਸ਼ਰਾਬ ਦਾ ਸੇਵਨ ਵੀ ਲਿਵਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਫੈਟੀ ਲਿਵਰ ਦਾ ਕਾਰਨ ਬਣ ਸਕਦਾ ਹੈ।

ਇਸ ਬਿਮਾਰੀ ਦੀ ਸਭ ਤੋਂ ਵੱਡੀ ਖ਼ਤਰਨਾਕ ਵਿਸ਼ੇਸ਼ਤਾ ਇਹ ਹੈ ਕਿ ਸ਼ੁਰੂਆਤੀ ਪੜਾਅ ਵਿੱਚ ਇਹ ਅਕਸਰ ਕੋਈ ਸਪੱਸ਼ਟ ਲੱਛਣ ਨਹੀਂ ਦਿਖਾਉਂਦੀ। ਬਹੁਤ ਸਾਰੇ ਲੋਕਾਂ ਨੂੰ ਇਸ ਬਾਰੇ ਤਦੋਂ ਪਤਾ ਲੱਗਦਾ ਹੈ ਜਦੋਂ ਉਹ ਕਿਸੇ ਹੋਰ ਕਾਰਨ ਕਰਕੇ ਸਿਹਤ ਜਾਂਚ ਜਾਂ ਅਲਟਰਾਸਾਊਂਡ ਕਰਵਾਉਂਦੇ ਹਨ। ਜਦੋਂ ਬਿਮਾਰੀ ਅੱਗੇ ਵਧਦੀ ਹੈ ਤਾਂ ਥਕਾਵਟ, ਕਮਜ਼ੋਰੀ, ਪੇਟ ਦੇ ਉੱਪਰਲੇ ਹਿੱਸੇ ਵਿੱਚ ਬੇਚੈਨੀ ਜਾਂ ਬਿਨਾਂ ਕਾਰਨ ਵਜ਼ਨ ਘੱਟਣ ਵਰਗੇ ਲੱਛਣ ਸਾਹਮਣੇ ਆ ਸਕਦੇ ਹਨ। ਪਰ ਉਸ ਸਮੇਂ ਤੱਕ ਲਿਵਰ ਨੂੰ ਕਾਫ਼ੀ ਨੁਕਸਾਨ ਪਹੁੰਚ ਚੁੱਕਿਆ ਹੋ ਸਕਦਾ ਹੈ।

ਜੇਕਰ ਫੈਟੀ ਲਿਵਰ ਦਾ ਸਮੇਂ ਸਿਰ ਇਲਾਜ਼ ਜਾਂ ਪ੍ਰਬੰਧਨ ਨਾ ਕੀਤਾ ਜਾਵੇ ਤਾਂ ਇਸਦੇ ਨਤੀਜ਼ੇ ਗੰਭੀਰ ਹੋ ਸਕਦੇ ਹਨ। ਲਿਵਰ ਵਿੱਚ ਇਕੱਠੀ ਹੋਈ ਚਰਬੀ ਸੋਜ ਅਤੇ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਸਮੇਂ ਦੇ ਨਾਲ ਇਹ ਸਥਿਤੀ ਫਾਈਬਰੋਸਿਸ ਵਿੱਚ ਬਦਲ ਸਕਦੀ ਹੈ, ਜਿਸ ਵਿੱਚ ਲਿਵਰ ਵਿੱਚ ਜ਼ਖ਼ਮਾਂ ਵਰਗਾ ਟਿਸ਼ੂ ਬਣਨ ਲੱਗਦਾ ਹੈ। ਅੱਗੇ ਚੱਲ ਕੇ ਇਹ ਸਿਰੋਸਿਸ ਦਾ ਰੂਪ ਧਾਰ ਸਕਦੀ ਹੈ, ਜੋ ਲਿਵਰ ਦੀ ਕਾਰਗੁਜ਼ਾਰੀ ਨੂੰ ਸਥਾਈ ਤੌਰ 'ਤੇ ਪ੍ਰਭਾਵਿਤ ਕਰ ਦਿੰਦੀ ਹੈ। ਗੰਭੀਰ ਮਾਮਲਿਆਂ ਵਿੱਚ ਇਹ ਲਿਵਰ ਫੇਲ੍ਹ ਹੋਣ ਜਾਂ ਲਿਵਰ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ।

ਫੈਟੀ ਲਿਵਰ ਦਾ ਪ੍ਰਭਾਵ ਕੇਵਲ ਲਿਵਰ ਤੱਕ ਹੀ ਸੀਮਿਤ ਨਹੀਂ ਰਹਿੰਦਾ। ਅਨੇਕਾਂ ਅਧਿਐਨਾਂ ਨੇ ਦਰਸਾਇਆ ਹੈ ਕਿ ਇਸਦਾ ਦਿਲ ਦੀਆਂ ਬਿਮਾਰੀਆਂ, ਦਿਲ ਦੇ ਦੌਰੇ, ਸਟ੍ਰੋਕ, ਗੁਰਦਿਆਂ ਦੀਆਂ ਬਿਮਾਰੀਆਂ ਅਤੇ ਹੋਰ ਮੈਟਾਬੋਲਿਕ ਸਮੱਸਿਆਵਾਂ ਨਾਲ ਵੀ ਗਹਿਰਾ ਸੰਬੰਧ ਹੈ। ਇਸ ਲਈ ਫੈਟੀ ਲਿਵਰ ਨੂੰ ਇੱਕ ਇਕੱਲੀ ਬਿਮਾਰੀ ਦੀ ਥਾਂ ਸਮੁੱਚੀ ਸਿਹਤ ਲਈ ਚੇਤਾਵਨੀ ਵਜੋਂ ਦੇਖਣਾ ਚਾਹੀਦਾ ਹੈ। ਖੁਸ਼ਕਿਸਮਤੀ ਨਾਲ ਫੈਟੀ ਲਿਵਰ ਰੋਗ ਨੂੰ ਵੱਡੇ ਪੱਧਰ 'ਤੇ ਰੋਕਿਆ ਜਾ ਸਕਦਾ ਹੈ। ਸਿਹਤਮੰਦ ਜੀਵਨ-ਸ਼ੈਲੀ ਅਪਣਾਕੇ ਅਤੇ ਖੁਰਾਕ ਵਿੱਚ ਸੁਧਾਰ ਕਰਕੇ ਇਸਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ। ਫਲਾਂ, ਸਬਜ਼ੀਆਂ, ਸਾਬਤ ਅਨਾਜ ਅਤੇ ਘੱਟ ਚਰਬੀ ਵਾਲੇ ਪ੍ਰੋਟੀਨ ਨਾਲ ਭਰਪੂਰ ਸੰਤੁਲਿਤ ਖੁਰਾਕ ਲਿਵਰ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ। ਇਸਦੇ ਨਾਲ ਹੀ ਜੰਕ ਫੂਡ, ਮਿੱਠੇ ਅਤੇ ਵੱਧ ਚਰਬੀ ਵਾਲੇ ਭੋਜਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਨਿਯਮਿਤ ਸਰੀਰਕ ਕਸਰਤ ਵੀ ਮਹੱਤਵਪੂਰਨ ਹੈ। ਮਾਹਿਰਾਂ ਅਨੁਸਾਰ ਹਰ ਹਫ਼ਤੇ ਘੱਟੋ-ਘੱਟ 150 ਮਿੰਟ ਦਰਮਿਆਨੀ ਪੱਧਰ ਦੀ ਕਸਰਤ ਕਰਨੀ ਚਾਹੀਦੀ ਹੈ। ਤੇਜ਼ ਚੱਲਣਾ, ਸਾਈਕਲ ਚਲਾਉਣਾ, ਤੈਰਾਕੀ ਜਾਂ ਯੋਗਾ ਵਰਗੀਆਂ ਗਤੀਵਿਧੀਆਂ ਨਾ ਸਿਰਫ਼ ਵਜ਼ਨ ਨੂੰ ਨਿਯੰਤਰਿਤ ਰੱਖਦੀਆਂ ਹਨ, ਸਗੋਂ ਲਿਵਰ ਦੀ ਕਾਰਗੁਜ਼ਾਰੀ ਨੂੰ ਵੀ ਸੁਚੱਜਾ ਬਣਾਉਂਦੀਆਂ ਹਨ।

ਫੈਟੀ ਲਿਵਰ ਵਰਗੀ ਖਾਮੋਸ਼ ਬਿਮਾਰੀ ਨਾਲ ਨਜਿੱਠਣ ਲਈ ਜਨਤਕ ਜਾਗਰੂਕਤਾ ਬਹੁਤ ਜ਼ਰੂਰੀ ਹੈ। ਸਿਹਤ ਵਿਭਾਗਾਂ, ਵਿਦਿਅਕ ਸੰਸਥਾਵਾਂ ਅਤੇ ਸਿਹਤ ਸੇਵਾ ਪ੍ਰਦਾਤਾਵਾਂ ਨੂੰ ਮਿਲ ਕੇ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਨਿਯਮਿਤ ਸਿਹਤ ਜਾਂਚ ਅਤੇ ਸਮੇਂ ਸਿਰ ਜੀਵਨ-ਸ਼ੈਲੀ ਵਿੱਚ ਤਬਦੀਲੀਆਂ ਕਰਕੇ ਇਸ ਦੀਆਂ ਗੰਭੀਰ ਪੇਚੀਦਗੀਆਂ ਤੋਂ ਬਚਿਆ ਜਾ ਸਕਦਾ ਹੈ।

ਫੈਟੀ ਲਿਵਰ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਆਧੁਨਿਕ ਸੁਵਿਧਾਵਾਂ ਦੇ ਨਾਲ ਕੁਝ ਲੁਕਵੇਂ ਖ਼ਤਰੇ ਵੀ ਜੁੜੇ ਹੋਏ ਹਨ। ਤਕਨੀਕ ਨੇ ਭਾਵੇਂ ਜੀਵਨ ਨੂੰ ਆਸਾਨ ਬਣਾਇਆ ਹੈ, ਪਰ ਇਸ ਨੇ ਸਰੀਰਕ ਸਰਗਰਮੀਆਂ ਨੂੰ ਘਟਾ ਕੇ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਵੱਧਾ ਕੇ ਨਵੀਆਂ ਸਿਹਤ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਸੰਦੇਸ਼ ਸਪੱਸ਼ਟ ਹੈ—ਜੇ ਲਿਵਰ ਸੁਰੱਖਿਅਤ ਹੈ ਤਾਂ ਸਿਹਤ ਸੁਰੱਖਿਅਤ ਹੈ। ਅੱਜ ਲਏ ਗਏ ਸਹੀ ਫ਼ੈਸਲੇ ਕੱਲ੍ਹ ਨੂੰ ਇੱਕ ਖਾਮੋਸ਼ ਬਿਮਾਰੀ ਨੂੰ ਵੱਡੇ ਜਨ ਸਿਹਤ ਸੰਕਟ ਵਿੱਚ ਬਦਲਣ ਤੋਂ ਰੋਕ ਸਕਦੇ ਹਨ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ,
ਪੰਜਾਬ।

# ਸਨਸਕ੍ਰੀਨ ਦੀ ਵਰਤੋਂ 'ਚ ਨਾ ਕਰੋ ਇਹ 5 ਗਲਤੀਆਂ

ਅਸੀਂ ਸਾਰੇ ਜਾਣਦੇ ਹਾਂ ਕਿ ਸਨਸਕ੍ਰੀਨ ਵਧਦੇ ਪ੍ਰਦੂਸ਼ਣ ਤੇ ਧੁੱਪ 'ਚੋਂ ਨਿਕਲਣ ਵਾਲੀਆਂ ਹਾਨੀਕਾਰਕ ਕਿਰਨਾਂ ਤੋਂ ਸਕਿਨ ਦੀ ਰੱਖਿਆ ਕਰਦੀ ਹੈ। ਉਹ ਸਨਸਕ੍ਰੀਨ ਹੀ ਹੈ ਜਿਸਦੀ ਮਦਦ ਨਾਲ ਘੱਟ ਉਮਰ 'ਚ ਸਕਿਨ ਏਜਿੰਗ ਤੇ ਸਕਿਨ ਕੈਂਸਰ ਵਰਗੇ ਵਧਦੇ ਖ਼ਤਰਿਆਂ ਤੋਂ ਬਚਿਆ ਜਾ ਸਕਦਾ ਹੈ। ਪਰ ਸਨਸਕ੍ਰੀਨ ਨਾਲ ਜੁੜੀਆਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਲੈ ਕੇ ਲੋਕਾਂ 'ਚ ਭਰਮ ਹੈ, ਇਨ੍ਹਾਂ ਦਾ ਹੀ ਅਸੀਂ ਅੱਗੇ ਜ਼ਿਕਰ ਕਰਨ ਵਾਲੇ ਹਾਂ।

**ਸਨਸਕ੍ਰੀਨ ਨਾਲ ਜੁੜੇ ਮਿੱਥ ਤੇ ਉਨ੍ਹਾਂ ਦਾ ਸੱਚ**

ਜਦੋਂ ਸਕਿਨ ਨੂੰ ਪਹਿਲਾਂ ਹੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਤਾਂ ਉਸਦੇ ਡੈਮੇਜ ਹੋਣ ਦਾ ਇੰਤਜ਼ਾਰ ਕਿਉਂ ਕੀਤਾ ਜਾਵੇ? ਆਓ ਜਾਣਦੇ ਹਾਂ ਸਨਸਕ੍ਰੀਨ ਨਾਲ ਜੁੜੇ ਉਹ ਮਿੱਥ ਜਿਨ੍ਹਾਂ ਨਾਲ ਸਕਿਨ ਨੂੰ ਜ਼ਿਆਦਾ ਨੁਕਸਾਨ ਹੋ ਸਕਦਾ ਹੈ:

**1. ਮਿੱਥ: ਬਾਰਿਸ਼ ਜਾਂ ਸਰਦੀ ਦੇ ਮੌਸਮ 'ਚ ਸਨਸਕ੍ਰੀਨ ਲਗਾਉਣਾ ਜ਼ਰੂਰੀ ਨਹੀਂ**

ਗਰਮੀ ਤੋਂ ਇਲਾਵਾ ਬਾਰਿਸ਼ ਤੇ ਸਰਦੀ ਦਾ ਮੌਸਮ ਵੀ ਸਕਿਨ ਲਈ ਓਨਾ ਹੀ ਹਾਨੀਕਾਰਕ ਹੈ ਤਾਂ ਕੀ ਹੋਇਆ ਜੇਕਰ ਇਸ ਮੌਸਮ ਵਿਚ ਧੁੱਪ ਨਹੀਂ ਹੁੰਦੀ? ਯੂਵੀ ਰੇਡੀਏਸ਼ਨ_ਸ ਸਮੇਂ ਵੀ ਮੌਜੂਦ ਹੁੰਦੀ ਹੈ। ਅਜਿਹੇ ਵਿਚ ਰੋਜ਼ਾਨਾ ਸਨਸਕ੍ਰੀਨ ਲਗਾਉਣਾ ਜ਼ਰੂਰੀ ਹੈ।

**2. ਮਿੱਥ: ਸਿਰਫ਼ ਟੈਨਿੰਗ ਹੁੰਦੀ ਹੈ ਸਨਬਰਨ ਨਹੀਂ ਤਾਂ ਸਨਸਕ੍ਰੀਨ ਦੀ ਲੋੜ ਨਹੀਂ**

ਕੀ ਤੁਸੀਂ ਵੀ ਅਜਿਹਾ ਸੋਚਦੇ ਹੋ ਕਿ ਸਿਰਫ਼ ਟੈਨਿੰਗ ਹੋ ਰਹੀ ਹੈ ਸਨਬਰਨ ਨਹੀਂ, ਤਾਂ ਇਸਦੇ ਲਈ ਸਨਸਕ੍ਰੀਨ ਲਗਾਉਣਾ ਇੰਨਾ ਜ਼ਰੂਰੀ ਨਹੀਂ? ਇਹ ਇਕ ਗਲਤ ਧਾਰਨਾ ਹੈ ਕਿਉਂਕਿ 'ਮਾਯੋ ਕਲੀਨਿਕ' ਦੀ ਮੰਨੀਏ ਤਾਂ ਸੇਫ਼ ਟੈਨ ਵਰਗੀ ਕੋਈ ਚੀਜ਼ ਹੀ ਨਹੀਂ ਹੁੰਦੀ। ਧੁੱਪ ਨਾਲ ਕਾਲੀ ਪਈ ਸਕਿਨ ਦਾ ਮਤਲਬ ਹੀ ਇਹ ਹੈ ਕਿ ਚਮੜੀ ਡੈਮੇਜ ਹੋ ਚੁੱਕੀ ਹੈ ਅਤੇ ਉਸਨੂੰ ਮੁਰੰਮਤ ਚਾਹੀਦੀ ਹੈ।

**3. ਮਿੱਥ: ਡਾਰਕ ਸਕਿਨ ਵਾਲੇ ਸਨਸਕ੍ਰੀਨ ਨਹੀਂ ਲਗਾਉਂਦੇ**

ਕਈ ਲੋਕ ਅਜਿਹਾ ਮੰਨਦੇ ਹਨ ਕਿ ਜਿਨ੍ਹਾਂ ਦੀ ਸਕਿਨ ਡਾਰਕ ਹੁੰਦੀ ਹੈ, ਉਨ੍ਹਾਂ ਨੂੰ ਧੁੱਪ ਤੋਂ ਘੱਟ ਨੁਕਸਾਨ ਹੁੰਦਾ ਹੈ, ਜਦਕਿ ਸੱਚਾਈ ਇਸਦੇ ਬਿਲਕੁਲ ਉਲਟ ਹੈ। ਸਕਿਨ ਟੋਨ ਕੇਹੋ ਜਿਹੀ ਵੀ ਹੋਵੇ, ਉਸਨੂੰ ਧੁੱਪ ਦੀਆਂ ਹਾਨੀਕਾਰਕ ਕਿਰਨਾਂ ਤੋਂ ਸੁਰੱਖਿਆ ਦੀ ਲੋੜ ਹਮੇਸ਼ਾ ਰਹਿੰਦੀ ਹੈ।

**4. ਮਿੱਥ: ਮੇਕਅਪ ਪ੍ਰੋਡਕਟਸ 'ਚ ਪਹਿਲਾਂ ਹੀ ਸਨਸਕ੍ਰੀਨ ਹੈ**

ਮਾਰਕੀਟ ਵਿਚ ਕਈ ਅਜਿਹੇ ਪ੍ਰੋਡਕਟਸ ਉਪਲਬਧ ਹਨ ਜਿਨ੍ਹਾਂ ਵਿਚ ਸਨਸਕ੍ਰੀਨ ਪਹਿਲਾਂ ਤੋਂ ਹੁੰਦੀ ਹੈ। ਪਰ ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜੇਕਰ ਇਨ੍ਹਾਂ ਪ੍ਰੋਡਕਟਸ ਵਿੱਚ ਸਨਸਕ੍ਰੀਨ ਦਾ ਸ਼ਫਵ 30 ਤੋਂ ਘੱਟ ਹੈ ਤਾਂ ਮੇਕਅਪ ਪ੍ਰੋਡਕਟਸ ਦੇ ਨਾਲ ਵੱਖਰੇ ਤੌਰ 'ਤੇ ਸਨਸਕ੍ਰੀਨ ਲਗਾਉਣੀ ਚਾਹੀਦੀ ਹੈ।

**5. ਮਿੱਥ: ਸਨਸਕ੍ਰੀਨ ਲਗਾਉਣ ਨਾਲ ਵਿਟਾਮਿਨ ਡੀ ਨਹੀਂ ਮਿਲੇਗਾ**

ਸਨਸਕ੍ਰੀਨ ਚੰਗੀ ਤਰ੍ਹਾਂ ਲਗਾਉਣ ਤੋਂ ਬਾਅਦ ਵੀ ਸਕਿਨ ਵਿਚ 2-3% ਧੁੱਪ ਦੀਆਂ ਕਿਰਨਾਂ ਸਕਿਨ ਨੂੰ ਛੂਹ ਸਕਦੀਆਂ ਹਨ, ਫਿਰ ਇਹ ਕਹਿਣਾ ਗਲਤ ਹੈ ਕਿ ਇਸ ਨਾਲ ਵਿਟਾਮਿਨ ਡੀ ਨਹੀਂ ਮਿਲੇਗਾ।

# High Blood pressure: Can Kill You Silently




Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter.

NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia" The Theme is "Controlling Hypertension Together" High blood pressure is similar to pumping too much air into a tire or balloon"- Dr Anil Dheer



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

Health Media Canada: (Dr Anil Dheer): "Controlling Hypertension Together": This theme highlights the necessity of collective, coordinated efforts between patients, health professionals, families, and communities to manage blood pressure and reduce risks of stroke and cardiovascular disease.

Number of patients increasing every day living with high blood pressure. Nearly half of U.S. adults (48.1%, or 119.9 million) have high blood pressure, defined as 130/80 mmHg or taking medication. It was a primary or contributing cause of 664,470 U.S. deaths in 2023. Globally, 1.4 billion people (33% of adults aged 30-79) have hypertension, with 44% of cases being undiagnosed. High blood pressure (hypertension) is a condition where the force of blood against your artery walls is consistently too high, generally measuring 130/80 mm Hg or higher. It forces the heart to work harder, damaging arteries over time, and is a major risk factor for strokes, heart attacks, and kidney disease.

**Causes can control:**

- Lifestyle factors. Smoking. Excessive alcohol. Stress. Diabetes. Sleep apnea. Unhealthy diet. Obesity. Sedentary lifestyle.
- Health conditions (if properly managed, can help lower blood pressure) and Kidney Disease.

**Causes you can't control:**

* Age And Family history (genetics).

High blood pressure increases your risk of:

If your blood pressure is not well controlled, it can pose serious health risks.

Stroke, Heart attack, Eye problems, Dementia, Kidney (renal) diseases, Heart failure, and Erectile dysfunction.

Maintain a healthy blood pressure?

* **Reduce Sodium Intake:** Limit sodium to less than 2,300 mg daily, with an ideal goal of 1,500 mg for most adults.
* **Follow the DASH Diet:** Adopt the Dietary Approaches to Stop Hypertension (DASH) plan, which emphasizes fruits, vegetables, and whole grains, low-fat milk products, lean meats, fish, legumes (dried beans) and nuts. Eat Foods Rich in Magnesium.
* **Increase Fiber Intake:** Focus on a diet high in fiber to aid in weight management and improve cardiovascular health. Increase Potassium: Consume more potassium-rich foods (e.g., bananas, spinach, sweet potatoes) to help balance sodium levels.
* **Watch Your Waistline:** A large waist circumference increases risk; targeting abdominal fat is key.
* Try to achieve a healthy weight, be active.
* **Lose Extra Weight:** Losing even a small amount of weight (e.g., 5-10 lbs) can significantly reduce blood pressure.
* **Limit Sugar and Refined Carbs:** Cutting back on sugar, particularly sugary drinks, can aid in weight loss and lower blood pressure.
* **Reduce Processed Foods:** Avoid canned soups, fast food, and deli meats which are high in hidden salt.
* **Cut Down on Caffeine:** While its effect is temporary, reducing caffeine can help if you are sensitive to it.
* **Exercise Regularly:** Aim for at least 150 minutes of moderate aerobic activity (e.g., brisk walking) per week.
* **Reduce Stress:** Practice stress-management techniques such as meditation, yoga, or deep breathing exercises. Find effective ways to cope with stress, don't hesitate to get some help.
* **Practice Deep Breathing:** Slow, deep, and mindful breathing can temporarily lower blood pressure.
* **Limit Alcohol:** Reduce or avoid alcohol, which can raise blood pressure and reduce the effectiveness of medication.
* **Quit Smoking:** Smoking raises blood pressure and damages blood vessel walls. It's hard to quit smoking, seek help if needed.
* **Get Quality Sleep:** Aim for 7 to 9 hours of sleep nightly; poor sleep quality contributes to hypertension.
* **Eat Dark Chocolate:** Consume small amounts of dark chocolate or cocoa, which contain flavanols that improve vascular function.
* **Try Herbal Supplements:** Some evidence suggests herbs like garlic or ginger may assist in lowering blood pressure, though they should not replace medication.
* **Monitor BP at Home:** Use a home blood pressure monitor to keep track of your levels and ensure your lifestyle changes are working.
* **Take Medications as Prescribed:** If lifestyle changes are not sufficient, strictly follow your doctor's prescribed medication regimen. Pills are a way to help your body fight high blood pressure.

Note: Always consult a healthcare professional before making significant changes to your diet, exercise routine, or medication.















# ਰਾਸ਼ੀਫਲ

### ਮੇਖ ਰਾਸ਼ੀ

ਮੇਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। ਜਿਸ ਸਥਿਰਤਾ ਦੀ ਤੁਸੀਂ ਸਾਲਾਂ ਤੋਂ ਉਡੀਕ ਕਰ ਰਹੇ ਸੀ, ਉਹ ਆਖਰਕਾਰ ਇਸ ਮਹੀਨੇ ਹਕੀਕਤ ਬਣ ਰਹੀ ਹੈ। ਖਾਸ ਤੌਰ 'ਤੇ, 2 ਜੂਨ ਨੂੰ ਤੁਹਾਡੇ ਨੌਵੇਂ ਘਰ ਦੇ ਸੁਆਮੀ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਚੌਥੇ ਘਰ) ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਯੋਗ ਬਣਾਉਂਦਾ ਹੈ। ਇਸ ਸਕਾਰਾਤਮਕ ਊਰਜਾ ਦੇ ਨਾਲ, 15 ਜੂਨ ਤੋਂ ਤੁਹਾਡੇ ਤੀਜੇ ਘਰ ਵਿੱਚ ਸੂਰਜ ਦਾ ਗੋਚਰ ਤੁਹਾਡੇ ਲੜਨ ਦੇ ਜਜ਼ਬੇ ਨੂੰ ਵਧਾਏਗਾ, ਜਿਸ ਨਾਲ ਤੁਸੀਂ ਕਿਸੇ ਵੀ ਕੰਮ ਨੂੰ ਸਫਲਤਾਪੂਰਵਕ ਪੂਰਾ ਕਰਨ ਦੇ ਯੋਗ ਹੋਵੋਗੇ। ਹਾਲਾਂਕਿ 21 ਜੂਨ ਤੱਕ ਤੁਹਾਡੀ ਰਾਸ਼ੀ ਵਿੱਚ ਮੰਗਲ ਦਾ ਹੋਣਾ ਤੁਹਾਨੂੰ ਅਥਾਹ ਜੀਵਨ ਸ਼ਕਤੀ ਪ੍ਰਦਾਨ ਕਰੇਗਾ, ਪਰ ਇਹ ਬਿਨਾਂ ਵਜ੍ਹਾ ਦੀ ਚਿੜਚਿੜਾਹਟ ਨੂੰ ਵੀ ਵਧਾ ਸਕਦਾ ਹੈ; ਇਸ ਲਈ, ਮਨ ਨੂੰ ਸ਼ਾਂਤ ਰੱਖਣਾ ਇਸ ਮਹੀਨੇ ਨੂੰ ਤੁਹਾਡੇ ਲਈ ਸੁਨਹਿਰੀ ਦੌਰ ਬਣਾ ਦੇਵੇਗਾ।

### ਬ੍ਰਿਖ ਰਾਸ਼ੀ

ਬ੍ਰਿਖ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਗਤੀਸ਼ੀਲ ਅਤੇ ਅਨੁਕੂਲ ਮਹੀਨਾ ਹੋਵੇਗਾ। ਇਸ ਮਿਆਦ ਦੌਰਾਨ ਪੰਜ ਮਹੱਤਵਪੂਰਨ ਗ੍ਰਹਿ ਆਪਣੀ ਸਥਿਤੀ ਬਦਲ ਰਹੇ ਹਨ। ਤੁਹਾਡੇ ਲਾਭ ਦੇ 11ਵੇਂ ਘਰ ਵਿੱਚ ਬੈਠੇ ਭਗਵਾਨ ਸ਼ਨੀ ਦੇ ਮਜ਼ਬੂਤ ਸਹਿਯੋਗ ਦੇ ਨਾਲ, 2 ਜੂਨ ਨੂੰ ਗੁਰੂ ਦਾ ਆਪਣੀ ਉੱਚ ਰਾਸ਼ੀ ਕਰਕ (ਤੀਜੇ ਘਰ) ਵਿੱਚ ਪ੍ਰਵੇਸ਼ ਕਰਨਾ ਤੁਹਾਡੇ ਯਤਨਾਂ ਨੂੰ ਸ਼ਾਨਦਾਰ ਤਾਕਤ ਪ੍ਰਦਾਨ ਕਰੇਗਾ। ਮਹੀਨੇ ਦੇ ਦੂਜੇ ਹਿੱਸੇ ਵਿੱਚ, ਸੂਰਜ ਅਤੇ ਬੁੱਧ ਦੇ ਸ਼ੁਭ ਪ੍ਰਭਾਵ ਤੁਹਾਡੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਗੇ। ਹਾਲਾਂਕਿ, 21 ਜੂਨ ਨੂੰ ਮੰਗਲ ਦੇ ਤੁਹਾਡੀ ਆਪਣੀ ਰਾਸ਼ੀ ਵਿੱਚ ਪ੍ਰਵੇਸ਼ ਕਰਨ ਨਾਲ, ਤੁਹਾਡੀ ਸਰੀਰਕ ਊਰਜਾ ਦੇ ਨਾਲ-ਨਾਲ ਚਿੜਚਿੜਾਹਟ ਵਿੱਚ ਵੀ ਵਾਧਾ ਹੋ ਸਕਦਾ ਹੈ। ਮਨ ਨੂੰ ਸ਼ਾਂਤ ਰੱਖ ਕੇ ਤੁਸੀਂ ਇਸ ਮਹੀਨੇ ਅਸਧਾਰਨ ਪ੍ਰਾਪਤੀਆਂ ਹਾਸਲ ਕਰ ਸਕਦੇ ਹੋ।



### ਮਿਥੁਨ ਰਾਸ਼ੀ

ਮਿਥੁਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਦਾ ਮਹੀਨਾ ਕਈ ਸ਼ੁਭ ਬਦਲਾਅ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜੋ ਪਿਛਲੇ ਇੱਕ ਸਾਲ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸਨ ਅਤੇ ਤੁਹਾਡੀ ਸੋਚ ਪ੍ਰਕਿਰਿਆ ਨੂੰ ਡੂੰਘਾ ਪ੍ਰਭਾਵਿਤ ਕਰ ਰਹੇ ਸਨ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਦੂਜੇ ਘਰ – ਧਨ ਭਾਵ) ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਜੀਵਨ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਇਹ ਗੋਚਰ ਤੁਹਾਨੂੰ ਸ਼ਾਨਦਾਰ ਵਿੱਤੀ ਸਥਿਰਤਾ ਅਤੇ ਪਰਿਵਾਰਕ ਖੁਸ਼ੀ ਪ੍ਰਦਾਨ ਕਰੇਗਾ। ਇਸ ਦੇ ਨਾਲ ਹੀ, 15 ਜੂਨ ਤੋਂ ਤੁਹਾਡੀ ਆਪਣੀ ਰਾਸ਼ੀ ਵਿੱਚ ਸੂਰਜ ਦਾ ਗੋਚਰ ਤੁਹਾਡੇ ਮਾਨ-ਸਨਮਾਨ ਅਤੇ ਪ੍ਰਤਿਸ਼ਠਾ ਨੂੰ ਵਧਾਏਗਾ। ਭਾਵੇਂ ਮਹੀਨੇ ਦੇ ਅੰਤ ਵਿੱਚ ਮੰਗਲ ਦਾ 12ਵੇਂ ਘਰ ਵਿੱਚ ਜਾਣਾ ਕੁਝ ਛੋਟੀਆਂ ਚੁਣੌਤੀਆਂ ਦੇ ਸਕਦਾ ਹੈ, ਪਰ ਗ੍ਰਹਿਆਂ ਦਾ ਬਹੁਤ ਵੱਡਾ ਸਹਿਯੋਗ ਤੁਹਾਡੇ ਪੱਖ ਵਿੱਚ ਹੈ, ਜਿਸ ਨਾਲ ਤੁਸੀਂ ਜਿਸ ਵੀ ਕੰਮ ਨੂੰ ਹੱਥ ਪਾਓਗੇ, ਉਹ ਸਫਲ ਹੋਵੇਗਾ।

### ਕਰਕ ਰਾਸ਼ੀ

ਕਰਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਯਾਦਗਾਰ ਅਤੇ ਸੁਨਹਿਰੀ ਮਹੀਨੇ ਵਜੋਂ ਉੱਭਰੇਗਾ। ਗ੍ਰਹਿਆਂ ਦੀ ਸਥਿਤੀ ਪੂਰੀ ਤਰ੍ਹਾਂ ਤੁਹਾਡੀ ਰਾਸ਼ੀ ਦੇ ਪੱਖ ਵਿੱਚ ਬਣੀ ਹੋਈ ਹੈ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 12ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਖਰਚੇ ਅਤੇ ਮਾਨਸਿਕ ਤਣਾਅ ਦਿੱਤਾ ਸੀ, ਉਹ 2 ਜੂਨ ਨੂੰ ਆਪਣੀ ਉੱਚ ਰਾਸ਼ੀ ਕਰਕ (ਤੁਹਾਡੀ ਜਨਮ ਰਾਸ਼ੀ) ਵਿੱਚ ਪ੍ਰਵੇਸ਼ ਕਰ ਰਹੇ ਹਨ। ਇਹ ਗੋਚਰ ਤੁਹਾਡੇ ਆਤਮ-ਵਿਸ਼ਵਾਸ ਅਤੇ ਜੀਵਨ ਸ਼ਕਤੀ ਨੂੰ ਦੁੱਗਣਾ ਕਰ ਦੇਵੇਗਾ। ਇਸ ਸ਼ਾਨਦਾਰ ਊਰਜਾ ਦੇ ਨਾਲ, ਸ਼ੁੱਕਰ ਅਤੇ ਬੁੱਧ ਵੀ ਤੁਹਾਡੀ ਰਾਸ਼ੀ ਵਿੱਚ ਕਦਮ ਰੱਖਣਗੇ, ਜਿਸ ਨਾਲ ਤੁਹਾਡੀ ਸ਼ਖਸੀਅਤ ਹਰ ਕਿਸੇ ਲਈ ਬਹੁਤ ਆਕਰਸ਼ਕ ਬਣ ਜਾਵੇਗੀ। ਇਸ ਸਭ ਦੇ ਉੱਪਰ, 21 ਜੂਨ ਨੂੰ ਲਾਭ ਦੇ 11ਵੇਂ ਘਰ ਵਿੱਚ ਮੰਗਲ ਦਾ ਆਗਮਨ ਤੁਹਾਡੇ ਵਿੱਤੀ ਸੁਪਨਿਆਂ ਨੂੰ ਸਫਲਤਾਪੂਰਵਕ ਹਕੀਕਤ ਵਿੱਚ ਬਦਲ ਦੇਵੇਗਾ।

### ਸਿੰਘ ਰਾਸ਼ੀ

ਸਿੰਘ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਦਿਲਚਸਪ ਅਤੇ ਗਤੀਸ਼ੀਲ ਮਹੀਨਾ ਸਾਬਤ ਹੋਵੇਗਾ। ਤੁਹਾਡੀ ਰਾਸ਼ੀ 'ਤੇ ਪੰਜ ਮਹੱਤਵਪੂਰਨ ਗ੍ਰਹਿਆਂ ਦਾ ਗੂੜ੍ਹਾ ਪ੍ਰਭਾਵ ਰਹੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਭਗਵਾਨ ਗੁਰੂ 2 ਜੂਨ ਨੂੰ ਤੁਹਾਡੇ 12ਵੇਂ ਘਰ (ਖਰਚੇ ਦੇ ਘਰ) ਵਿੱਚ ਆਪਣੀ ਉੱਚ ਸਥਿਤੀ ਦਾ ਦਾਅਵਾ ਕਰਨ ਲਈ ਪ੍ਰਵੇਸ਼ ਕਰ ਰਹੇ ਹਨ ਲ਼ਿਗਹਟਸ। ਭਾਵੇਂ 12ਵਾਂ ਘਰ ਖਰਚਿਆਂ ਨੂੰ ਦਰਸਾਉਂਦਾ ਹੈ, ਪਰ ਗੁਰੂ ਦੇ ਉੱਚ ਹੋਣ ਕਾਰਨ ਇਹ ਖਰਚੇ ਬਹੁਤ ਹੀ ਲਾਭਦਾਇਕ ਕੰਮਾਂ ਜਿਵੇਂ ਕਿ ਸ਼ੁਭ ਸਮਾਗਮਾਂ, ਜਾਇਦਾਦ ਦੀ ਖਰੀਦਦਾਰੀ, ਜਾਂ ਵਿਦੇਸ਼ ਯਾਤਰਾਵਾਂ ਵੱਲ ਨਿਰਦੇਸ਼ਿਤ ਹੋਣਗੇ। ਇਸ ਤੋਂ ਇਲਾਵਾ, 15 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਸੂਰਜ ਦਾ ਲਾਭ ਦੇ 11ਵੇਂ ਘਰ (ਮਿਥੁਨ ਰਾਸ਼ੀ) ਵਿੱਚ ਜਾਣਾ, ਅਤੇ ਉਸ ਤੋਂ ਤੁਰੰਤ ਬਾਅਦ 21 ਜੂਨ ਨੂੰ ਮੰਗਲ ਦਾ 10ਵੇਂ ਘਰ ਵਿੱਚ ਦਿਗਬਲ ਪ੍ਰਾਪਤ ਕਰਨਾ, ਤੁਹਾਨੂੰ ਪੇਸ਼ੇਵਰ ਅਤੇ ਸਮਾਜਿਕ ਤੌਰ 'ਤੇ ਅਣਪਛਾਤੀਆਂ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗਾ।

### ਕੰਨਿਆ ਰਾਸ਼ੀ

ਕੰਨਿਆ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਜੀਵਨ ਵਿੱਚ ਇੱਕ ਬਿਲਕੁਲ ਨਵੇਂ ਅਤੇ ਸ਼ਾਨਦਾਰ ਅਧਿਆਏ ਦੀ ਸ਼ੁਰੂਆਤ ਕਰ ਰਿਹਾ ਹੈ। 8ਵੇਂ ਘਰ ਵਿੱਚ ਮੰਗਲ ਦੇ ਹੋਣ ਕਾਰਨ ਤੁਹਾਨੂੰ ਹੁਣ ਤੱਕ ਜੋ ਸਰੀਰਕ ਕਸ਼ਟ ਅਤੇ ਅਚਾਨਕ ਚਿੜਚਿੜਾਹਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਹ ਇਸ ਮਹੀਨੇ ਸਥਾਈ ਰੂਪ ਵਿੱਚ ਖਤਮ ਹੋ ਜਾਵੇਗਾ। ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਤੁਹਾਡੇ ਸੁਖਾਂ ਅਤੇ ਰਿਸ਼ਤਿਆਂ ਦਾ ਸੁਆਮੀ ਗੁਰੂ, 2 ਜੂਨ ਨੂੰ ਲਾਭ ਦੇ 11ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਬਣੇਗਾ। ਇਸ ਦੇ ਨਾਲ ਹੀ, ਕਰੀਅਰ ਦੇ ਘਰ ਵਿੱਚ ਸੂਰਜ ਦੀ ਮੌਜੂਦਗੀ ਤੁਹਾਡੀ ਨੌਕਰੀ ਅਤੇ ਕਾਰੋਬਾਰ ਨੂੰ ਉੱਚੇ ਸਿਖਰ 'ਤੇ ਲੈ ਜਾਵੇਗੀ। ਗ੍ਰਹਿਆਂ ਦੇ ਇਸ ਸੁਭਾਗ ਨਾਲ, ਇਹ ਮਹੀਨਾ ਅਜਿਹਾ ਰਹੇਗਾ ਜਿੱਥੇ ਤੁਸੀਂ ਜਿਸ ਵੀ ਕੰਮ ਨੂੰ ਹੱਥ ਲਗਾਓਗੇ, ਉਹ ਸਫਲਤਾ ਵਿੱਚ ਬਦਲ ਜਾਵੇਗਾ।

### ਤੁਲਾ ਰਾਸ਼ੀ

ਤੁਲਾ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਪੇਸ਼ੇਵਰ ਖੇਤਰ ਵਿੱਚ ਇੱਕ ਸ਼ਾਨਦਾਰ ਅਤੇ ਸੁਨਹਿਰੀ ਅਧਿਆਏ ਲਿਖਣ ਵਾਲਾ ਸਾਬਤ ਹੋਵੇਗਾ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 9ਵੇਂ ਘਰ ਵਿੱਚ ਗੋਚਰ ਕਰਦੇ ਹੋਏ ਤੁਹਾਨੂੰ ਭਾਗ ਦਾ ਸਾਥ ਦਿੱਤਾ ਸੀ, ਉਹ 2 ਜੂਨ ਨੂੰ ਤੁਹਾਡੇ ਕਰੀਅਰ ਦੇ 10ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੀ ਜੀਵਨ ਯਾਤਰਾ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ। ਤੁਹਾਨੂੰ ਸਮਾਜ ਵਿੱਚ ਵਧੀਆ ਪਛਾਣ ਦੇ ਨਾਲ-ਨਾਲ ਆਪਣੀ ਸਖ਼ਤ ਮਿਹਨਤ ਦਾ ਦੁੱਗਣਾ ਫਲ ਮਿਲੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ੁੱਕਰ ਵੀ ਕਰੀਅਰ ਦੇ ਘਰ ਵਿੱਚ ਗੁਰੂ ਦੇ ਨਾਲ ਸ਼ਾਮਲ ਹੋ ਰਿਹਾ ਹੈ, ਜਿਸ ਨਾਲ ਇੱਕ ਸ਼ਾਨਦਾਰ ਰਾਜਯੋਗ ਦਾ ਨਿਰਮਾਣ ਹੋਵੇਗਾ। ਭਾਵੇਂ ਮਹੀਨੇ ਦਾ ਪਹਿਲਾ ਹਿੱਸਾ ਕਾਰੋਬਾਰ ਵਿੱਚ ਬਿਹਤਰੀਨ ਲਾਭ ਦੇਵੇਗਾ, ਪਰ ਦੂਜੇ ਹਿੱਸੇ ਵਿੱਚ 8ਵੇਂ ਘਰ ਵਿੱਚ ਮੰਗਲ ਦੇ ਆਉਣ ਕਾਰਨ ਤੁਹਾਨੂੰ ਨਿੱਜੀ ਸਬੰਧਾਂ ਅਤੇ ਸਿਹਤ ਦੇ ਮਾਮਲਿਆਂ ਵਿੱਚ ਧੀਰਜ ਅਤੇ ਨਰਮੀ ਵਰਤਣੀ ਪਵੇਗੀ।

### ਬ੍ਰਿਸ਼ਚਕ ਰਾਸ਼ੀ

ਬ੍ਰਿਸ਼ਚਕ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਅਥਾਹ ਕਿਸਮਤ ਦੇ ਨਾਲ-ਨਾਲ ਕੁਝ ਪ੍ਰੀਖਿਆਵਾਂ ਵੀ ਇਕੱਠੀਆਂ ਲੈ ਕੇ ਆ ਰਿਹਾ ਹੈ। ਭਗਵਾਨ ਗੁਰੂ, ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਤੁਹਾਡੇ 8ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਚੁਣੌਤੀਆਂ ਦਿੱਤੀਆਂ ਸਨ, ਉਹ 2 ਜੂਨ ਨੂੰ ਭਾਗ ਦੇ 9ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਜੋ ਤੁਹਾਡੇ ਲਈ ਇੱਕ ਪਰਮ ਵਰਦਾਨ ਸਾਬਤ ਹੋਵੇਗਾ। ਇਸ ਦੇ ਪ੍ਰਭਾਵ ਨਾਲ ਆਰਥਿਕ ਅਤੇ ਪੇਸ਼ੇਵਰ ਰੁਕਾਵਟਾਂ ਰੱਬੀ ਕਿਰਪਾ ਨਾਲ ਆਸਾਨੀ ਨਾਲ ਦੂਰ ਹੋ ਜਾਣਗੀਆਂ। ਹਾਲਾਂਕਿ, ਭਾਵੇਂ ਤੁਹਾਡੀ ਰਾਸ਼ੀ ਦਾ ਸੁਆਮੀ ਮੰਗਲ ਮਹੀਨੇ ਦੇ ਜ਼ਿਆਦਾਤਰ ਹਿੱਸੇ ਵਿੱਚ ਸ਼ਾਨਦਾਰ ਨਤੀਜੇ ਦੇਵੇਗਾ, ਪਰ 15 ਜੂਨ ਤੋਂ ਬਾਅਦ 8ਵੇਂ ਘਰ (ਮਿਥੁਨ ਰਾਸ਼ੀ) ਵਿੱਚ ਸੂਰਜ ਦਾ ਗੋਚਰ ਸਰੀਰਕ ਥਕਾਵਟ ਅਤੇ ਸਿਹਤ ਦੇ ਮਾਮਲਿਆਂ ਵਿੱਚ ਵਾਧੂ ਦੇਖਭਾਲ ਦੀ ਮੰਗ ਕਰਦਾ ਹੈ।

### ਧਨੂੰ ਰਾਸ਼ੀ

ਧਨੂੰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਵਿਲੱਖਣ ਅਤੇ ਫਲਦਾਇਕ ਮਹੀਨੇ ਵਜੋਂ ਸਾਹਮਣੇ ਆ ਰਿਹਾ ਹੈ। ਹਾਲਾਂਕਿ ਆਮ ਜੋਤਿਸ਼ ਗ੍ਰੰਥਾਂ ਵਿੱਚ 8ਵੇਂ ਘਰ ਦੇ ਗੋਚਰ ਨੂੰ ਚੁਣੌਤੀਪੂਰਨ ਮੰਨਿਆ ਜਾਂਦਾ ਹੈ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 8ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਬਦਲਾਅ ਲੈ ਕੇ ਆਵੇਗਾ। ਇਹ ਸਥਿਤੀ ਤੁਹਾਡੀ ਉਮਰ ਵਿੱਚ ਵਾਧਾ ਕਰਦੀ ਹੈ, ਗੁਪਤ ਦੁਸ਼ਮਣਾਂ ਦੇ ਪ੍ਰਭਾਵ ਨੂੰ ਖਤਮ ਕਰਦੀ ਹੈ ਅਤੇ ਅਚਾਨਕ ਵੱਡਾ ਵਿੱਤੀ ਲਾਭ ਦਿੰਦੀ ਹੈ। ਇਸ ਸੁਰੱਖਿਆਤਮਕ ਊਰਜਾ ਦੇ ਨਾਲ, ਮਹੀਨੇ ਦੇ ਅੰਤ ਵਿੱਚ ਤੁਹਾਡੇ 6ਵੇਂ ਘਰ ਵਿੱਚ ਮੰਗਲ ਦਾ ਆਗਮਨ ਇੱਕ ਮਜ਼ਬੂਤ ਲੜਨ ਦਾ ਜਜ਼ਬਾ ਪ੍ਰਦਾਨ ਕਰੇਗਾ। ਨਿੱਜੀ ਸਬੰਧਾਂ ਵਿੱਚ ਥੋੜ੍ਹਾ ਸੰਜਮ ਰੱਖ ਕੇ, ਤੁਸੀਂ ਇਸ ਮਹੀਨੇ ਨੂੰ ਇੱਕ ਬਹੁਤ ਹੀ ਲਾਭਦਾਇਕ ਦੌਰ ਵਿੱਚ ਬਦਲ ਸਕਦੇ ਹੋ।

### ਮਕਰ ਰਾਸ਼ੀ

ਮਕਰ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਇੱਕ ਬਹੁਤ ਹੀ ਸ਼ਾਨਦਾਰ ਅਤੇ ਖੁਸ਼ਹਾਲ ਮਹੀਨਾ ਸਾਬਤ ਹੋਣ ਵਾਲਾ ਹੈ, ਜੋ ਤੁਹਾਡੇ ਜੀਵਨ ਨੂੰ ਸਕਾਰਾਤਮਕ ਮੀਲ ਪੱਥਰਾਂ ਵੱਲ ਲੈ ਜਾਵੇਗਾ। ਭਾਵੇਂ ਭਗਵਾਨ ਗੁਰੂ ਨੇ ਪਿਛਲੇ ਇੱਕ ਸਾਲ ਦੌਰਾਨ ਤੁਹਾਡੇ 6ਵੇਂ ਘਰ ਵਿੱਚ ਗੋਚਰ ਕਰਦੇ ਹੋਏ ਲਗਾਤਾਰ ਸਖ਼ਤ ਮਿਹਨਤ ਅਤੇ ਭਾਰੀ ਮੁਕਾਬਲੇਬਾਜ਼ੀ ਦਿੱਤੀ ਸੀ, ਪਰ 2 ਜੂਨ ਨੂੰ ਉਨ੍ਹਾਂ ਦਾ ਤੁਹਾਡੇ 7ਵੇਂ ਘਰ (ਕਰਕ ਰਾਸ਼ੀ) ਵਿੱਚ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਸ਼ਾਨਦਾਰ ਰਾਜਯੋਗ ਪੈਦਾ ਕਰਦਾ ਹੈ Lights। ਇਹ ਤੁਹਾਡੇ ਨਿੱਜੀ ਸਬੰਧਾਂ, ਵਿਆਹੁਤਾ ਜੀਵਨ ਅਤੇ ਵਪਾਰਕ ਸਾਂਝੇਦਾਰੀ (Partnerships) ਲਈ ਇੱਕ ਸੁਖਦ ਬਸੰਤ ਰੁੱਤ ਵਾਂਗ ਕੰਮ ਕਰੇਗਾ। ਇਸ ਦੇ ਨਾਲ ਹੀ, ਤੁਹਾਡੀ ਰਾਸ਼ੀ ਦਾ ਸੁਆਮੀ ਸ਼ਨੀ ਤੀਜੇ ਘਰ ਵਿੱਚ ਬੈਠ ਕੇ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰ ਰਿਹਾ ਹੈ, ਅਤੇ ਮਹੀਨੇ ਦੇ ਦੂਜੇ ਹਿੱਸੇ ਵਿੱਚ ਸੂਰਜ ਦਾ ਗੋਚਰ ਤੁਹਾਡੇ ਪੇਸ਼ੇਵਰ ਖੇਤਰ ਵਿੱਚ ਪੂਰਨ ਸਫਲਤਾਵਾਂ ਦੇਵੇਗਾ।

### ਕੁੰਭ ਰਾਸ਼ੀ

ਕੁੰਭ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਵੱਡੀਆਂ ਜ਼ਿੰਮੇਵਾਰੀਆਂ ਅਤੇ ਪੇਸ਼ੇਵਰ ਕੰਮ ਦੇ ਬੋਝ ਦਾ ਸਮਾਂ ਲੈ ਕੇ ਆਵੇਗਾ। ਸ਼ਨੀ ਦੀ ਸਾਢੇ ਸਾਤੀ ਦੇ ਮਹੱਤਵਪੂਰਨ ਪੜਾਅ ਵਿੱਚੋਂ ਲੰਘਦੇ ਹੋਏ, ਭਗਵਾਨ ਸ਼ਨੀ ਤੁਹਾਨੂੰ ਅਨੁਸ਼ਾਸਨ ਅਤੇ ਮਿਹਨਤ ਦੇ ਜ਼ਰੂਰੀ ਪਾਠ ਪੜ੍ਹਾਉਂਦੇ ਰਹਿਣਗੇ। ਹਾਲਾਂਕਿ, ਇਸ ਮਹੀਨੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਤੁਹਾਡੀ ਬੱਚਤ ਅਤੇ ਆਮਦਨ ਦਾ ਸੁਆਮੀ ਗੁਰੂ, 2 ਜੂਨ ਨੂੰ 6ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇੱਥੇ 6ਵੇਂ ਘਰ ਦੇ ਗੋਚਰ ਬਾਰੇ ਬਿਲਕੁਲ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ; ਕਿਉਂਕਿ ਗੁਰੂ ਉੱਚ ਰਾਸ਼ੀ ਵਿੱਚ ਹਨ, ਇਸ ਲਈ ਉਹ ਤੁਹਾਨੂੰ ਪੁਰਾਣੇ ਕਰਜ਼ਿਆਂ, ਕੰਮ ਵਾਲੀ ਥਾਂ ਦੀ ਦੁਸ਼ਮਣੀ ਅਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਤੋਂ ਬੜੀ ਆਸਾਨੀ ਨਾਲ ਮੁਕਤ ਕਰ ਦੇਣਗੇ Lights। ਮਹੀਨੇ ਦੇ ਦੂਜੇ ਹਿੱਸੇ ਵਿੱਚ, ਚੌਥੇ ਘਰ ਵਿੱਚ ਮੰਗਲ ਦਾ ਪ੍ਰਵੇਸ਼ ਜਾਇਦਾਦ ਦੇ ਮਾਮਲਿਆਂ ਵਿੱਚ ਤੇਜ਼ੀ ਲਿਆਵੇਗਾ, ਹਾਲਾਂਕਿ ਘਰੇਲੂ ਸ਼ਾਂਤੀ ਬਣਾਈ ਰੱਖਣ ਲਈ ਧੀਰਜ ਦੀ ਲੋੜ ਪਵੇਗੀ।

### ਮੀਨ ਰਾਸ਼ੀ

ਮੀਨ ਰਾਸ਼ੀ ਦੇ ਜਾਤਕਾਂ ਲਈ, ਜੂਨ 2026 ਤੁਹਾਡੀ ਆਪਣੀ ਰਾਸ਼ੀ ਵਿੱਚ ਚੱਲ ਰਹੀ ਸ਼ਨੀ ਦੀ ਸਾਢੇ ਸਾਤੀ ਦੇ ਭਾਰੀ ਤਣਾਅ ਨੂੰ ਤੋੜ ਕੇ, ਵੱਡੀ ਰਾਹਤ ਅਤੇ ਇੱਕ ਨਵੀਂ ਜੀਵੰਤ ਊਰਜਾ ਦਾ ਸ਼ਾਨਦਾਰ ਦੌਰ ਸ਼ੁਰੂ ਕਰੇਗਾ Lights। ਹਾਲਾਂਕਿ ਤੁਹਾਡੀ ਰਾਸ਼ੀ ਵਿੱਚ ਬੈਠੇ ਸ਼ਨੀ ਲਗਾਤਾਰ ਅਨੁਸ਼ਾਸਿਤ ਮਿਹਨਤ ਦੀ ਮੰਗ ਕਰਦੇ ਰਹਿਣਗੇ, ਪਰ 2 ਜੂਨ ਨੂੰ ਤੁਹਾਡੀ ਰਾਸ਼ੀ ਦੇ ਸੁਆਮੀ ਗੁਰੂ ਦਾ 5ਵੇਂ ਘਰ (ਕਰਕ ਰਾਸ਼ੀ) ਵਿੱਚ ਆਪਣੀ ਉੱਚ ਸਥਿਤੀ ਵਿੱਚ ਪ੍ਰਵੇਸ਼ ਕਰਨਾ ਇੱਕ ਬ੍ਰਹਮ ਪ੍ਰਕਾਸ਼ ਵਾਂਗ ਕੰਮ ਕਰੇਗਾ ਜੋ ਪੁਰਾਣੇ ਹਨੇਰੇ ਨੂੰ ਦੂਰ ਕਰ ਦੇਵੇਗਾ Lights। 5ਵੇਂ ਘਰ ਵਿੱਚ ਬੈਠ ਕੇ ਉੱਚ ਦੇ ਗੁਰੂ ਆਪਣੀ ਅੰਮ੍ਰਿਤ ਵਰਗੀ ਸ਼ੁਭ ਦ੍ਰਿਸ਼ਟੀ ਸਿੱਧੀ ਤੁਹਾਡੀ ਜਨਮ ਰਾਸ਼ੀ (ਪਹਿਲੇ ਘਰ), ਭਾਗ ਦੇ 9ਵੇਂ ਘਰ ਅਤੇ ਲਾਭ ਦੇ 11ਵੇਂ ਘਰ 'ਤੇ ਪਾਉਣਗੇ Lights। ਇਹ ਗ੍ਰਹਿ ਸਥਿਤੀ ਤੁਹਾਡੀ ਵਿੱਤੀ ਤਾਕਤ ਅਤੇ ਆਮ ਕਿਸਮਤ ਨੂੰ ਉੱਚੀਆਂ ਬੁਲੰਦੀਆਂ 'ਤੇ ਲੈ ਜਾਵੇਗੀ, ਜਦੋਂ ਕਿ ਮੰਗਲ ਦਾ ਸ਼ੁਭ ਗੋਚਰ ਤੁਹਾਨੂੰ ਬੇਮਿਸਾਲ ਸਾਹਸ ਪ੍ਰਦਾਨ ਕਰੇਗਾ।

# ਸਿਹਤ ਸੇਵਾਵਾਂ ਵਿੱਚ ਵੱਧ ਰਹੀਆਂ ਮੈਡੀਕਲ ਧੋਖਾਧੜੀਆਂ

ਸਿਹਤ ਸੇਵਾਵਾਂ ਨੂੰ ਸਮਾਜ ਦੇ ਸਭ ਤੋਂ ਪਵਿੱਤਰ ਅਤੇ ਸਤਿਕਾਰਤ ਪੇਸ਼ਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਹਸਪਤਾਲ ਉਹ ਥਾਂ ਹਨ ਜਿੱਥੇ ਲੋਕ ਦਰਦ ਤੋਂ ਰਾਹਤ, ਬਿਮਾਰੀ ਦੌਰਾਨ ਉਮੀਦ ਅਤੇ ਐਮਰਜੈਂਸੀ ਸਮੇਂ ਸੁਰੱਖਿਆ ਦੀ ਆਸ ਲੈ ਕੇ ਪਹੁੰਚਦੇ ਹਨ। ਡਾਕਟਰ, ਨਰਸਾਂ ਅਤੇ ਹੋਰ ਸਿਹਤ ਕਰਮਚਾਰੀ ਮਨੁੱਖੀ ਜੀਵਨ ਨੂੰ ਬਚਾਉਣ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪਰੰਤੂ ਆਧੁਨਿਕ ਇਲਾਜ਼ ਪ੍ਰਣਾਲੀ ਵਿੱਚ ਹੋਈਆਂ ਸ਼ਾਨਦਾਰ ਤਰੱਕੀਆਂ ਦੇ ਨਾਲ-ਨਾਲ ਕੁਝ ਹਸਪਤਾਲਾਂ ਅਤੇ ਸਿਹਤ ਸੰਸਥਾਵਾਂ ਵਿੱਚ ਗੈਰ-ਨੈਤਿਕ ਮੈਡੀਕਲ ਪ੍ਰਥਾਵਾਂ ਅਤੇ ਧੋਖਾਧੜੀਆਂ ਦੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਇਹ ਪ੍ਰਥਾਵਾਂ ਨਾ ਸਿਰਫ਼ ਮਰੀਜ਼ਾਂ ਦਾ ਆਰਥਿਕ ਸ਼ੋਸ਼ਣ ਕਰਦੀਆਂ ਹਨ, ਸਗੋਂ ਡਾਕਟਰ-ਮਰੀਜ਼ ਰਿਸ਼ਤੇ ਦੀ ਨੀਂਹ ਬਣੇ ਭਰੋਸੇ ਨੂੰ ਵੀ ਕਮਜ਼ੋਰ ਕਰਦੀਆਂ ਹਨ।




ਮੈਡੀਕਲ ਧੋਖਾਧੜੀ ਤੋਂ ਭਾਵ ਅਜਿਹੀਆਂ ਗੈਰ-ਜ਼ਰੂਰੀ, ਭ੍ਰਮਿਤ ਕਰਨ ਵਾਲੀਆਂ ਜਾਂ ਗੈਰ-ਨੈਤਿਕ ਕਾਰਵਾਈਆਂ ਹਨ ਜੋ ਮਰੀਜ਼ ਦੀ ਭਲਾਈ ਦੀ ਬਜਾਏ ਆਰਥਿਕ ਲਾਭ ਨੂੰ ਮੁੱਖ ਉਦੇਸ਼ ਬਣਾਕੇ ਕੀਤੀਆਂ ਜਾਂਦੀਆਂ ਹਨ। ਹਾਲਾਂਕਿ ਬਹੁਤ ਵੱਡੀ ਗਿਣਤੀ ਵਿੱਚ ਹਸਪਤਾਲ ਅਤੇ ਸਿਹਤ ਪੇਸ਼ੇਵਰ ਇਮਾਨਦਾਰੀ ਅਤੇ ਨੈਤਿਕਤਾ ਨਾਲ ਆਪਣਾ ਫਰਜ਼ ਨਿਭਾ ਰਹੇ ਹਨ, ਪਰ ਕੁਝ ਇਕੱਲੀਆਂ ਘਟਨਾਵਾਂ ਨੇ ਇਸ ਮੁੱਦੇ ਨੂੰ ਗੰਭੀਰ ਸਮਾਜਿਕ ਚਿੰਤਾ ਦਾ ਵਿਸ਼ਾ ਬਣਾ ਦਿੱਤਾ ਹੈ।

ਜਦੋਂ ਮਰੀਜ਼ ਹਸਪਤਾਲ ਪਹੁੰਚਦਾ ਹੈ ਤਾਂ ਉਹ ਅਕਸਰ ਡਰ, ਚਿੰਤਾ ਅਤੇ ਬੇਚੈਨੀ ਦੀ ਸਥਿਤੀ ਵਿੱਚ ਹੁੰਦਾ ਹੈ। ਇਸ ਸਮੇਂ ਉਹ ਡਾਕਟਰਾਂ ਦੀ ਸਲਾਹ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਂਦਾ ਹੈ। ਜੇਕਰ ਨੈਤਿਕ ਮਿਆਰਾਂ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਇਹ ਭਰੋਸਾ ਸ਼ੋਸ਼ਣ ਦਾ ਸਾਧਨ ਬਣ ਸਕਦਾ ਹੈ।

**ਮੈਡੀਕਲ ਧੋਖਾਧੜੀ ਦੇ ਆਮ ਰੂਪ**

**ਗੈਰ-ਜ਼ਰੂਰੀ ਟੈਸਟ ਅਤੇ ਜਾਂਚਾਂ**

ਅੱਜਕੱਲ੍ਹ ਸਭ ਤੋਂ ਵੱਧ ਸ਼ਿਕਾਇਤਾਂ ਬੇਲੋੜੀਆਂ ਲੈਬ ਟੈਸਟਾਂ ਅਤੇ ਸਕੈਨਾਂ ਨੂੰ ਲੈ ਕੇ ਆਉਂਦੀਆਂ ਹਨ। ਕਈ ਵਾਰ ਮਰੀਜ਼ਾਂ ਨੂੰ ਅਜਿਹੇ ਖ਼ੂਨ ਦੇ ਟੈਸਟ, ਸੀਟੀ ਸਕੈਨ, ਐਮਆਰਆਈ ਜਾਂ ਅਲਟਰਾਸਾਊਂਡ ਕਰਵਾਉਣ ਲਈ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਇਲਾਜ਼ ਜਾਂ ਰੋਗ ਦੀ ਪਛਾਣ ਵਿੱਚ ਬਹੁਤ ਘੱਟ ਯੋਗਦਾਨ ਹੁੰਦਾ ਹੈ। ਕੁਝ ਮਾਮਲਿਆਂ ਵਿੱਚ ਇਹ ਸਿਰਫ਼ ਵਾਧੂ ਆਮਦਨ ਪ੍ਰਾਪਤ ਕਰਨ ਦਾ ਸਾਧਨ ਬਣ ਜਾਂਦੇ ਹਨ।

**ਗੈਰ-ਜ਼ਰੂਰੀ ਸਰਜਰੀਆਂ**

ਕਈ ਵਾਰ ਮਰੀਜ਼ਾਂ ਨੂੰ ਅਜਿਹੀਆਂ ਸਰਜਰੀਆਂ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਜੋ ਤੁਰੰਤ ਲੋੜੀਂਦੀਆਂ ਨਹੀਂ ਹੁੰਦੀਆਂ ਜਾਂ ਜਿਨ੍ਹਾਂ ਦੇ ਬਦਲੇ ਘੱਟ ਜੋਖਮ ਵਾਲੇ ਵਿਕਲਪ ਮੌਜੂਦ ਹੁੰਦੇ ਹਨ। ਰੀੜ੍ਹ ਦੀ ਹੱਡੀ, ਦਿਲ, ਹੱਡੀਆਂ ਜਾਂ ਸਿਜੇਰੀਅਨ ਡਿਲੀਵਰੀ ਨਾਲ ਸੰਬੰਧਿਤ ਕੁਝ ਮਾਮਲਿਆਂ 'ਤੇ ਸਮੇਂ-ਸਮੇਂ 'ਤੇ ਸਵਾਲ ਉਠਦੇ ਰਹੇ ਹਨ। ਅਜਿਹੀਆਂ ਕਾਰਵਾਈਆਂ ਮਰੀਜ਼ ਨੂੰ ਸੰਕਰਮਣ, ਜਟਿਲਤਾਵਾਂ, ਮਾਨਸਿਕ ਤਣਾਅ ਅਤੇ ਵਾਧੂ ਖਰਚੇ ਦੇ ਖ਼ਤਰੇ ਵਿੱਚ ਪਾ ਦਿੰਦੀਆਂ ਹਨ।

**ਦਵਾਈਆਂ ਦੀ ਲੋੜ ਤੋਂ ਵੱਧ ਵਰਤੋਂ**

ਕਈ ਵਾਰ ਸਸਤੀਆਂ ਅਤੇ ਪ੍ਰਭਾਵਸ਼ਾਲੀ ਜਨਰਿਕ ਦਵਾਈਆਂ ਦੀ ਥਾਂ ਮਹਿੰਗੀਆਂ ਬ੍ਰਾਂਡਿਡ ਦਵਾਈਆਂ ਲਿਖੀਆਂ ਜਾਂਦੀਆਂ ਹਨ। ਕੁਝ ਮਰੀਜ਼ਾਂ ਨੂੰ ਇੱਕੋ ਸਮੱਸਿਆ ਲਈ ਕਈ ਦਵਾਈਆਂ ਦੇ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਵਾਧੂ ਲਾਭ ਨਾ ਮਾਤਰ ਹੁੰਦਾ ਹੈ। ਇਸ ਨਾਲ ਖ਼ਰਚ ਵੱਧਣ ਦੇ ਨਾਲ-ਨਾਲ ਸਾਈਡ ਇਫੈਕਟ ਅਤੇ ਦਵਾਈਆਂ ਦੀ ਆਪਸੀ ਪ੍ਰਤੀਕਿਰਿਆ ਦਾ ਖਤਰਾ ਵੀ ਵੱਧਦਾ ਹੈ।

**ਵਧਾ-ਚੜ੍ਹਾ ਕੇ ਬਣਾਏ ਹਸਪਤਾਲੀ ਬਿੱਲ**

ਡੁਪਲੀਕੇਟ ਚਾਰਜ, ਗੈਰ-ਸਪਸ਼ਟ ਫੀਸਾਂ, ਬੇਹੱਦ ਮਹਿੰਗੇ ਉਪਕਰਣ ਅਤੇ ਲੁਕਵੇਂ ਖ਼ਰਚੇ ਮਰੀਜ਼ਾਂ ਦੀ ਨਾਰਾਜ਼ਗੀ ਦਾ ਵੱਡਾ ਕਾਰਨ ਬਣ ਰਹੇ ਹਨ। ਅਕਸਰ ਪਰਿਵਾਰਾਂ ਨੂੰ ਅਜਿਹੇ ਬਿੱਲ ਮਿਲਦੇ ਹਨ ਜਿਨ੍ਹਾਂ ਨੂੰ ਸਮਝਣਾ ਵੀ ਮੁਸ਼ਕਿਲ ਹੁੰਦਾ ਹੈ।

**ਕਮਿਸ਼ਨ ਆਧਾਰਿਤ ਰੈਫਰਲ**

ਕੁਝ ਮਾਮਲਿਆਂ ਵਿੱਚ ਡਾਕਟਰ ਜਾਂ ਹੋਰ ਸਿਹਤ ਕਰਮਚਾਰੀ ਮਰੀਜ਼ਾਂ ਨੂੰ ਖ਼ਾਸ ਲੈਬਾਂ, ਫਾਰਮੇਸੀਆਂ ਜਾਂ ਸਕੈਨ ਕੇਂਦਰਾਂ ਵੱਲ ਭੇਜਣ ਦੇ ਬਦਲੇ ਆਰਥਿਕ ਲਾਭ ਪ੍ਰਾਪਤ ਕਰਦੇ ਹਨ। ਇਹ ਪ੍ਰਥਾ ਇਲਾਜ਼ ਪ੍ਰਣਾਲੀ ਦੇ ਫ਼ੈਸਲਿਆਂ ਦੀ ਨਿਰਪੱਖਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

**ਐਮਰਜੈਂਸੀ ਸਥਿਤੀਆਂ ਦਾ ਫਾਇਦਾ ਉਠਾਉਣਾ**

ਐਮਰਜੈਂਸੀ ਸਮੇਂ ਪਰਿਵਾਰ ਕੋਲ ਸੋਚਣ ਜਾਂ ਦੂਜੀ ਰਾਇ ਲੈਣ ਲਈ ਸਮਾਂ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਕੁਝ ਸੰਸਥਾਵਾਂ ਮਹਿੰਗੇ ਇਲਾਜ ਦੀ ਸਿਫਾਰਸ਼ ਕਰਕੇ ਮਰੀਜ਼ ਦੀ ਮਜਬੂਰੀ ਦਾ ਲਾਭ ਉਠਾ ਸਕਦੀਆਂ ਹਨ।

ਸਿਹਤ ਖੇਤਰ ਵਿੱਚ ਉੱਚ ਤਕਨੀਕ, ਮਹਿੰਗੇ ਉਪਕਰਣ ਅਤੇ ਵੱਡੇ ਢਾਂਚੇ ਦੀ ਲੋੜ ਹੁੰਦੀ ਹੈ। ਵਿੱਤੀ ਸਥਿਰਤਾ ਜ਼ਰੂਰੀ ਹੈ, ਪਰ ਜਦੋਂ ਮੁਨਾਫ਼ਾ ਮਰੀਜ਼ ਦੀ ਭਲਾਈ ਤੋਂ ਵੱਧ ਮਹੱਤਵਪੂਰਨ ਬਣ ਜਾਵੇ ਤਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਡਾਕਟਰਾਂ ਅਤੇ ਮਰੀਜ਼ਾਂ ਵਿਚਕਾਰ ਜਾਣਕਾਰੀ ਦਾ ਵੱਡਾ ਅੰਤਰ ਵੀ ਇੱਕ ਕਾਰਨ ਹੈ। ਮਰੀਜ਼ਾਂ ਕੋਲ ਅਕਸਰ ਇੰਨੀ ਮੈਡੀਕਲ ਜਾਣਕਾਰੀ ਨਹੀਂ ਹੁੰਦੀ ਕਿ ਉਹ ਹਰ ਸਲਾਹ ਦੀ ਲੋੜ ਜਾਂ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰ ਸਕਣ।

ਬਿਮਾਰੀ ਨਾਲ ਜੁੜਿਆ ਡਰ ਅਤੇ ਚਿੰਤਾ ਵੀ ਮਰੀਜ਼ਾਂ ਨੂੰ ਹਰ ਸਿਫਾਰਸ਼ ਮੰਨਣ ਲਈ ਮਜਬੂਰ ਕਰ ਦਿੰਦੇ ਹਨ। ਇਸ ਤੋਂ ਇਲਾਵਾ ਪਾਰਦਰਸ਼ਿਤਾ ਦੀ ਘਾਟ ਅਤੇ ਨਿਯਮਕ ਏਜੰਸੀਆਂ ਦੀ ਕਮਜ਼ੋਰ ਨਿਗਰਾਨੀ ਵੀ ਗੈਰ-ਨੈਤਿਕ ਪ੍ਰਥਾਵਾਂ ਨੂੰ ਵਧਾਵਾ ਦੇ ਸਕਦੀ ਹੈ।

**ਮਾਨਸਿਕ ਅਤੇ ਆਰਥਿਕ ਪ੍ਰਭਾਵ**

ਮੈਡੀਕਲ ਧੋਖਾਧੜੀ ਸਿਰਫ਼ ਆਰਥਿਕ ਨੁਕਸਾਨ ਤੱਕ ਸੀਮਿਤ ਨਹੀਂ ਰਹਿੰਦੀ। ਜਦੋਂ ਮਰੀਜ਼ਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ ਤਾਂ ਉਹ ਭਰੋਸਾ ਗੁਆ ਬੈਠਦੇ ਹਨ। ਭਵਿੱਖ ਵਿੱਚ ਇਲਾਜ ਲੈਣ ਪ੍ਰਤੀ ਡਰ, ਚਿੰਤਾ, ਨਿਰਾਸ਼ਾ ਅਤੇ ਮਾਨਸਿਕ ਤਣਾਅ ਪੈਦਾ ਹੋ ਸਕਦਾ ਹੈ।

ਆਰਥਿਕ ਪੱਖੋਂ ਵੀ ਇਸਦੇ ਨਤੀਜੇ ਗੰਭੀਰ ਹੁੰਦੇ ਹਨ। ਕਈ ਪਰਿਵਾਰ ਆਪਣੀ ਜਮ੍ਹਾਂ-ਪੂੰਜੀ ਖਰਚ ਕਰ ਦਿੰਦੇ ਹਨ, ਕਰਜ਼ੇ ਹੇਠਾਂ ਆ ਜਾਂਦੇ ਹਨ ਜਾਂ ਆਪਣੀ ਜਾਇਦਾਦ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਕਈ ਵਾਰ ਬੱਚਿਆਂ ਦੀ ਸਿੱਖਿਆ ਅਤੇ ਹੋਰ ਜ਼ਰੂਰੀ ਲੋੜਾਂ ਵੀ ਪ੍ਰਭਾਵਿਤ ਹੁੰਦੀਆਂ ਹਨ।

**ਇਲਾਜ਼ ਪ੍ਰਣਾਲੀ ਵਿੱਚ ਨੈਤਿਕਤਾ ਦੀ ਮਹੱਤਤਾ**

ਇਲਾਜ਼ ਪ੍ਰਣਾਲੀ ਦਾ ਵਿਗਿਆਨ ਚਾਰ ਮੁੱਖ ਨੈਤਿਕ ਸਿਧਾਂਤਾਂ 'ਤੇ ਆਧਾਰਿਤ ਹੈ—

ਭਲਾਈ ਕਰਨਾ (Beneficence)
ਨੁਕਸਾਨ ਤੋਂ ਬਚਾਉਣਾ (Non-Maleficence)
ਮਰੀਜ਼ ਦੀ ਚੋਣ ਦਾ ਸਤਿਕਾਰ (Autonomy)
ਨਿਆਂ ਅਤੇ ਬਰਾਬਰੀ (Justice)

ਸਿਹਤ ਪੇਸ਼ੇਵਰਾਂ 'ਤੇ ਸਮਾਜ ਵੱਲੋਂ ਵੱਡਾ ਭਰੋਸਾ ਕੀਤਾ ਜਾਂਦਾ ਹੈ। ਇਸ ਲਈ ਇਮਾਨਦਾਰੀ, ਪਾਰਦਰਸ਼ਿਤਾ, ਸੂਚਿਤ ਸਹਿਮਤੀ ਅਤੇ ਮਰੀਜ਼ ਦੀ ਭਲਾਈ ਨੂੰ ਪਹਿਲ ਦੇਣਾ ਹਰ ਡਾਕਟਰ ਅਤੇ ਹਸਪਤਾਲ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਬਹੁਗਿਣਤੀ ਡਾਕਟਰ ਅਤੇ ਸਿਹਤ ਕਰਮਚਾਰੀ ਅੱਜ ਵੀ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਦੀ ਸੇਵਾ ਕਰ ਰਹੇ ਹਨ।

**ਮਰੀਜ਼ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਰੱਖ ਸਕਦੇ ਹਨ?**

ਵੱਡੀ ਸਰਜਰੀ ਜਾਂ ਮਹਿੰਗੇ ਇਲਾਜ ਤੋਂ ਪਹਿਲਾਂ ਦੂਜੀ ਰਾਇ ਲੈਣੀ ਚਾਹੀਦੀ ਹੈ।

ਮਰੀਜ਼ਾਂ ਨੂੰ ਨਿਰਭੈ ਹੋ ਕੇ ਇਹ ਸਵਾਲ ਪੁੱਛਣੇ ਚਾਹੀਦੇ ਹਨ:
ਇਹ ਟੈਸਟ ਕਿਉਂ ਜ਼ਰੂਰੀ ਹੈ?
ਕੀ ਇਸਦਾ ਕੋਈ ਹੋਰ ਵਿਕਲਪ ਹੈ?
ਇਸ ਦੇ ਜੋਖਮ ਅਤੇ ਲਾਭ ਕੀ ਹਨ?
ਜੇ ਇਲਾਜ ਕੁਝ ਸਮੇਂ ਲਈ ਟਾਲਿਆ ਜਾਵੇ ਤਾਂ ਕੀ ਹੋਵੇਗਾ?

ਹਸਪਤਾਲ ਤੋਂ ਵਿਸਥਾਰਪੂਰਵਕ ਬਿੱਲ ਮੰਗਣਾ ਅਤੇ ਹਰ ਖ਼ਰਚੇ ਦੀ ਜਾਣਕਾਰੀ ਲੈਣਾ ਵੀ ਜ਼ਰੂਰੀ ਹੈ। ਬੁਨਿਆਦੀ ਸਿਹਤ ਸਾਖਰਤਾ ਅਤੇ ਆਪਣੇ ਮੈਡੀਕਲ ਰਿਕਾਰਡ ਸੰਭਾਲ ਕੇ ਰੱਖਣਾ ਵੀ ਮਰੀਜ਼ਾਂ ਨੂੰ ਵਧੇਰੇ ਸੁਚੇਤ ਅਤੇ ਸਮਰੱਥ ਬਣਾਉਂਦਾ ਹੈ।

ਸਿਹਤ ਸੇਵਾ ਦਾ ਮੂਲ ਆਧਾਰ ਦਇਆ, ਇਮਾਨਦਾਰੀ ਅਤੇ ਵਿਗਿਆਨਕ ਨਿਪੁੰਨਤਾ ਹੈ। ਮੈਡੀਕਲ ਧੋਖਾਧੜੀਆਂ ਨਾ ਸਿਰਫ਼ ਮਰੀਜ਼ਾਂ ਨੂੰ ਆਰਥਿਕ ਅਤੇ ਮਾਨਸਿਕ ਤੌਰ 'ਤੇ ਨੁਕਸਾਨ ਪਹੁੰਚਾਉਂਦੀਆਂ ਹਨ, ਸਗੋਂ ਪੂਰੇ ਸਿਹਤ ਤੰਤਰ ਦੀ ਭਰੋਸੇਯੋਗਤਾ ਨੂੰ ਵੀ ਝਟਕਾ ਦਿੰਦੀਆਂ ਹਨ। ਹੱਲ ਵਧੇਰੇ ਪਾਰਦਰਸ਼ਿਤਾ, ਸਖ਼ਤ ਨਿਯਮਾਂ, ਨੈਤਿਕ ਜਵਾਬਦੇਹੀ ਅਤੇ ਜਾਗਰੂਕ ਮਰੀਜ਼ਾਂ ਵਿੱਚ ਲੁਕਿਆ ਹੋਇਆ ਹੈ।

ਕਿਸੇ ਵੀ ਸਿਹਤ ਪ੍ਰਣਾਲੀ ਦੀ ਅਸਲ ਕਾਮਯਾਬੀ ਉਸ ਦੀਆਂ ਇਮਾਰਤਾਂ ਜਾਂ ਤਕਨੀਕ ਨਾਲ ਨਹੀਂ, ਸਗੋਂ ਉਸ ਇਮਾਨਦਾਰੀ ਅਤੇ ਭਰੋਸੇ ਨਾਲ ਮਾਪੀ ਜਾਂਦੀ ਹੈ ਜਿਸ ਨਾਲ ਉਹ ਹਰ ਮਰੀਜ਼ ਦੀ ਸੇਵਾ ਕਰਦੀ ਹੈ। ਜਦੋਂ ਸਿਹਤ ਸੇਵਾ ਵਿੱਚ ਮੁਨਾਫ਼ੇ ਤੋਂ ਪਹਿਲਾਂ ਮਨੁੱਖਤਾ ਨੂੰ ਤਰਜੀਹ ਦਿੱਤੀ ਜਾਂਦੀ ਹੈ, ਤਦ ਹੀ ਇੱਕ ਸਿਹਤਮੰਦ, ਸੁਰੱਖਿਅਤ ਅਤੇ ਮਨੁੱਖੀ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਛੜੇ ਜੇਠ ਨੂੰ ਲੱਸੀ ਨਹੀਂ ਪਿਆਉਣੀ...



ਛੋਟੇ ਹੁੰਦੇ ਕੋਠੇ ਉੱਤੇ ਮੰਜੇ ਦੀਆਂ ਪੈਂਦਾਂ ਵਾਲੇ ਪਾਸੇ ਜੋੜ ਕੇ ਖੜ੍ਹੇ ਕੀਤੇ ਦੋ ਮੰਜਿਆਂ ਉੱਪਰ ਬੰਨ੍ਹੇ ਸਪੀਕਰ ਵਿੱਚੋਂ ਲੋਕ ਗੀਤ ਸੁਣਦੇ ਸੀ;

ਛੜੇ ਜੇਠ ਨੂੰ ਲੱਸੀ ਨਹੀਂ ਪਿਆਉਣੀ
ਦਿਓਰ ਭਾਵੇਂ ਮੱਝ ਚੁੰਘ ਜੇ

ਪੰਜ-ਸੱਤ ਦਹਾਕੇ ਪਹਿਲਾਂ ਜੇਠ ਦੇ ਤਪਦੇ ਮਹੀਨੇ ਪਿੰਡਾਂ ਵਿੱਚ ਲੱਸੀ ਹੀ ਵੱਡੀ ਸੁਗਾਤ ਹੁੰਦੀ ਸੀ ਅਤੇ ਪਿੰਡ ਦਾ ਹਰ ਬੰਦਾ ਲੱਸੀ ਪੀਂਦਾ ਸੀ। ਉਹ ਵੀ ਪੀਂਦੇ ਸਨ ਜਿਹਦੇ ਘਰ ਦੁੱਧ ਜਾਂ ਦੁਧਾਰੂ ਪਸ਼ੂ ਨਹੀਂ ਹੁੰਦੇ ਸਨ। ਆਮ ਤੌਰ ’ਤੇ ਆਂਢ-ਗੁਆਂਢ ਵਿੱਚੋਂ ਲੱਸੀ ਮਿਲ ਹੀ ਜਾਂਦੀ ਸੀ। ਇੱਥੋਂ ਤੱਕ ਕਿ ਲੋੜਵੰਦ ਕਾਮੇ ਤਾਂ ਲੱਸੀ ਨਾਲ ਹੀ ਰੋਟੀ ਖਾ ਲੈਂਦੇ ਸਨ। ਵੱਡੇ ਜ਼ਿਮੀਂਦਾਰਾਂ ਦੇ ਘਰ ਮੱਝਾਂ ਵਾਧੂ ਹੁੰਦੀਆਂ ਸਨ। ਚੜ੍ਹਦੇ ਜੇਠ ਵੀ ਤਾਜ਼ੀਆਂ ਲਵੇਰੀਆਂ ਸੂਅ ਪੈਂਦੀਆਂ ਸਨ ਕਿਉਂਕਿ ਜ਼ਿਆਦਾ ਮੱਝਾਂ ਵਿੱਚੋਂ ਦੋ-ਚਾਰ ਤੋਕੜ, ਦੋ-ਚਾਰ ਸੂਈਆਂ ਹੋਈਆਂ ਅਤੇ ਦੋ-ਚਾਰ ਸੂਣ ਵਾਲੀਆਂ ਮੱਝਾਂ ਤੇ ਗਾਵਾਂ ਹੁੰਦੀਆਂ ਹੀ ਸਨ। ਆਮ ਛੋਟੇ ਘਰਾਂ ਵਿੱਚ ਇੱਕ ਮੱਝ ਹੀ ਹੁੰਦੀ ਤੇ ਬਹੁਗਿਣਤੀ ਗ਼ਰੀਬ ਦੀ ਮੱਝ ਸੌਣ ਮਹੀਨੇ ਹੀ ਸੂੰਦੀ ਸੀਲ ਇਸ ਲਈ ਜੇਠ-ਹਾੜ੍ਹ ਵਿੱਚ ਮਿਲਵਰਤਨ ਵਾਲੇ ਘਰਾਂ ਤੋਂ ਦੁੱਧ ਉਧਾਰ ਜਾਂ ਪਿਆਰ ਨਾਲ ਮਿਲ ਜਾਂਦਾ ਸੀ ਤੇ ਲੱਸੀ ਵੀ ਵਾਧੂ।

ਅੱਜਕੱਲ੍ਹ ਪਿੰਡਾਂ ਵਿੱਚੋਂ ਵੀ ਇਹ ਲੱਸੀ ਦੀ ਸੁਗਾਤ ਅਤੇ ਸਾਂਝ ਖ਼ਤਮ ਹੀ ਸਮਝੋ। ਕੌਣ ਰੱਖੇ 15-20 ਡੰਗਰ, ਕੌਣ ਸੰਭਾਲੇ, ਸਾਂਝੇ ਟੱਬਰ ਵੀ ਨਹੀਂ ਰਹੇ ਅਤੇ ਚੌਣੇ ਲਈ ਛੱਪੜ ਤੇ ਟੋਭੇ ਵੀ ਕਿਤੇ ਹੀ ਬਚੇ ਹਨ। ਸਾਂਝੇ ਪਰਿਵਾਰਾਂ ਵਿੱਚ ਪੰਜ-ਸੱਤ ਭਰਾਵਾਂ ’ਚੋਂ ਇੱਕ ਅੱਧਾ ਅਣਵਿਆਹਾ ਹੁੰਦਾ ਹੀ ਸੀ ਜੋ ਜੇਠ/ ਤਾਏ ਦਾ ਰੁਤਬਾ ਹਾਸਲ ਕਰਦਾ ਸੀ। ਜੇਠੇ ਤਾਏ ਆਮ ਤੌਰ ’ਤੇ ਕਾਮੇ ਅਤੇ ਔਖੇ ਕੰਮਾਂ ਨੂੰ ਸਮਰਪਿਤ ਹੁੰਦੇ ਸਨ। ਰਾਤਾਂ ਨੂੰ ਖੇਤਾਂ ਵਿੱਚ ਰਹਿਣਾ ਅਤੇ ਬਾਹਰਲੇ ਘਰ ਡੰਗਰਾਂ ਕੋਲ ਪੈਂਦੇ ਸਨ।

ਉਨ੍ਹਾਂ ਸਮਿਆਂ ਵਿੱਚ ਜੇਠ ਦੇ ਸਮਾਜਿਕ ਰੁਤਬੇ ਅਨੁਸਾਰ ਛੋਟੇ ਭਰਾਵਾਂ ਦੀਆਂ ਘਰਵਾਲੀਆਂ ਛੋਟੀਆਂ ਭਰਜਾਈਆਂ ਤੇ ਹੋਰ ਵੀ ਸ਼ਰੀਕੇ ਕਬੀਲੇ ਵਿੱਚੋਂ ਘਰਾਂ ਵਾਲੀਆਂ ਔਰਤਾਂ ਵੱਡੇ ਬੰਦੇ ਤੋਂ ਘੁੰਡ ਕੱਢ ਕੇ ਮੂੰਹ ਢੱਕ ਕੇ ਰੱਖਦੀਆਂ ਸਨ ਜੋ ਕਿ ਇੱਜ਼ਤ ਅਤੇ ਸ਼ਰਮ ਦਾ ਪ੍ਰਤੀਕ ਹੁੰਦਾ ਸੀ। ਅਜੋਕੇ ਸਮੇਂ ਵਿੱਚ ਇਹ ਰਿਸ਼ਤਾ ਲਗਭਗ ਲੋਪ ਹੋਣ ਕਿਨਾਰੇ ਹੈ ਕਿਉਂਕਿ ਕਿਤੇ ਕਿਤੇ ਹੀ ਦੋ ਭਰਾ ਹਨ, ਬਹੁਤੇ ਪਰਿਵਾਰ ਇੱਕ ਬੱਚੇ ਵਾਲੇ ਹੀ ਹਨ। ਬਹੁਤੇ ਬੱਚਿਆਂ ਨੂੰ ਤਾਇਆ, ਚਾਚਾ, ਮਾਸੀ, ਭੂਆ ਨਸੀਬ ਨਹੀਂ ਹੋਣੀ। ਬਹੁਤਿਆਂ ਦੇ ਦਿਓਰ, ਜੇਠਾਣੀ, ਭਰਜਾਈ ਵੀ ਹੋਣੇ ਅਸੰਭਵ ਹਨ। ਸੋ ਛੜੇ ਜੇਠ ਨੇ ਲੱਸੀ ਵੀ ਕਿਸ ਤੋਂ ਮੰਗਣੀ ਹੈ? ਹੁਣ ਬੱਚਿਆਂ ਦੇ ਪਿਓ ਦੇ ਚੰਗੇ ਵਰਤਾਓ ਤੇ ਨੇੜਤਾ ਵਾਲੇ ਦੋਸਤ ਹੀ ਤਾਏ, ਚਾਚੇ, ਤਾਈ, ਚਾਚੀ ਬਣਦੇ ਹਨ। ਸੋ ਜੇਕਰ ਤੌਲੇ ਅਤੇ ਚਾਟੀ ਦੀ ਲੱਸੀ ਨਹੀਂ ਮਿਲਦੀ ਤਾਂ ਸਮਾਜ ਵਿੱਚੋਂ ਛੜਾ ਜੇਠ ਵੀ ਖਿਸਕ ਗਿਆ। ਹੁਣ ਤਾਂ ਲੱਸੀ ਵੇਰਕੇ ਦੇ ਪੈਕਟਾਂ ਵਿੱਚ ਅਤੇ ਛੜਾ ਜੇਠ ਵਿਆਹ ਦੀਆਂ ਬੋਲੀਆਂ, ਗੀਤਾਂ ਤੇ ਪੰਜਾਬੀ ਫਿਲਮਾਂ ਵਿੱਚ ਹੀ ਰਹਿ ਗਿਆ ਹੈ। ਇਸ ਬਾਰੇ ਅਜੋਕੀ ਪੀੜ੍ਹੀ ਨੂੰ ਦੱਸਣਾ ਪੈਂਦਾ ਹੈ ਕਿ ਪਿਓ ਤੋਂ ਵੱਡਾ ਭਰਾ ਤਾਇਆ ਅਤੇ ਮਾਂ ਦਾ ਜੇਠ ਲੱਗਦਾ ਸੀ।

ਪਹਿਲਾਂ ਪਹਿਲਾਂ ਪਲੇਠੇ ਭਰਾ ਨੂੰ ਜੇਠਾ ਕਹਿੰਦੇ ਸਨ ਤੇ ਉਹੀ ਜੇਠ। ਅੱਜਕੱਲ੍ਹ ਸਭ ਦੇ ਹੀ ਜੇਠੇ ਜਾਂਦੇ ਹਨ ਕਿਉਂਕਿ ਬੱਚਾ ਹੀ ਇੱਕ ਹੁੰਦਾ ਹੈ। ਇਹ ਵੀ ਧਾਰਨਾ ਸੀ ਕਿ ਜੇਠ ਮਹੀਨੇ ਵਿੱਚ ਜੇਠੇ ਪੁੱਤ ਦਾ ਵਿਆਹ ਨਹੀਂ ਕਰਨਾ, ਪਰ ਅੱਜਕੱਲ੍ਹ ਸਭ ਚੱਲਦਾ ਹੈ। ਹੋਟਲਾਂ ਵਿੱਚ ਏਸੀ ਲਾ ਕੇ ਦਸੰਬਰ-ਜਨਵਰੀ ਵਰਗੀ ਠੰਢ ਦਾ ਆਨੰਦ ਮਾਣਿਆ ਜਾਂਦਾ ਹੈ।

ਜੇਠ ਮਹੀਨੇ ਦੀ ਤਪਸ਼ ਦਾ ਪ੍ਰਕੋਪ ਖੱਲਾਂ, ਖੂੰਜਿਆਂ ਤੱਕ ਮਾਰ ਕਰਦਾ ਹੈ ਤੇ ਪਸ਼ੂ-ਪੰਛੀ, ਰਾਹਗੀਰ, ਬਨਸਪਤੀ ਪਾਣੀ ਨੂੰ ਤਰਾਹ ਤਰਾਹ ਕਰਦੇ ਹਨ। ਹੱਥ ਧੋਕੇ ਪੂੰਝਣ ਦੀ ਜ਼ਰੂਰਤ ਨਹੀਂ। ਜੋ ਔਰਤਾਂ ਜੇਠ ਨੂੰ, ਜੇਠ ਸਮਝ ਕੇ ਸਿਰ ਕੱਜ ਕੇ ਘੁੰਢ ਕੱਢਦੀਆਂ ਸਨ, ਉਹ ਅੱਜ ਜੇਠ ਮਹੀਨੇ ਦੀ ਤਾਕਤ, ਤਪਸ਼ ਤੋਂ ਬਚਣ ਵਾਸਤੇ ਸਪੈਸ਼ਲ ਚੁੰਨੀਆਂ ਦੀਆਂ ਬੁੱਕਲਾਂ ਮਾਰ ਕੇ ਮੂੰਹ ਸਿਰ ਲੁਕੋ ਕੇ ਜਿਉਂਦੇ ਜਾਗਦੇ ਜੇਠ ਦੀ ਤਰ੍ਹਾਂ ਹੀ ਜੇਠ ਮਹੀਨੇ ਦਾ ਸਤਿਕਾਰ ਕਰਦੀਆਂ ਹਨ। ਮੌਸਮ ਵਿਗਿਆਨੀਆਂ ਅਨੁਸਾਰ ਜੇਠ ਮਹੀਨੇ ਦਾ ਪ੍ਰਕਿਰਤੀ ਵਿੱਚ ਅਹਿਮ ਪੱਖ ਹੈ। ਜੇਕਰ ਜੇਠ ਦੀ ਤਪਸ਼ ਨਾ ਹੋਵੇ ਤਾਂ ਸਾਉਣ ਮਹੀਨੇ ਬਾਰਸ਼ਾਂ ਵੀ ਨਹੀਂ ਹੋਣਗੀਆਂ। ਜੇਠ ਦੇ ਮਹੀਨੇ ਨੂੰ ‘ਨੌਂ ਤਪਾ’ ਵੀ ਕਿਹਾ ਜਾਂਦਾ ਹੈ। ਜਿਸ ਵਿੱਚ 25 ਮਈ ਤੋਂ ਦੋ ਜੂਨ ਤੱਕ ਸਭ ਤੋਂ ਸਖ਼ਤ ਤੇ ਭਿਆਨਕ ਗਰਮੀ ਹੁੰਦੀ ਹੈ ਜਦੋਂ ਤਾਪਮਾਨ 50 ਡਿਗਰੀ ਤੱਕ ਵੀ ਜਾ ਸਕਦਾ ਹੈ। ਵਿਗਿਆਨੀਆਂ ਅਤੇ ਮਾਹਿਰਾਂ ਨੇ ਇਸ ਕਰੜੇ ਧੁੱਪ ਦੇ ਅਤੇ ਲੂ ਦੇ ਦਿਨਾਂ ਨੂੰ ਬਹੁਤ ਲਾਭਕਾਰੀ ਦੱਸਿਆ ਹੈ ਕਿ ਜੇਕਰ ਇਹ ਅੱਤ ਦੀ ਧੁੱਪ ਨਾ ਪਵੇ ਤਾਂ ਅਸੀਂ ਅੰਨ ਅਨਾਜ ਤੋਂ ਥੁੜ੍ਹ ਜਾਵਾਂਗੇ ਅਤੇ ਭੁੱਖਮਰੀ ਵੀ ਪੈ ਸਕਦੀ ਹੈ। ਇਸ ਭਿਆਨਕ ਤਪਸ਼ ਨਾਲ ਚੂਹਿਆਂ ਦੀ ਜਨਸੰਖਿਆ ਨਹੀਂ ਵਧਦੀ, ਫ਼ਸਲਾਂ ਲਈ ਮਾਰੂ ਕੀੜੇ ਜਿਵੇਂ ਟਿੱਡੀ ਦਲ ਦਾ ਵਾਧਾ ਅਤੇ ਮਾਰੂ ਕੀਟਾਣੂਆਂ ਦਾ ਵਾਧਾ ਰੁਕਦਾ ਹੈ, ਇਸ ਦੇ ਨਾਲ ਹੀ ਮਨੁੱਖ ਨੂੰ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ। ਹੋਰ ਹਾਨੀਕਾਰਕ ਕੀੜੇ, ਜ਼ਹਿਰੀਲੇ ਸੱਪ, ਬਿੱਛੂ ਆਦਿ ਵੀ ਘੱਟ ਪੈਦਾ ਹੁੰਦੇ ਹਨ। ਮੱਖੀ-ਮੱਛਰ ਕਿਤੇ ਨਜ਼ਰ ਨਹੀਂ ਆਉਂਦਾ। ਚਾਰ ਕਣੀਆਂ ਪੈਣ ਦਿਓ ਵੇਖਿਓ ਆਪਾਂ ਤੰਗ ਆ ਜਾਵਾਂਗੇ। ਸਿੱਲੇ ਮੌਸਮ ਵਿੱਚ ਕੀੜੇ ਮਕੌੜਿਆਂ ਦੀ ਭਰਮਾਰ ਵੇਖਣ ਨੂੰ ਆਮ ਮਿਲਦੀ ਹੈ। ਫ਼ਲਾਂ ਵਿੱਚ ਮਿਠਾਸ ਵੀ ਇਸ ਧੁੱਪ ਤੇ ਲੂ ਦੇ ਕਾਰਨ ਹੀ ਪੈਂਦੀ ਹੈ। ਇਸ ਤੱਤੀ ਲੂ ਕਰਕੇ ਹੀ ਭਰਵੀ ਮੌਨਸੂਨ ਦੀ ਸੰਭਾਵਨਾ ਬਣਦੀ ਹੈ। ਇਸ ਲਈ ਜੇਠ ਮਹੀਨੇ ਤੇ ਡਰੋ ਨਾ, ਬਲਕਿ ਇਸ ਦਾ ਸਤਿਕਾਰ ਕਰੋ ਭਾਵੇਂ ਘੁੰਢ ਕੱਢ ਕੇ ਹੀ ਰੱਖੋ। ਭਿਆਨਕ ਆਲਮੀ ਤਪਸ਼ ਦਾ ਕਾਰਨ ਮਨੁੱਖ ਹੀ ਹੈ ਜੋ ਕੁਦਰਤੀ ਵਰਤਾਰੇ ਦੇ ਉਲਟ ਚੱਲਦਾ ਹੈ। ਕੁਦਰਤ ਨੇ ਆਪਣੇ ਨਿਯਮਾਂ ਅਨੁਸਾਰ ਹੀ ਸਭ ਕਾਸੇ ਦਾ ਸੰਤੁਲਨ ਬਣਾਇਆ ਹੋਇਆ ਹੈ, ਭਾਵੇਂ ਮਨੁੱਖ ਆਪਣੀਆਂ ਸਹੂਲਤਾਂ ਵਾਸਤੇ ਕੁਦਰਤ ਦੀ ਨਿਯਮਾਵਲੀ ਵਿੱਚ ਵਿਘਨ ਪਾ ਰਿਹਾ ਹੈ ਅਤੇ ਭੁਗਤ ਵੀ ਰਿਹਾ ਹੈ।

ਅੱਜ ਵੀ ਜੇਠ ਦਾ ਰੁਤਬਾ ਘੱਟ ਨਹੀਂ। ਜੇਠ ਦਾ ਮਹੀਨਾ ਲੰਘ ਗਿਆ ਤੇ ਹਾੜ ਚੜ੍ਹ ਗਿਆ ਹੈ, ਪਰ ਇੱਕ ਚੰਗੀ ਖ਼ਬਰ ਇਹ ਹੈ ਕਿ ਅੱਜ ਸਾਰੀਆਂ ਬੀਬੀਆਂ ਭੈਣਾਂ ਬੇਪਛਾਣ ਜਿਹਾ ਹੋ ਕੇ, ਮੂੰਹ ਸਿਰ ਬੰਨ੍ਹ ਕੇ ਘੁੰਮਦੀਆਂ ਹਨ। ਭਾਵੇਂ ਚੁੰਨੀ ਬੈਗ ਜਾਂ ਐਕਟਿਵਾ ਵਿੱਚ ਹੀ ਹੋਵੇ, ਇਸ ਲਈ ਜੇਠ ਤੋਂ ਬਿਨਾਂ ਹੀ ਜੇਠ ਦਾ ਰੁਤਬਾ ਜ਼ਿੰਦਾਬਾਦ।

ਗੁਰਮੇਲ ਸਿੰਘ ਸਿੱਧੂ, ਸੰਪਰਕ: 95921-82111

# ਖ਼ੁਸ਼ੀ ਦੀ ਤਲਾਸ਼.... !

ਹਰ ਕਿਸੇ ਨੂੰ ਖ਼ੁਸ਼ੀ ਦੀ ਤਾਂਘ ਹੈ, ਖ਼ੁਸ਼ੀ ਦੀ ਤਲਾਸ਼ ਹੈ। ਹਰ ਕੋਈ ਖ਼ੁਸ਼ੀ ਵਸਤੂਆਂ ਤੇ ਵਰਤਾਰਿਆਂ ਵਿੱਚੋਂ ਲੱਭ ਰਿਹਾ ਹੈ। ਬਸ ਇਥੇ ਹੀ ਗਲਤੀ ਹੀ ਜਾਂਦੀ ਹੈ। ਖ਼ੁਸ਼ੀ ਜਦੋਂ ਵਸਤੂਆਂ,ਵਰਤਾਰਿਆਂ ਜਾਂ ਦੂਜਿਆਂ ਤੇ ਨਿਰਭਰ ਕਰਦੀ ਹੈ ਤਾਂ ਉਹ ਲੱਭਦੀ ਨਹੀਂ।
ਤੁਹਾਡੀ ਖ਼ੁਸ਼ੀ ਦੀ ਚਾਬੀ ਦੂਜੇ ਦੇ ਹੱਥ ਕਿਉਂ ਹੋਵੇ?
ਖ਼ੁਸ਼ ਹੋਣ ਲਈ ਤੁਸੀਂ ਕਿਸੇ ਤੇ ਨਿਰਭਰ ਕਿਉਂ ਹੋਵੋ?
ਖ਼ੁਸ਼ੀ ਵਸਤੂਆਂ ਵਿੱਚ ਹੁੰਦੀ ਤਾਂ ਕੋਈ ਨਾਖ਼ੁਸ਼ ਨਾ ਹੁੰਦਾ।
ਖ਼ੁਸ਼ੀ ਪ੍ਰਾਪਤ ਕਰਨ ਲਈ ਪਹਿਲਾਂ ਖ਼ੁਸ਼ੀ ਨੂੰ ਸਮਝੋ ਤੇ ਪਛਾਣੋ।

ਖ਼ੁਸ਼ੀ ਇੱਕ ਅਵਸਥਾ ਹੈ। ਵਸਤੂਆਂ ਜਾਂ ਪ੍ਰਾਪਤੀਆਂ ਕੁਛ ਪਲ ਲਈ ਖ਼ੁਸ਼ੀ ਦੇ ਸਕਦੀਆਂ ਪਰ ਇਹ ਖ਼ੁਸ਼ੀ ਸਥਾਈ ਨਹੀਂ ਹੁੰਦੀ। ਜ਼ਿੰਦਗੀ ਵਿਚ ਵਸਤੂਆਂ ਦੀ ਜ਼ਰੂਰਤ ਹੁੰਦੀ ਪਰ ਇਹ ਸਾਡੀ ਮਾਨਸਿਕ ਅਵਸਥਾ ਦਾ ਆਧਾਰ ਨਹੀਂ ਹੁੰਦੀਆਂ।

ਅਸੀਂ ਜੋੜ ਲੈਂਦੇ ਹਾਂ ਆਪਣਿਆ ਖੁਸੀਆਂ ਨੂੰ ਲੋਕਾਂ ਤੇ ਵਸਤਾਂ ਨਾਲ। ਕਿਸੇ ਦਾ ਸਾਡੇ ਨਾਲ ਨਾ ਬੋਲਣਾ, ਰੁੱਸ ਜਾਣਾ ਸਾਨੂੰ ਉਦਾਸ ਕਰ ਦਿੰਦਾ ਹੈ ਕਿਉਂਕਿ ਅਸੀਂ ਆਪਣੀਆਂ ਖ਼ੁਸ਼ੀਆਂ ਉਸ ਵਿਅਕਤੀ ਨਾਲ ਜੋੜ ਕੇ ਦੇਖਦੇ ਹਾਂ। ਪਰ ਕਿ ਤੁਸੀਂ ਕਦੀ ਧਿਆਨ ਕੀਤਾ ਹੈ ਕਿ ਜਿਸ ਵਿਅਕਤੀ ਦੇ ਖ਼ਫ਼ਾ ਹੋ ਜਾਣ ਤੇ ਅਸੀਂ ਉਦਾਸ ਹੁੰਦੇ ਹਾਂ ਕੁਝ ਸਮੇਂ ਬਾਦ ਉਸਦਾ ਸਾਡੀ ਜ਼ਿੰਦਗੀ ਵਿੱਚ ਨਾ ਹੋਣਾ ਵੀ ਸਾਨੂੰ ਮਹਿਸੂਸ ਨਹੀਂ ਹੁੰਦਾ।

ਸਾਡੀ ਨਿੱਕੀ ਜਿਹੀ ਚੀਜ਼ ਗੁਅਕ ਜਾਵੇ ਤਾਂ ਅਸੀਂ ਪ੍ਰੇਸ਼ਾਨ ਹੋ ਜਾਂਦੇ ਹਾਂ। ਸਾਡੇ ਲਈ ਦੁਨੀਆਂ ਦੀ ਹਰ ਸ਼ੈਅ ਬੇਮਾਨੀ ਹੋ ਜਾਂਦੀ ਹੈ। ਸਾਡਾ ਧਿਆਨ ਉਸ ਗੁਆਚੀ ਵਸਤੂ ਵਿੱਚ ਹੀ ਰਹਿੰਦਾ ਹੈ।

ਇਸਦਾ ਕਾਰਨ ਹੈ ਕਿ ਅਸੀਂ ਕਿਸੇ ਵੀ ਚੀਜ਼ ਨੂੰ ਜ਼ਰੂਰਤ ਤੋਂ ਵੱਧ ਮਹਤਵ ਦਿੰਦੇ ਹਾਂ। ਛੋਟੀ ਜਿਹੀ ਗੱਲ ਤੇ ਨਾਉਮੀਦ ਹੋ ਜਾਂਦੇ ਹਾਂ। ਸਫ਼ਰ ਵਿਚ ਜੇਕਰ ਗੱਡੀ ਪੰਕਚਰ ਹੋ ਜਾਵੇ ਤਾਂ ਅਸੀਂ ਸੋਚਦੇ ਹਾਂ ਕਿ ਕਿਸਮਤ ਹੀ ਖਰਾਬ ਹੈ। ਜਿਸ ਕਿਸਮਤ ਨੇ ਗੱਡੀ ਦਿੱਤੀ ਉਹ ਭੁੱਲ ਜਾਂਦੀ ਹੈ। ਇਹ ਨਹੀਂ ਸਮਝਦੇ ਕਿ ਚਲਦੀ ਚੀਜ਼ ਨੇ ਖਰਾਬ ਤਾਂ ਹੋਣਾ ਹੀ ਹੈ। ਬਸ ਨਿੱਕੀ ਜਿਹੀ ਗੱਲ ਤੇ ਢੇਰੀ ਢਾਹ ਲੈਂਦੇ ਹਾਂ।

ਹਰਪ੍ਰੀਤ ਸੰਧੂ






ਪੰਜਾਬ ਸਟਾਰ
www.punjabstar.com

# ਪੰਜਾਬੀ ਛਾ ਗਏ ਓਏ: ਲਾਸ ਏਂਜਲਸ ਨੇ 6 ਜਨਵਰੀ 2027 ਨੂੰ ਦਿਲਜੀਤ ਦੋਸਾਂਝ ਦਿਨ ਐਲਾਨਿਆ



ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ ‘ਤੇ ਪਛਾਣ ਦਿਵਾਉਣ ਵਾਲੇ ਇਸ ਪੰਜਾਬੀ ਕਲਾਕਾਰ ਨੇ ਹੁਣ ਇੱਕ ਹੋਰ ਵੱਡੀ ਕਾਮਯਾਬੀ ਆਪਣੇ ਨਾਮ ਕਰ ਲਈ ਹੈ।

ਲਾਸ ਏਂਜਲਸ ਸਿਟੀ ਕੌਂਸਲ ਨੇ ਅਧਿਕਾਰਕ ਤੌਰ ’ਤੇ ਇੱਕ ਪ੍ਰਸਤਾਵ ਪਾਸ ਕਰਕੇ 6 ਜਨਵਰੀ 2027 ਨੂੰ ‘ਦਿਲਜੀਤ ਦੋਸਾਂਝ ਦਿਵਸ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਪ੍ਰਸਤਾਵ ਕੌਂਸਲਵੁਮਨ ਮੋਨਿਕਾ ਰੌਡਰਿਗਜ਼ ਵੱਲੋਂ ਪੇਸ਼ ਕੀਤਾ ਗਿਆ ਸੀ।

ਇਸ ਪ੍ਰਸਤਾਵ ਰਾਹੀਂ ਭਾਰਤ ਵਿੱਚ ਜੰਮੇ ਗਾਇਕ, ਅਦਾਕਾਰ ਅਤੇ ਨਿਰਮਾਤਾ ਦਿਲਜੀਤ ਦੋਸਾਂਝ ਨੂੰ ਪੰਜਾਬੀ ਸੰਗੀਤ ਨੂੰ ਦੁਨੀਆ ਭਰ ਤੱਕ ਪਹੁੰਚਾਉਣ ਅਤੇ ਅਮਰੀਕੀ ਮੁੱਖਧਾਰਾ ਸੱਭਿਆਚਾਰ ਵਿੱਚ ਦੱਖਣੀ ਏਸ਼ਿਆਈ ਭਾਈਚਾਰੇ ਦੀ ਨੁਮਾਇੰਦਗੀ ਨੂੰ ਮਜ਼ਬੂਤ ਕਰਨ ਲਈ ਸਨਮਾਨਿਤ ਕੀਤਾ ਗਿਆ ਹੈ। ਦਿਲਜੀਤ ਦੋਸਾਂਝ ਨੇ ਆਪਣੇ ਸੰਗੀਤ, ਫਿਲਮਾਂ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਪੇਸ਼ਕਾਰੀਆਂ ਰਾਹੀਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਵੀਂ ਪਛਾਣ ਦਿੱਤੀ ਹੈ। ਉਨ੍ਹਾਂ ਦੀ ਲੋਕਪ੍ਰਿਅਤਾ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਉਹ ਦੁਨੀਆ ਭਰ ਦੇ ਪੰਜਾਬੀਆਂ ਅਤੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਖਾਸ ਥਾਂ ਬਣਾ ਚੁੱਕੇ ਹਨ।

ਇਸ ਐਲਾਨ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਪ੍ਰਸ਼ੰਸਕਾਂ ਵੱਲੋਂ ਖੁਸ਼ੀ ਜਤਾਈ ਜਾ ਰਹੀ ਹੈ। ਇੱਕ ਯੂਜ਼ਰ ਨੇ ਲਿਖਿਆ, “ਬੱਲੇ ਬੱਲੇ, ਮੁਬਾਰਕਾਂ।” ਇਕ ਹੋਰ ਨੇ ਟਿੱਪਣੀ ਕੀਤੀ, “ਕਿੱਥੋਂ ਕੋਈ ਕਰ ਲਵੇ ਮੁਕਾਬਲਾ, ਮਾਣ ਹੈ ਤੁਹਾਡੇ ‘ਤੇ ਦੋਸਾਂਝ ਸਾਹਿਬ।” ਜਦਕਿ ਇੱਕ ਹੋਰ ਪ੍ਰਸ਼ੰਸਕ ਨੇ ਲਿਖਿਆ, “ਪੰਜਾਬੀ ਛਾ ਗਏ ਓਏ।”

ਲਾਸ ਏਂਜਲਸ ਵੱਲੋਂ ਦਿੱਤਾ ਗਿਆ ਇਹ ਸਨਮਾਨ ਨਾ ਸਿਰਫ਼ ਦਿਲਜੀਤ ਦੋਸਾਂਝ ਦੀ ਨਿੱਜੀ ਉਪਲਬਧੀ ਹੈ, ਸਗੋਂ ਪੰਜਾਬੀ ਭਾਸ਼ਾ, ਸੰਗੀਤ ਅਤੇ ਸੱਭਿਆਚਾਰ ਲਈ ਵੀ ਮਾਣ ਵਾਲਾ ਪਲ ਮੰਨਿਆ ਜਾ ਰਿਹਾ ਹੈ।

## ਅਦਾਕਾਰ ਧਨੁਸ਼ ਦੀ ਫ਼ਿਲਮ 'ਓਮ' 16 ਅਕਤੂਬਰ ਨੂੰ ਸਿਨੇਮਾਘਰਾਂ 'ਚ ਹੋਵੇਗੀ ਰਿਲੀਜ਼



ਨਵੀਂ ਦਿੱਲੀ: ਅਦਾਕਾਰ ਧਨੁਸ਼ ਦੀ ਫਿਲਮ "ਓਮ" 16 ਅਕਤੂਬਰ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਰਾਜਕੁਮਾਰ ਪੇਰੀਆ ਦੁਆਰਾ ਨਿਰਦੇਸ਼ਤ, ਇਹ ਫਿਲਮ ਇੱਕ "ਹਾਈ-ਓਕਟੇਨ ਐਕਸ਼ਨ-ਡਰਾਮਾ" ਹੈ। ਫਿਲਮ ਨਿਰਮਾਤਾਵਾਂ ਨੇ ਵੀਰਵਾਰ ਨੂੰ ਇੰਸਟਾਗ੍ਰਾਮ 'ਤੇ ਫਿਲਮ ਦਾ ਟੀਜ਼ਰ ਅਤੇ ਰਿਲੀਜ਼ ਮਿਤੀ ਸਾਂਝੀ ਕੀਤੀ। ਅਦਾਕਾਰ ਨੇ ਆਪਣੇ ਇੰਸਟਾਗ੍ਰਾਮ ਹੈਂਡਲ ਤੋਂ ਪੋਸਟ ਨੂੰ ਦੁਬਾਰਾ ਸਾਂਝਾ ਕੀਤਾ। ਪੋਸਟ ਦੇ ਕੈਪਸ਼ਨ ਵਿੱਚ ਲਿਖਿਆ ਸੀ, "ਉਸਦਾ ਆਗਮਨ ਅੱਗ ਵਾਂਗ ਹੈ। ਪਹਿਲੀ ਜੰਗ, 'ਧ55' ਨੂੰ ਪੇਸ਼ ਕਰਦੇ ਹੋਏ... ਹੁਣ ਓਮ।" ਵੀਡੀਓ ਵਿੱਚ ਡਰੇ ਹੋਏ ਪਿੰਡ ਵਾਸੀਆਂ ਦੇ ਇੱਕ ਸਮੂਹ ਅਤੇ ਧਨੁਸ਼ ਨੂੰ ਇੱਕ ਭਿਆਨਕ ਰੱਖਿਅਕ ਵਜੋਂ ਦਿਖਾਇਆ ਗਿਆ ਹੈ ਜੋ ਪਿੰਡ ਵਾਸੀਆਂ ਦੀ ਰੱਖਿਆ ਲਈ ਜੰਗਲ ਵਿੱਚ ਹਥਿਆਰਬੰਦ ਆਦਮੀਆਂ ਨਾਲ ਲੜਦਾ ਹੈ। ਫਿਲਮ ਵਿੱਚ ਮਾਮੂਟੀ, ਸਾਈ ਪੱਲਵੀ ਅਤੇ ਸ਼੍ਰੀਲੀਲਾ ਵੀ ਮੁੱਖ ਭੂਮਿਕਾਵਾਂ ਵਿੱਚ ਹਨ। ਸੰਗੀਤ ਸਾਈ ਅਭਯੰਕਰ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਫਿਲਮ ਵੰਡਰਬਾਰ ਫਿਲਮਜ਼ ਅਤੇ ਆਰਟੇਕ ਸਟੂਡੀਓਜ਼ ਦੇ ਬੈਨਰ ਹੇਠ ਬਣਾਈ ਗਈ ਹੈ। ਧਨੁਸ਼ ਦੀ ਹਾਲੀਆ ਫਿਲਮ "ਕਾਰਾ" ਅਪ੍ਰੈਲ ਵਿੱਚ ਰਿਲੀਜ਼ ਹੋਈ ਸੀ।

# ਮਾਧਵਨ ਪਦਮ ਸ਼੍ਰੀ ਨਾਲ ਸਨਮਾਨਿਤ

## ਅਲਕਾ ਯਾਗਨਿਕ ਤੇ ਮਮੂਟੀ ਨੂੰ ਮਿਲਿਆ ਪਦਮ ਭੂਸ਼ਣ



ਰਾਸ਼ਟਰਪਤੀ ਭਵਨ, ਦਿੱਲੀ ਵਿਖੇ ਕਈ ਫਿਲਮੀ ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਦੱਖਣੀ ਭਾਰਤੀ ਅਦਾਕਾਰ ਮਮੂਟੀ ਅਤੇ ਬਾਲੀਵੁੱਡ ਗਾਇਕਾ ਅਲਕਾ ਯਾਗਨਿਕ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ, ਜਦੋਂ ਕਿ ਬਾਲੀਵੁੱਡ ਅਦਾਕਾਰ ਆਰ. ਮਾਧਵਨ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਕਈ ਹੋਰ ਕਲਾਕਾਰਾਂ ਨੂੰ ਵੀ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਮਸ਼ਹੂਰ ਮਲਿਆਲਮ ਫਿਲਮ ਅਦਾਕਾਰ ਮਮੂਟੀ ਅਤੇ ਬਾਲੀਵੁੱਡ ਗਾਇਕਾ ਅਲਕਾ ਯਾਗਨਿਕ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ। ਅਲਕਾ ਯਾਗਨਿਕ ਨੇ ਐਵਾਰਡ ਲੈਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਮਿਲੀ ਤੇ ਉਨ੍ਹਾਂ ਦੇ ਪੈਰ ਛੂਹੇ। ਦੋਵੇਂ ਅਦਾਕਾਰ ਪੁਰਸਕਾਰ ਪ੍ਰਾਪਤ ਕਰਨ ‘ਤੇ ਬਹੁਤ ਖੁਸ਼ ਸਨ, ਉਨ੍ਹਾਂ ਦੇ ਚਿਹਰੇ ਤੋਂ ਉਨ੍ਹਾਂ ਦੀ ਖੁਸ਼ੀ ਸਾਫ਼ ਝਲਕ ਰਹੀ ਸੀ। ਅਦਾਕਾਰ ਆਰ. ਮਾਧਵਨ ਨੂੰ ਵੀ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਦੱਸ ਦੇਈਏ ਕਿ ਅਲਕਾ ਯਾਗਨਿਕ ਨੇ 1980 ਦੇ ਦਹਾਕੇ ਵਿੱਚ ਆਪਣੇ ਸੰਗੀਤਕ ਕਰੀਅਰ ਦੀ ਸ਼ੁਰੂਆਤ ਕੀਤੀ। ਉਸ ਨੇ ਹਿੰਦੀ ਫਿਲਮਾਂ ਵਿੱਚ ਕਈ ਹਿੱਟ ਗਾਏ। ਇਸ ਸ਼ਾਨਦਾਰ ਗਾਇਕਾ ਦੇ ਗੀਤਾਂ ਨੇ ਕਈ ਰਿਕਾਰਡ ਬਣਾਏ ਹਨ। ਅੱਜ, ਉਨ੍ਹਾਂ ਨੂੰ ਰਾਸ਼ਟਰਪਤੀ ਦੁਆਰਾ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਆਰ. ਮਾਧਵਨ ਲਗਭਗ 30 ਸਾਲਾਂ ਤੋਂ ਹਿੰਦੀ ਅਤੇ ਦੱਖਣੀ ਭਾਰਤੀ ਫਿਲਮਾਂ ਵਿੱਚ ਅਦਾਕਾਰੀ ਕਰ ਰਹੇ ਹਨ। ਉਨ੍ਹਾਂ ਨੇ ਕਈ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਉਨ੍ਹਾਂ ਦੇ ਕਈ ਕਿਰਦਾਰਾਂ ਨੇ ਦਰਸ਼ਕਾਂ ਦੇ ਦਿਲਾਂ ਵਿੱਚ ਇੱਕ ਖਾਸ ਛਾਪ ਛੱਡੀ ਹੈ। ਅੱਜ ਰਾਸ਼ਟਰਪਤੀ ਵੱਲੋਂ ਅਦਾਕਾਰ ਨੂੰ ਪਦਮ ਸ਼੍ਰੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਆਰ. ਮਾਧਵਨ ਦੀ ਪਤਨੀ ਅਤੇ ਪੁੱਤਰ ਵੇਦਾਂਤ ਵੀ ਇਸ ਮੌਕੇ ‘ਤੇ ਮੌਜੂਦ ਸਨ, ਜਿਨ੍ਹਾਂ ਨੇ ਮਾਧਵਨ ਦੀ ਪ੍ਰਾਪਤੀ ‘ਤੇ ਖੁਸ਼ੀ ਪ੍ਰਗਟ ਕੀਤੀ। ਮਮੂਟੀ ਨੂੰ ਮਲਿਆਲਮ ਸਿਨੇਮਾ ਦਾ ਸੁਪਰਸਟਾਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਆਪਣੇ ਕਰੀਅਰ ਵਿੱਚ 400 ਤੋਂ ਵੱਧ ਫਿਲਮਾਂ ਵਿੱਚ ਕੰਮ ਕੀਤਾ ਹੈ। ਉਹ ਕਿਰਦਾਰਾਂ ਵਿਚ ਢਲ ਜਾਣ ਵਾਲੇ ਮਾਸਟਰ ਅਦਾਕਾਰ ਹਨ। ਉਨ੍ਹਾਂ ਨੂੰ ਅੱਜ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦਾ ਪੁੱਤਰ ਦੁਲਕਰ ਵੀ ਇਸ ਮੌਕੇ ‘ਤੇ ਆਪਣੇ ਪਿਤਾ ਲਈ ਤਾੜੀਆਂ ਮਾਰਦਾ ਨਜਰ ਆਇਆ।

## "ਭੱਟੀ ਭੜੀ ਵਾਲੇ" ਦਾ ਲਿਖਿਆ ਇੱਕ ਹੋਰ ਗੀਤ "ਬਚਪਨ" ਪੂਰੀ ਚਰਚਾ ਵਿੱਚ




ਪੰਜਾਬ ਦੇ ਚੋਟੀ ਦੇ ਗੀਤਕਾਰ ਤੇ ਪੇਸ਼ਕਾਰ "ਭੱਟੀ ਭੜੀ ਵਾਲਾ" ਦੀ ਕਲਮ ਦਾ ਲਿਖਿਆ ਇੱਕ ਹੋਰ ਗੀਤ "ਬਚਪਨ" ਦੁਨੀਆਂ ਭਰ ਦੇ ਸਾਰੇ ਡਿਜਿਟਲ ਪਲੈਟਫਾਰਮਾਂ ਅਤੇ ਯੂ ਟਿਊਬ ਤੇ ਰਿਲੀਜ਼ ਹੋ ਚੁੱਕਾ ਹੈ। ਇਸ ਗੀਤ ਬਾਰੇ ਗੱਲਬਾਤ ਕਰਦਿਆਂ ਭੱਟੀ ਭੜੀ ਵਾਲਾ ਨੇ ਦੱਸਿਆ ਕਿ "ਬਚਪਨ" ਗੀਤ ਨੂੰ ਸੁਰੀਲੀ ਤੇ ਮਿੱਠੀ ਆਵਾਜ਼ ਦੇ ਮਾਲਕ ਗਾਇਕ "ਇੰਦਰ ਸ਼ਹਿਜ਼ਾਦ" ਨੇ ਬਹੁਤ ਹੀ ਰੂਹ ਨਾਲ ਗਾਇਆ ਹੈ। ਗੀਤ ਦਾ ਇੱਕ ਇੱਕ ਬੋਲ ਸੁਣਨ ਵਾਲਾ ਹੈ ਜੋ ਸਾਡੇ ਸਭਨਾਂ ਦੇ ਬਚਪਨ ਨੂੰ ਸਮਰਪਿਤ ਹੈ। ਗੀਤ ਸੁਣਦਿਆਂ "ਇੰਦਰ ਸ਼ਹਿਜ਼ਾਦ" ਦੀ ਆਵਾਜ਼ ਧੁਰ ਅੰਦਰ ਤੱਕ ਲਹਿ ਜਾਂਦੀ ਹੈ ਅਤੇ ਸਾਨੂੰ ਸਭਨੂੰ ਸਾਡੇ ਬਚਪਨ ਵਿੱਚ ਵਾਪਸ ਲੈ ਜਾਂਦੀ ਹੈ। ਵਿਦੇਸ਼ਾਂ ਦੀ ਧਰਤੀ ਤੇ ਰਹਿਕੇ ਘੰਟਿਆਂ ਬਧੀ ਰਿਆਜ਼ ਕਰਕੇ ਗਾਇਕੀ ਨੂੰ ਪੂਰੀ ਤਰਾਂ ਸਮਰਪਿਤ ਹੋਣਾ ਆਪਣੇ ਆਪ ਵਿੱਚ ਵੱਡੀ ਗੱਲ ਹੈ। "ਬਚਪਨ" ਗੀਤ ਨੂੰ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਫ਼ਿਲਮਾਇਆ ਹੈ ਅੱਜ ਦੇ ਚਰਚਿੱਤ ਵੀਡੀਓ ਡਾਇਰੈਕਟਰ ਬੌਬੀ ਬਾਜਵਾ ਨੇ। ਸਾਡਾ ਬਚਪਨ ਚੇਤੇ ਕਰਾਉਣ ਵਾਲੇ ਇਸ ਗੀਤ ਦਾ ਸੰਗੀਤ ਤਿਆਰ ਕੀਤਾ ਹੈ ਉੱਘੇ ਸੰਗੀਤਕਾਰ ਲਾਲ ਕਮਲ ਨੇ। ਭੱਟੀ ਭੜੀ ਵਾਲੇ ਦੀ ਪੇਸ਼ਕਸ਼ ਥੱਲੇ ਇਹ ਟਰੈਕ "ਲੋਕ ਗੀਤ ਐਂਟਰਟੇਨਮੈਂਟ" ਵੱਲੋਂ ਬੜੀ ਧੂਮ ਧਾਮ ਨਾਲ ਰਿਲੀਜ਼ ਕੀਤਾ ਗਿਆ ਹੈ। ਇਸ ਟਰੈਕ ਬਾਰੇ ਗੱਲਬਾਤ ਕਰਦਿਆਂ ਗੀਤਕਾਰ ਤੇ ਪੇਸ਼ਕਾਰ "ਭੱਟੀ ਭੜੀ ਵਾਲਾ" ਨੇ ਦੱਸਿਆ ਕਿ ਲੰਮੇ ਅਰਸੇ ਬਾਅਦ ਸਾਡੇ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਵਾਲਾ ਇਹ ਗੀਤ ਦੁਨੀਆਂ ਭਰ ਦੇ ਪੰਜਾਬੀ ਸਰੋਤਿਆਂ ਤੇ ਦਰਸ਼ਕਾਂ ਦੇ ਲੰਮਾ ਸਮਾਂ ਰਾਜ ਕਰੇਗਾ। ਦੇਸ਼ਾਂ ਵਿਦੇਸ਼ਾਂ ਵਿੱਚ ਮਿਲ ਰਿਹਾ ਪਿਆਰ ਇਸ ਗੀਤ ਨੂੰ ਵੱਡੇ ਮੁਕਾਮ ਤੱਕ ਲੈ ਕੇ ਜਾਵੇਗਾ।

# ਮੌਜੂਦਾ ਹਾਲਾਤ 'ਤੇ ਕਰਾਰੀ ਚੋਟ ਹੈ ਨਿਰਭੈ ਗਿੱਲ ਦੀ ਲਘੂ ਫ਼ਿਲਮ ‘ਪਹੀਆ'

ਮੁਹਾਲੀ (ਮੱਖਣ ਸ਼ਾਹ) ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਸਿਨੇਮਾ ਨੇ ਕਾਫ਼ੀ ਤਰੱਕੀ ਕੀਤੀ ਹੈ। ਬਹੁਤ ਸਾਰੀਆਂ ਵੱਡੇ ਬਜਟ ਦੀਆਂ ਫ਼ਿਲਮਾਂ ਵੱਡੇ ਪਰਦੇ ’ਤੇ ਪ੍ਰਦਰਸ਼ਿਤ ਹੋਈਆਂ ਪਰ ਇਸ ਸਭ ਦੇ ਵਿਚਾਲੇ ਪੰਜਾਬੀ ਲਘੂ ਫ਼ਿਲਮਾਂ ਦੀ ਅਹਿਮਤੀਅਤ ਨੂੰ ਕਦੇ ਵੀ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਪੰਜਾਬੀ ਲਘੂ ਫਿਲਮਾਂ ਦੀ ਅਪਣੀ ਇਕ ਵੱਖਰੀ ਥਾਂ ਹੈ ਅਤੇ ਉਨ੍ਹਾਂ ਵਿਚ ਪੰਜਾਬੀ ਫੀਚਰ ਫ਼ਿਲਮਾਂ ਦੇ ਮੁਕਾਬਲੇ ਵਧੇਰੇ ਗਹਿਰਾਈ ਅਤੇ ਕਲਾਤਮਿਕਤਾ ਝਲਕਦੀ ਹੈ। ਗੱਲ ਕਰਾਂਗੇ ਪੰਜਾਬੀ ਲਘੂ ਫ਼ਿਲਮ ‘ਪਹੀਆ’ ਦੀ, ਜੋ ਪਿਛਲੀ ਦਿਨੀਂ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ (ਪਫਟਾ) ਵੱਲੋਂ ਕਰਵਾਏ ਗਏ ਤਿੰਨ ਰੋਜ਼ਾ ਲਘੂ ਫਿਲਮ ਫੈਸਟੀਵਲ ਵਿਚ ਦਿਖਾਈ ਗਈ।




ਇਸ ਪੰਜਾਬੀ ਲਘੂ ਫ਼ਿਲਮ ਦੀ ਕਹਾਣੀ ਨਿਰਭੈ ਸਿੰਘ ਗਿੱਲ ਖ਼ਾਨਪੁਰੀ ਹੁਰਾਂ ਵੱਲੋਂ ਲਿਖੀ ਗਈ ਹੈ ਜੋ ਪੰਜਾਬ ਪੁਲਿਸ ਵਿਚ ਏਐਸਆਈ ਹੋਣ ਦੇ ਨਾਲ-ਨਾਲ ਇਕ ਚੰਗੇ ਅਦਾਕਾਰ ਵੀ ਹਨ ਅਤੇ ਕਈ ਵੱਡੀਆਂ ਫੀਚਰ ਫ਼ਿਲਮਾਂ ਵਿਚ ਵੀ ਅਪਣੀ ਅਦਾਕਾਰੀ ਦਾ ਲੋਹਾ ਮੰਨਵਾ ਚੁੱਕੇ ਹਨ। ਇਸ ਲਘੂ ਫਿਲਮ ਵਿਚਲਾ ਮੁੱਖ ਕਿਰਦਾਰ ਉਨ੍ਹਾਂ ਵੱਲੋਂ ਹੀ ਨਿਭਾਇਆ ਗਿਆ ਹੈ। ਨਿਰਭੈ ਗਿੱਲ ਵੱਲੋਂ ਲਿਖੀ ਫ਼ਿਲਮ ਦੀ ਕਹਾਣੀ ਮੌਜੂਦਾ ਸਮੇਂ ਦੇ ਹਾਲਾਤਾਂ ’ਤੇ ਕਰਾਰੀ ਚੋਟ ਮਾਰਦੀ ਹੈ, ਜਿਸ ਕਰਕੇ ਫ਼ਿਲਮ ਦੀ ਕਹਾਣੀ ਹਰ ਕਿਸੇ ਨੂੰ ਅਪਣੇ ਨਾਲ ਹੀ ਜੁੜੀ ਹੋਈ ਜਾਪਦੀ ਹੈ। ਫ਼ਿਲਮ ਦੀ ਕਹਾਣੀ ਇਹ ਦਿਖਾਉਂਦੀ ਹੈ ਕਿ ਅੱਜਕੱਲ੍ਹ ਰਿਸ਼ਤਿਆਂ ਨਾਲੋਂ ਜ਼ਿਆਦਾ ਪੈਸੇ ਦੀ ਅਹਿਮੀਅਤ ਰਹਿ ਗਈ ਹੈ।

ਅੱਜਕੱਲ੍ਹ ਦੇ ਨੌਜਵਾਨਾਂ ’ਚ ਵਿਦੇਸ਼ ਜਾਣ ਦੀ ਲਾਲਸਾ ਇੰਨੀ ਜ਼ਿਆਦਾ ਵਧੀ ਹੋਈ ਹੈ ਕਿ ਜਿਸ ਦੇ ਲਈ ਉਹ ਅਪਣੇ ਮਾਪਿਆਂ ਦੀ ਅੰਤਰ ਆਤਮਾ ਨੂੰ ਵੀ ਨਹੀਂ ਸਮਝ ਪਾਉਂਦੇ। ਕਹਾਣੀ ਵਿਚ ਬਹੁਤ ਵੱਡਾ ਭਾਵੁਕ ਪਲ਼ ਉਸ ਸਮੇਂ ਆਉਂਦਾ ਹੈ, ਜਦੋਂ ਇਕ ਪਿਓ ਅਪਣੇ ਬੱਚੇ ਨੂੰ ਵਿਦੇਸ਼ ਭੇਜਣ ਵਾਸਤੇ ਅਪਣੀ ਜ਼ਿੰਦਗੀ ਤੱਕ ਦਾਅ ’ਤੇ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ ਪਰ ਆਖ਼ਰ ਵਿਚ ਜੋ ਕੁੱਝ ਹੁੰਦਾ ਹੈ, ਉਹ ਕਹਾਣੀ ਦੀ ਰੌਚਕਤਾ ਨੂੰ ਸ਼ਿਖ਼ਰਾਂ ’ਤੇ ਪਹੁੰਚਾ ਦਿੱਤਾ ਹੈ, ਜੋ ਫ਼ਿਲਮ ਨੂੰ ਦੇਖਣ ਤੋਂ ਬਾਅਦ ਹੀ ਪਤਾ ਚੱਲੇਗਾ। ਫ਼ਿਲਮ ਵਿਚ ਨਿਰਭੈ ਗਿੱਲ ਵੱਲੋਂ ਅਪਣੀ ਭੂਮਿਕਾ ਨੂੰ ਇਸ ਸ਼ਿੱਦਤ ਨਾਲ ਨਿਭਾਇਆ ਗਿਆ ਹੈ ਕਿ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਪੰਜਾਬ ਪੁਲਿਸ ਦਾ ਇਕ ਅਸਲੀ ਥਾਣੇਦਾਰ ਇਸ ਕਦਰ ਅਦਾਕਾਰੀ ਵਿਚ ਵੀ ਪ੍ਰਪੱਕ ਹੋ ਸਕਦਾ ਹੈ।

ਫ਼ਿਲਮ ਦੇ ਹੋਰ ਕਲਾਕਾਰਾਂ ਵਿਚ ਜੈਸਮੀਨ ਬਰਨਾਲਾ, ਜਗਤਾਰ ਬੈਨੀਪਾਲ, ਧੀਰਾ ਮਾਨ, ਰਾਣਾ ਧੀਰਜ ਅਤੇ ਪਰਮਜੀਤ ਨਾਗਰਾ ਵੱਲੋਂ ਵੀ ਸ਼ਾਨਦਾਰ ਅਦਾਕਾਰੀ ਕੀਤੀ ਗਈ। ਇਸ ਫ਼ਿਲਮ ਦੇ ਡਾਇਰੈਕਟਰ ਭਗਵੰਤ ਕੰਗ ਹਨ, ਜਿਨ੍ਹਾਂ ਦੇ ਸ਼ਾਨਦਾਰ ਨਿਰਦੇਸ਼ਨ ਨੇ ਨਿਰਭੈ ਗਿੱਲ ਦੀ ਕਹਾਣੀ ‘ਪਹੀਆ’ ਨੂੰ ਚਾਰ ਚੰਦ ਲਗਾ ਕੇ ਰੱਖ ਦਿੱਤੇ ਹਨ। ਇਸ ਫ਼ਿਲਮ ਦੀ ਇਕ ਹੋਰ ਖ਼ਾਸ ਗੱਲ ਇਹ ਰਹੀ ਕਿ ਫਿਲਮ ਵਿਚ ਹਰ ਭਾਵੁਕ ਸੀਨ ’ਤੇ ਫ਼ਿਲਮ ਦਾ ਟਾਈਟਲ ਸੌਂਗ ਚਲਾਇਆ ਗਿਆ ਹੈ, ਜਿਸ ਨੇ ਇਸ ਫ਼ਿਲਮ ਦੇ ਪੱਧਰ ਨੂੰ ਹੋਰ ਵੀ ਉਚਾ ਕਰ ਦਿੱਤਾ। ਭਗਵੰਤ ਕੰਗ ਅਤੇ ਨਿਰਭੈ ਗਿੱਲ ਸਮੇਤ ਉਨ੍ਹਾਂ ਦੀ ਪੂਰੀ ਟੀਮ ਇਸ ਫ਼ਿਲਮ ਦੇ ਲਈ ਵਧਾਈ ਦੀ ਪਾਤਰ ਹੈ ਜੋ ਪੰਜਾਬੀ ਲਘੂ ਸਿਨੇਮਾ ਨੂੰ ਅਜਿਹੀਆਂ ਕਹਾਣੀਆਂ ਸਦਕਾ ਕਲਾਤਮਕ ਪੱਖੋਂ ਮਜ਼ਬੂਤ ਕਰਨ ਵਿਚ ਅਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ।

## ਕਾਮੇਡੀਅਨ ਅਤੇ ਅਦਾਕਾਰ ਮੋਸ਼ੇ ਕਾਸ਼ ਨੂੰ ਹੋਇਆ ਗਲੇ ਦਾ ਕੈਂਸਰ, ਕਰਵਾਈ ਸਰਜਰੀ



ਅਮਰੀਕੀ ਕਾਮੇਡੀਅਨ ਅਤੇ ਅਦਾਕਾਰ ਮੋਸ਼ੇ ਕਾਸ਼ਰ ਨੇ ਖੁਲਾਸਾ ਕੀਤਾ ਹੈ ਕਿ ਉਸਨੂੰ ਟੌਨਸਿਲ ਕੈਂਸਰ (ਗਲੇ ਦਾ ਕੈਂਸਰ) ਹੋਇਆ ਹੈ। ਐਤਵਾਰ ਨੂੰ ਇੰਸਟਾਗ੍ਰਾਮ 'ਤੇ ਫਾਦਰਜ਼ ਡੇ ਮੌਕੇ ਇੱਕ ਭਾਵੁਕ ਪੋਸਟ ਸਾਂਝੀ ਕਰਦੇ ਹੋਏ ਉਨ੍ਹਾਂ ਨੇ ਆਪਣੀ ਸਿਹਤ ਬਾਰੇ ਜਾਣਕਾਰੀ ਦਿੱਤੀ। ਮੋਸ਼ੇ ਕਾਸ਼ਰ ਨੇ ਦੱਸਿਆ ਕਿ ਜਦੋਂ ਇਸ ਸਾਲ ਦੀ ਸ਼ੁਰੂਆਤ ਵਿੱਚ ਕਰੀਬ ਤਿੰਨ ਮਹੀਨੇ ਪਹਿਲਾਂ The Comeback King ਫ਼ਿਲਮ 'ਤੇ ਕੰਮ ਕਰ ਰਹੇ ਸਨ, ਉਨ੍ਹਾਂ ਨੂੰ ਆਪਣੇ ਗਲੇ ਵਿੱਚ ਗੰਢ ਮਹਿਸੂਸ ਹੋਈ ਸੀ। ਜਾਂਚ ਤੋਂ ਬਾਅਦ ਡਾਕਟਰਾਂ ਨੇ ਟੌਨਸਿਲ ਕੈਂਸਰ ਦੀ ਪੁਸ਼ਟੀ ਕੀਤੀ। ਉਸਨੇ ਹਾਲ ਹੀ ਵਿੱਚ ਕੈਂਸਰ ਹਟਾਉਣ ਲਈ ਸਰਜਰੀ ਕਰਵਾਈ ਹੈ ਅਤੇ ਹੁਣ ਡਾਕਟਰਾਂ ਦੀ ਅਗਲੀ ਰਿਪੋਰਟ ਦੀ ਉਡੀਕ ਕਰ ਰਿਹਾ ਹੈ, ਜਿਸ ਤੋਂ ਇਹ ਪਤਾ ਲੱਗੇਗਾ ਕਿ ਕੀ ਉਸਨੂੰ ਰੇਡੀਏਸ਼ਨ ਥੈਰੇਪੀ ਦੀ ਲੋੜ ਪਵੇਗੀ ਜਾਂ ਨਹੀਂ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਇਹ ਕੈਂਸਰ ਹਿਊਮਨ ਪੈਪੀਲੋਮਾਵਾਇਰਸ (HPV) ਕਾਰਨ ਹੋਇਆ ਹੈ।

ਮੋਸ਼ੇ ਕਾਸ਼ਰ ਨੇ ਮਜ਼ਾਕੀਆ ਅੰਦਾਜ਼ ਵਿੱਚ ਦੱਸਿਆ ਕਿ ਸਰਜਰੀ ਦੌਰਾਨ ਡਾਕਟਰਾਂ ਨੇ ਕਰੀਬ ਪੰਜ ਘੰਟਿਆਂ ਤੱਕ ਓਪਰੇਸ਼ਨ ਕਰਕੇ ਕੈਂਸਰ ਵਾਲਾ ਹਿੱਸਾ ਕੱਢਿਆ ਅਤੇ ਗਰਦਨ ਦੀ ਵੀ ਸਰਜਰੀ ਕੀਤੀ, ਜਿਸ ਕਾਰਨ ਹੁਣ ਉਨ੍ਹਾਂ ਦੀ ਗਰਦਨ 'ਤੇ ਵੱਡਾ ਨਿਸ਼ਾਨ ਰਹਿ ਗਿਆ ਹੈ। 46 ਸਾਲਾ ਮੋਸ਼ੇ ਨੇ ਕਿਹਾ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਡਰਾਉਣਾ ਅਤੇ ਮਾਨਸਿਕ ਤੌਰ 'ਤੇ ਥਕਾ ਦੇਣ ਵਾਲਾ ਤਜਰਬਾ ਰਿਹਾ ਹੈ। ਇਸ ਦੌਰਾਨ ਵੀ ਉਹ ਫ਼ਿਲਮ ਦੀ ਸ਼ੂਟਿੰਗ ਅਤੇ ਲਿਖਤ ਦੇ ਕੰਮ ਵਿੱਚ ਜੁੜੇ ਰਹੇ।

ਮੋਸ਼ੇ ਕਾਸ਼ਰ ਨੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ HPV-ਪਾਜ਼ਿਟਿਵ ਟਾਂਸਿਲ ਕੈਂਸਰ 55 ਸਾਲ ਤੋਂ ਘੱਟ ਉਮਰ ਦੇ ਪੁਰਸ਼ਾਂ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਅਤੇ ਨਿਯਮਿਤ ਸਿਹਤ ਜਾਂਚ ਕਰਵਾਉਣ ਦੀ ਅਪੀਲ ਕੀਤੀ। ਆਪਣੀ ਪੋਸਟ ਦੇ ਅੰਤ ਵਿੱਚ ਉਨ੍ਹਾਂ ਲਿਖਿਆ ਕਿ ਉਹ ਇਸ ਬਿਮਾਰੀ ਨਾਲ ਲੜ ਰਹੇ ਹਨ, ਇਲਾਜ ਜਾਰੀ ਹੈ ਅਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਉਹ ਠੀਕ ਹੋ ਜਾਣਗੇ। ਉਨ੍ਹਾਂ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਕੋਲ ਇੱਕ ਪਿਆਰਾ ਪਰਿਵਾਰ ਅਤੇ ਪਾਲਣ-ਪੋਸ਼ਣ ਲਈ ਇੱਕ ਬੇਟੀ ਹੈ।






# ਮੈਂ ਟੁੱਟ ਜਾਵਾਂਗੀ ਪਰ ਮੈਂ ਟੁੱਟੀ ਨਹੀਂ...

—ਕਹਾਣੀ—



ਮਾਂ ਪਿਓ ਪਹਿਲਾਂ ਹੀ ਦੁਨੀਆਂ ਤੋਂ ਚਲੇ ਗਏ ਸਨ, ਭਰਾਵਾਂ ਨੇ ਜਿੰਨਾ ਕੁ ਸਰਿਆ ਉਨ੍ਹਾਂ ਕਰਕੇ ਆਪਣਾ ਭਾਰ ਲਾਹ ਦਿੱਤਾ, ਸਹੁਰਾ ਪਰਿਵਾਰ ਬਾਹਲਾ ਕੱਬਾ ਸੀ ਪਰ ਮਨਜੀਤ ਦਾ ਪਤੀ ਬਹੁਤ ਚੰਗੇ ਸੁਭਾਅ ਦਾ ਮਾਲਕ ਸੀ ਜਿਸ ਕਰਕੇ ਮਨਜੀਤ ਨੂੰ ਸੌਖਾ ਸਾਹ ਆਉਂਦਾ ਸੀ।

ਵਿਆਹ ਤੋਂ ਪੰਜ ਸਾਲਾਂ ਵਿਚਕਾਰ ਮਨਜੀਤ ਦੇ ਦੋ ਕੁੜੀਆਂ ਹੋਈਆਂ ਛੋਟੀ ਕੁੜੀ ਦੇ ਜਨਮ ਤੋਂ ਦੋ ਮਹੀਨੇ ਬਾਅਦ ਮਨਜੀਤ ਦਾ ਪਤੀ ਸੁਖਦੇਵ ਖੇਤੋਂ ਕਣਕ ਦੀ ਟਰਾਲੀ ਭਰਕੇ ਲਿਆ ਸੀ, ਰਾਹ ਵਿੱਚ ਟਾਇਰ ਪੈਂਚਰ ਹੋ ਗਿਆ ਉਸਨੇ ਭਰੀ ਹੋਈ ਟਰਾਲੀ ਦੇ ਨਾਲ ਜੈੱਕ ਲਾ ਲਿਆ ਜੋ ਤਿਲਕ ਗਿਆ 'ਤੇ ਸੁਖਦੇਵ ਟਰਾਲੀ ਹੇਠ ਆ ਗਿਆ।

ਸੁਖਦੇਵ ਦੀ ਮੌਤ ਤੋਂ ਬਾਅਦ ਮਨਜੀਤ ਪੂਰੀ ਤਰ੍ਹਾਂ ਨਾਲ ਟੁੱਟ ਗਈ ਸੀ ਕਿਉਂਕਿ ਸਹੁਰਾ ਪਰਿਵਾਰ ਵੀ ਬਹੁਤਾ ਚੰਗਾ ਨਹੀਂ ਸੀ ਜਿੱਥੇ ਉਹ ਆਪਣੀ ਅਗਲੀ ਜ਼ਿੰਦਗੀ ਕੱਟ ਸਕਦੀ 'ਤੇ ਆਪਣੀਆਂ ਧੀਆਂ ਨੂੰ ਪਾਲ ਸਕਦੀ, ਸੁਖਦੇਵ ਦੀ ਮੌਤ ਤੋਂ ਕੁਝ ਮਹੀਨਿਆਂ ਬਾਅਦ ਹੀ ਪਰਿਵਾਰ ਨੇ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ।

ਉਹ ਛੋਟੀ-ਛੋਟੀ ਗੱਲ ਉਪਰ ਮਨਜੀਤ ਨਾਲ ਲੜਾਈ ਝਗੜਾ ਕਰਦੇ ਉਸਨੂੰ ਬਹੁਤ ਹੀ ਤੰਗ ਪ੍ਰੇਸ਼ਾਨ ਕੀਤਾ ਜਾਂਦਾ, ਮਨਜੀਤ ਨੇ ਸਾਰੀ ਗੱਲ ਆਪਣੇ ਭਰਾਵਾਂ ਨੂੰ ਦੱਸੀ ਪਰ ਉਨ੍ਹਾਂ ਵੱਲੋਂ ਇਹ ਕਹਿਕੇ ਪੱਲਾ ਝਾੜ ਲਿਆ ਗਿਆ ਕਿ.... ਮਨਜੀਤ ਦੇਖ ਤੂੰ ਔਖੀ-ਸੌਖੀ ਐਥੇ ਹੀ ਰਹਿਕੇ ਆਪਣੇ ਜੁਆਕ ਪਾਲ ਲੈ... ਸਾਡੇ ਕੋਲੋਂ ਵੀ ਤੇਰੀ ਜ਼ਿੰਮੇਵਾਰੀ ਹੁਣ ਚੁੱਕੀ ਨਹੀਂ ਜਾਣੀ...ਕਿਉਂਕਿ ਸਾਡਾ ਤਾਂ ਆਪਣਾ ਮਸਾ ਸਰਦਾ।

ਭਰਾਵਾਂ ਦੀਆਂ ਗੱਲਾਂ ਸੁਣਕੇ ਮਨਜੀਤ ਦਾ ਦਿਲ ਤਾਂ ਜ਼ਰੂਰ ਟੁੱਟ ਗਿਆ ਸੀ ਪਰ ਉਸਨੇ ਆਪਣਾ ਹੌਂਸਲਾ ਨਹੀਂ ਟੁੱਟਣ ਦਿੱਤਾ, ਉਹ ਜਾਣਦੀ ਸੀ ਕਿ ਜੇ ਉਹ ਹਾਰ ਗਈ ਤਾਂ ਉਸ ਦੀਆਂ ਦੋਵੇਂ ਧੀਆਂ ਰੁਲ ਜਾਣਗੀਆਂ।

ਰੋਜ-ਰੋਜ ਦੇ ਕਲੇਸ਼ ਤੋਂ ਤੰਗ ਆਈ ਮਨਜੀਤ ਨੇ ਸਹੁਰਾ ਘਰ ਛੱਡਣ ਦਾ ਫੈਸਲਾ ਕਰ ਲਿਆ ਉਸਨੇ ਆਪਣਾ ਥੋੜ੍ਹਾ ਜਿਹਾ ਸਮਾਨ ਲਿਆ 'ਤੇ ਘਰ ਛੱਡ ਦਿੱਤਾ, ਸ਼ਹਿਰ ਵਿੱਚ ਇੱਕ ਛੋਟਾ ਜਿਹਾ ਕਮਰਾ ਕਿਰਾਏ 'ਤੇ ਲੈ ਲਿਆ, ਕਮਰਾ ਬੇਸ਼ੱਕ ਤੰਗ ਜਿਹਾ ਸੀ ਪਰ ਮਨਜੀਤ ਲਈ ਉਹ ਕਮਰਾ ਕਿਸੇ ਮਹਿਲ ਤੋਂ ਘੱਟ ਨਹੀਂ ਸੀ ਕਿਉਂਕਿ ਉੱਥੇ ਕਲੇਸ਼ ਨਹੀਂ ਸੀ।

ਉਹ ਸਹਿਰ ਦੀ ਇੱਕ ਫੈਕਟਰੀ ਵਿੱਚ ਲੱਗ ਗਈ, ਦਿਨੇ ਉਹ ਫੈਕਟਰੀ ਵਿੱਚ ਕੰਮ ਕਰਦੀ ਅਤੇ ਰਾਤ ਨੂੰ ਲੋਕਾਂ ਦੇ ਕੱਪੜੇ ਸਿਲਾਈ ਕਰਦੀ, ਜਿਹੜੇ ਰਿਸ਼ਤੇਦਾਰ ਕਦੇ ਮਨਜੀਤ ਨੂੰ ਬੋਝ ਸਮਝਦੇ ਸਨ ਹੁਣ ਉਹ ਲੋਕ ਉਸਦੀ ਹਿੰਮਤ ਦੀਆਂ ਗੱਲਾਂ ਕਰਨ ਲੱਗ ਪਏ ਸਨ ਪਰ ਮਨਜੀਤ ਦਾ ਸਾਰਾ ਧਿਆਨ ਆਪਣੀਆਂ ਧੀਆਂ ਨੂੰ ਪੜ੍ਹਾਉਣ ਉੱਤੇ ਸੀ।

ਫਿਰ ਉਹ ਦਿਨ ਵੀ ਆ ਗਿਆ ਜਿਸਦੀ ਉਸਨੇ ਸਾਲਾਂ ਤੱਕ ਉਡੀਕ ਕੀਤੀ ਸੀ, ਉਸਦੀ ਵੱਡੀ ਧੀ ਸਰਕਾਰੀ ਨੌਕਰੀ 'ਤੇ ਲੱਗ ਗਈ ਅਤੇ ਛੋਟੀ ਧੀ ਵੀ ਆਪਣੇ ਪੈਰਾਂ 'ਤੇ ਖੜ੍ਹ ਗਈ, ਜਦੋਂ ਪਹਿਲੀ ਤਨਖ਼ਾਹ ਆਈ ਤਾਂ ਦੋਵੇਂ ਧੀਆਂ ਇੱਕ ਸੂਟ ਲੈਕੇ ਮਾਂ ਕੋਲ ਆਈਆਂ।

ਮਨਜੀਤ ਬੋਲੀ... ਇਹ ਕਾਹਦੇ ਲਈ?...ਵੱਡੀ ਧੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ....ਮਾਂ, ਤੂੰ ਸਾਰੀ ਉਮਰ ਸਾਡੇ ਲਈ ਖਰੀਦਦੀ ਰਹੀ ਏਂ, ਅੱਜ ਪਹਿਲੀ ਵਾਰ ਅਸੀਂ ਤੇਰੇ ਲਈ ਕੁਝ ਖਰੀਦਿਆ.... ਬੱਸ ਤੂੰ ਚੁੱਪ ਕਰਕੇ ਲੈ ਲੈਅ...ਇਹ ਸੁਣਕੇ ਮਨਜੀਤ ਦੇ ਹੰਝੂ ਨਿਕਲ ਪਏ। ਉਸਨੇ ਸੂਟ ਨੂੰ ਛਾਤੀ ਨਾਲ ਲਾ ਲਿਆ ਜਿਵੇਂ ਕੋਈ ਮਾਂ ਆਪਣੇ ਬੱਚੇ ਨੂੰ ਲਾਉਂਦੀ ਹੈ।

ਥੋੜੇ ਸਾਲਾਂ ਬਾਅਦ ਦੋਵੇਂ ਧੀਆਂ ਨੇ ਮਿਲਕੇ ਇੱਕ ਛੋਟਾ ਜਿਹਾ ਘਰ ਖਰੀਦ ਲਿਆ, ਜਦੋਂ ਮਨਜੀਤ ਨੂੰ ਘਰ ਦੀ ਚਾਬੀ ਫੜਾਈ ਗਈ ਤਾਂ ਉਹ ਕਾਫ਼ੀ ਦੇਰ ਤੱਕ ਉਸਨੂੰ ਵੇਖਦੀ ਰਹੀ, ਉਸਦੀਆਂ ਅੱਖਾਂ ਅੱਗੇ ਉਹ ਦਿਨ ਘੁੰਮ ਗਏ ਜਦੋਂ ਕਿਰਾਇਆ ਦੇਣ ਲਈ ਵੀ ਉਸਦੇ ਕੋਲ ਪੈਸੇ ਨਹੀਂ ਹੁੰਦੇ ਸਨ।

ਉਹ ਘਰ ਦੇ ਬੂਹੇ 'ਤੇ ਖੜ੍ਹੀ ਹੋਕੇ ਰੋ ਪਈ....ਉਸਨੇ ਬੂਹਾ ਖੋਲ੍ਹਿਆ.... ਘਰ ਬਹੁਤ ਹੀ ਸੋਹਣਾ ਸੀ...ਮਨਜੀਤ ਆਪਣੇ ਨਵੇਂ ਘਰ ਦੇ ਵਿਹੜੇ ਵਿੱਚ ਕੁਰਸੀ ਉਪਰ ਬੈਠ ਗਈ, ਸਾਹਮਣੇ ਉਸ ਦੀਆਂ ਦੋਵੇਂ ਧੀਆਂ ਬੈਠੀਆਂ ਸਨ, ਜਿਨ੍ਹਾਂ ਨੂੰ ਪਾਲਣ ਲਈ ਉਸਨੇ ਆਪਣੀ ਜਵਾਨੀ, ਸੁਫਨੇ ਅਤੇ ਹਰ ਖੁਸ਼ੀ ਕੁਰਬਾਨ ਕਰ ਦਿੱਤੀ ਸੀ।

ਉਸਦੀਆਂ ਅੱਖਾਂ ਅੱਗੇ ਜ਼ਿੰਦਗੀ ਦਾ ਸਾਰਾ ਸਫ਼ਰ ਘੁੰਮ ਗਿਆ, ਮਾਂ-ਬਾਪ ਦਾ ਵਿਛੋੜਾ, ਪਤੀ ਦੀ ਮੌਤ, ਸਹੁਰੇ ਘਰ ਦਾ ਕਲੇਸ਼, ਭਰਾਵਾਂ ਦੀ ਬੇਰੁਖ਼ੀ, ਕਿਰਾਏ ਦਾ ਕਮਰਾ, ਫੈਕਟਰੀ ਦੀਆਂ ਮਸ਼ੀਨਾਂ ਦਾ ਰੌਲਾ ਅਤੇ ਉਹ ਰਾਤਾਂ ਜਦੋਂ ਉਸਨੇ ਆਪਣੀਆਂ ਧੀਆਂ ਨੂੰ ਰੱਜਕੇ ਖੁਆਉਣ ਲਈ ਆਪ ਭੁੱਖੇ ਢਿੱਡ ਸੌਣਾ ਮਨਜ਼ੂਰ ਕਰ ਲਿਆ ਸੀ।

ਫਿਰ ਉਸਨੇ ਆਪਣੀਆਂ ਧੀਆਂ ਵੱਲ ਵੇਖਿਆ, ਹੁਣ ਉਹ ਨਿੱਕੀਆਂ-ਨਿੱਕੀਆਂ ਬੱਚੀਆਂ ਨਹੀਂ ਸਨ, ਸਗੋਂ ਉਸਦੀ ਮਿਹਨਤ, ਸਬਰ ਅਤੇ ਉਸਦੀਆਂ ਕੁਰਬਾਨੀਆਂ ਦੀ ਜਿਉਂਦੀ-ਜਾਗਦੀ ਮਿਸਾਲ ਸਨ।

ਮਨਜੀਤ ਦੀਆਂ ਅੱਖਾਂ ਭਰ ਆਈਆਂ, ਉਸਨੇ ਸੁਖਦੇਵ ਨੂੰ ਯਾਦ ਕਰਦਿਆਂ ਕਿਹਾ...ਵੇਖ ਸੁਖਦੇਵ... ਲੋਕ ਕਹਿੰਦੇ ਸੀ ਕਿ ਤੇਰੇ ਜਾਣ ਤੋਂ ਬਾਅਦ ਮੈਂ ਟੁੱਟ ਜਾਵਾਂਗੀ ਪਰ ਮੈਂ ਟੁੱਟੀ ਨਹੀਂ ਮੈਂ ਹਰ ਹੰਝੂ ਨੂੰ ਹਿੰਮਤ ਬਣਾਇਆ, ਹਰ ਦੁੱਖ ਨੂੰ ਤਾਕਤ ਬਣਾਇਆ, ਅੱਜ ਸਾਡੀਆਂ ਧੀਆਂ ਉੱਥੇ ਖੜ੍ਹੀਆਂ ਨੇ ਜਿੱਥੇ ਉਨ੍ਹਾਂ ਨੂੰ ਵੇਖਣ ਦਾ ਸੁਫਨਾ ਅਸੀਂ ਦੋਵਾਂ ਨੇ ਕਦੇ ਇਕੱਠੇ ਦੇਖਿਆ ਸੀ।

ਜ਼ਿੰਦਗੀ ਨੇ ਭਾਵੇਂ ਮਨਜੀਤ ਕੋਲੋਂ ਬਹੁਤ ਕੁਝ ਖੋਹ ਲਿਆ ਸੀ, ਪਰ ਇੱਕ ਚੀਜ਼ ਨਹੀਂ ਖੋਹ ਸਕੀ ਸੀ.. ਉਹ ਸੀ ਇੱਕ ਮਾਂ ਦਾ ਹੌਸਲਾ, ਅੱਜ ਮਨਜੀਤ ਹਾਰੀ ਹੋਈ ਵਿਧਵਾ ਨਹੀਂ ਸੀ...ਉਹ ਇੱਕ ਜਿੱਤੀ ਹੋਈ ਮਾਂ ਸੀ, ਜਿਸਨੂੰ ਕਦੇ ਆਪਣੇ ਹੀ ਲੋਕਾਂ ਨੇ ਬੋਝ ਸਮਝਿਆ ਸੀ, ਪਰ ਅੱਜ ਉਸਦੇ ਸੰਘਰਸ਼ ਨੇ ਸਾਬਤ ਕਰ ਦਿੱਤਾ ਸੀ ਕਿ ਔਰਤ ਉਦੋਂ ਕਮਜ਼ੋਰ ਨਹੀਂ ਹੁੰਦੀ ਜਦੋਂ ਉਸਦੇ ਸਿਰ ਤੋਂ ਕਿਸੇ ਮਰਦ ਦਾ ਸਹਾਰਾ ਉੱਠ ਜਾਂਦਾ ਹੈ, ਔਰਤ ਉਦੋਂ ਕਮਜ਼ੋਰ ਹੁੰਦੀ ਹੈ ਜਦੋਂ ਉਹ ਆਪਣੇ ਹੌਂਸਲੇ ਤੋਂ ਹਾਰ ਜਾਂਦੀ ਹੈ।

-ਅਵਤਾਰ ਸਿੰਘ ਧਾਲੀਵਾਲ

# ਭੂਆ ਦੇ ਕੱਢੇ ਗੁਲਗਲੇ




ਭੂਆ ਸਿਰ ਤੇ ਲੀੜ੍ਹਿਆਂ ਵਾਲਾ ਝੋਲਾ ਰੱਖੀ ਆਉਂਦੀ ਹਾ ਬੂ ਕਰਦੀ ਪੇਕੇ ਘਰ ਵੜ੍ਹਦੀ । ਹਾਏ ਮੱਚੜੀ ਗਰਮੀ ਨੇ ਤਾਂ ਜਾਨ ਲੈ ਲੀ , ਲਿਆਉ ਨੀ ਕੁੜਿਉ ਕੁੱਜੇ ਦਾ ਪਾਣੀ ਪਿਆਉ । ਭੂਆ ਦੀ ਅਵਾਜ਼ ਸੁਣ ਸਾਰੇ ਸਾਵਧਾਨ ਦੀ ਸਥਿੱਤੀ ਚ ਹੋ ਜਾਂਦੇ ਕਿ ਕਿਧਰੇ ਭੂਆ ਤੁਰੀ ਜਾਂਦੀ ਨਾ ਟੋਕ ਜੇ ਬਾਪੂ ਵਾਂਗਰਾ । ਕਹਿੰਦੀ ਬੇਸ਼ੱਕ ਕੁਛ ਨਹੀਂ ਸੀ ਪਰ ਡਰ ਹੀ ਬਾਹਲਾ ਸੀ । ਪਿਆਰ ਵੀ ਤਾਂ ਲੋਹੜੇ ਦਾ ਕਰਦੀ ਸੀ । ਭੂਆ ਟਾਹਲੀ ਥੱਲੇ ਬੈਠੇ ਬਾਪੂ ਕੋਲ ਆ ਬੈਠਦੀ । ਭਰਜਾਈਆਂ ਪਿੱਤਲ ਦੇ ਵੱਡੇ ਗਿਲਾਸ ਨੂੰ ਪਾਣੀ ਨਾਲ ਨੱਕੋ ਨੱਕ ਭਰ ਕੇ ਭੂਆ ਮੂਹਰੇ ਕਰ ਦਿੰਦੀਆਂ ਤੇ ਨਾਲ ਹੀ ਚੁੰਨੀ ਦਾ ਪੱਲਾ ਫੜ੍ਹ ਪੈਰੀ ਹੱਥ ਲਗਾ ਦਿੰਦੀਆਂ । ਭੂਆ ਕਾਲਜਾ ਠਰਦੇ ਹੀ ਆਸੀਸਾਂ ਦਿੰਦੀ ਨਾ ਥੱਕਦੀ । ਵਾਰੋ ਵਾਰੀ ਸਾਰਾ ਟੱਬਰ ਭੂਆ ਕੋਲ ਆ ਜਾਂਦਾ ਤੇ ਇੱਕ ਮੰਜੇ ਤੋਂ ਚਾਰ ਮੰਜੇ ਬਣ ਜਾਂਦੇ । ਟਾਹਲੀ ਦੀ ਛਾਂ ਵੀ ਥੋੜ੍ਹੀ ਪੈ ਜਾਂਦੀ । ਆਵਦਿਆਂ ਦੀ ਛਾਂ ਇਹੋ ਜਿਹੀ ਹਿ ਹੋਣੀ ਚਾਹੀਦੀ ਕਿ ਰੁੱਖਾਂ ਦੀ ਛਾਂ ਵੀ ਥੋੜ੍ਹੀ ਲੱਗੇ ।

ਭੂਆ ਨੇ ਝੋਲਾ ਫਰੋਲ ਕੇ ਤੂੰਮੇ ਕੱਢ ਭਰਜਾਈਆਂ ਨੂੰ ਫੜ੍ਹਾ ਦੇਣੇ ਤੇ ਕਹਿਣਾ ਸਕਾ ਲਿਉ , ਚੂਰਨ ਬਣਾ ਲਿਉ ਮੇਦੇ (ਮਿਹਦੇ) ਨੂੰ ਚੰਗਾ । ਭੂਆ ਤੁੱਕਿਆਂ ਦਾ ਅਚਾਰ ਕੱਢ ਮੰਜੇ ਤੇ ਰੱਖਦੀ ਆਖਦੀ ਕਿ ਐਂਤਕੀ ਤੁੱਕੇ ਘੱਟ ਲੱਗੇ ਪਰ ਅਚਾਰ ਸਵਾਦ ਬਣਿਆ.. ਬਣਿਆ ਥੋੜ੍ਹਾ । ਅਸੀਂ ਸਾਰੇ ਭੂਆ ਦੇ ਝੋਲੇ ਵੱਲ ਦੇਖੀ ਜਾਂਦੇ ਕਿ ਹੁਣ ਹੋਰ ਕੁਛ ਕੱਢੂ । ਭੂਆ ਤੇਲ ਦੀ ਸ਼ੀਸ਼ੀ ਕੱਢ ਕੇ ਆਵਦੇ ਭਰਾ ਨੂੰ ਫੜ੍ਹਾਉਂਦੀ ਆਖਦੀ ਕਿ ਤੇਲ ਆ ਦੇਸੀ ਗੋਢਿਆਂ ਵਾਸਤੇ । ਮੇਰੇ ਵਾਸਤੇ ਲੈ ਕੇ ਆਈ ਸੀ ਮੇਰੀ ਨਣਾਨ .. ਮੈਂ ਦੋਹੀ ਦਿਨ ਵਰਤਿਆ , ਮੁੜ ਗੋਢਾ ਨਾ ਦੁਖਿਆ , ਚੰਗਿਆੜੇ ਕੱਢ ਦਿੰਦਾ , ਤੂੰ ਵਰਤ ਲੀ ਹੁਣ ਮੱਘਰਾ ... ।

ਇਸਤੋਂ ਬਾਅਦ ਭੂਆ ਸੂਟ ਕੱਢ ਕੇ ਆਖਦੀ ਕਿ ਲੈ ਬੱਸ ਇੱਕ ਆਹ ਮੇਰਾ ਸੂਟ ਆ, ਝੋਲਾ ਖਾਲੀ ... । ਸਾਰੇ ਠੰਢੇ ਜਿਹੇ ਹੋ ਕੇ ਬਹਿ ਜਾਂਦੇ.. ਐਨੇ ਨੂੰ ਚਾਹ ਆ ਜਾਂਦੀ । ਭੂਆ ਦੀ ਚਾਹ ਕੌਲੇ ਚ ਆਉਂਦੀ । ਨਾਲ ਘਰਦੇ ਕੱਢੇ ਬਿਸਕੁਟ ਖਾਂਦੇ । ਕਿੰਨਾ ਸਮਾਂ ਉਸੇ ਟਾਹਲੀ ਥੱਲੇ ਬੈਠੇ ਰਹਿੰਦੇ । ਭੂਆ ਸ਼ਾਮ ਨੂੰ ਆਂਢ ਗੁਆਂਢ ਦੇ ਮਿਲਣ ਉੱਠ ਜਾਂਦੀ ਤੇ ਨਾਲੇ ਨਾਲ ਅਸੀਂ । ਭੂਆ ਦੀਆਂ ਗੱਲਾਂ ਚ ਵੱਖਰਾ ਵੱਖਰਾ ਹੀ ਰਸਾ ਸੀ । ਆਂਢਣਾ ਗੁਆਂਢਣਾ ਵੀ ਕੰਮ ਛੱਡ ਕੋਲ ਬਹਿ ਜਾਂਦੀਆਂ ।

ਅਗਲੇ ਦਿਨ ਭੂਆ ਸੰਦੇਹਾਂ ਹੀ ਕੜ੍ਹਾਈ ਧਰ ਲੈਂਦੀ । ਮੱਠੀਆਂ ਗੁਲਗਲੇ ਪਕਾ ਗਗਨ ਘਿਉ ਵਾਲੇ ਪੀਪੇ ਭਰ ਦਿੰਦੀ ਕਿ ਲੈ ਖਾਈ ਚੱਲਿਉ । ਮਾਲ ਪੂੜੇ ਪਕਾ ਦਿੰਦੀ । ਸਾਰਾ ਟੱਬਰ ਭੂਆ ਦੀਆਂ ਮਿੱਠੀਆਂ ਗੱਲਾਂ ਸੁਣਨ ਲਈ ਕੜਾਈ ਦੁਆਲੇ ਬਹਿ ਜਾਂਦਾ । ਭੂਆ ਨੇ ਕਹਿਣਾ ਕਿ ਮੈਂ ਤਾਂ ਗਰਮੀ ਚ ਮੱਚਣਾ ਹੀ ਆ .. ਤੁਸੀਂ ਤਾਂ ਨਾ ਸੇਕ ਚ ਬੈਠੋ । ਕਿਸੇ ਦੇ ਕੰਨ ਤੇ ਜੂੰ ਨਾ ਸਰਕਣੀ । ਭੂਆ ਇਹ ਕੰਮ ਕਾਰ ਕਰ ਆਵਦੇ ਭਰਾਵਾਂ ਦੇ ਸਿਰ ਤੇ ਤੇਲ ਝੱਸਣ ਬਹਿ ਜਾਂਦੀ ਤੇ ਨਾਲ ਨਾਲ ਗੱਲਾਂ ਸੁਣਾਈ ਜਾਂਦੀ । ਨਹਾਉਂਦੀ ਤਾਂ ਆਵਦੇ ਸੂਟ ਕਿਸੇ ਨੂੰਹ ਤੋਂ ਨਾ ਧੁਆਉਂਦੀ .. ਅੰਦਰੇ ਹੀ ਸੂਟ ਮਲ ਸੁੱਟਦੀ ਤੇ ਉਦੋਂ ਹੀ ਪਤਾ ਲੱਗਦਾ ਜਦੋਂ ਤਨੀ ਤੇ ਸੁੱਕਣੇ ਪਾਉਂਦੀ ਦਾ ਦਮ ਪੱਟਿਆ ਜਾਣਾ ਤੇ ਅਵਾਜ਼ ਮਾਰ ਕਹਿਣਾ ਕਿ ਆ ਪੁੱਤ ਪਾਇਉ ਝੱਗਾ ਸੁੱਕਣਾ .. ਝਿਣਕ ਕੇ ਜੇ .. ਮੱਚੜਾ ਸਾਹ ਚੜ੍ਹ ਗਿਆ । ਭੂਆ ਨੂੰ ਦਮੇ ਦੀ ਤੇ ਦਿਲ ਦੀ ਬਿਮਾਰੀ ਸੀ । ਜਦੋਂ ਭੂਆ ਦਾ ਮੁੰਡਾ ਮੁੱਕਿਆ ਤਾਂ ਉਹ ਥਾਵੇਂ ਡਿੱਗ ਪਈ ਸੀ । ਡਾਕਟਰ ਨੇ ਕਿਹਾ ਕਿ ਅਟੈਕ ਆ ਗਿਆ । ਭੂਆ ਬੇਸ਼ੱਕ ਸਹੁਰੀਂ ਇਕੱਲੀ ਰਹਿ ਗਈ ਸੀ ਪਰ ਉਹਨੇ ਸਹੁਰਾ ਪਿੰਡ ਨਾ ਛੱਡਿਆ । ਸਹੁਰੇ ਵੀ ਆਂਢ ਗੁਆਂਢ ਭੂਆ ਦੀ ਚੰਗੀ ਬਣੀ ਹੋਈ ਸੀ ।

ਭੂਆ ਨੇ ਆਵਦੇ ਦਿਉਰ ਦਾ ਮੁੰਡਾ ਗੋਦ ਲਿਆ ਪਰ ਉਹ ਵੀ ਸਲੱਗ ਨਿਕਲਿਆ । ਉਹਨੇ ਭੂਆ ਦੇ ਸਾਰੇ ਗਹਿਣੇ ਵੇਚ ਦਿੱਤੇ । ਭੂਆ ਫਿਰ ਵੀ ਚੁੱਪ ਰਹੀ । ਤੀਜੇ ਦਿਨ ਨਸ਼ੇੜੀ ਦੇ ਲਾਂਭੇ ਸੁਣਨ ਤੋਂ ਚੰਗਾ ਸੀ ਕਿ ਭੂਆ ਇਕੱਲੀ ਰਹਿੰਦੀ । ਭੂਆ ਨੇ ਮੁੜ ਗੋਦ ਲਏ ਪੁੱਤ ਨੂੰ ਘਰ ਨਾ ਵੜ੍ਹਨ ਦਿੱਤਾ । ਭੂਆ ਬੇਸ਼ੱਕ ਅੰਦਰੋਂ ਟੁੱਟੀ ਸੀ ਪਰ ਉਹਦਾ ਚਿਹਰਾ ਹਸੂੰ ਹਸੂੰ ਕਰਦਾ ਸੀ ।

ਇੱਕ ਦਿਨ ਫੋਨ ਆਇਆ ਕਿ ਭੂਆ ਪੂਰੀ ਹੋ ਗਈ । ਜਾ ਕੇ ਦੇਖਿਆ ਕਿ ਭੂਆ ਆਵਦੇ ਪੁੱਤ ਦੀ ਫੋਟੋ ਸੀਨੇ ਨਾਲ ਲਾਈ ਪਈ ਸੀ .. ਇੰਝ ਲੱਗ ਹੀ ਨਹੀਂ ਸੀ ਰਿਹਾ ਕਿ ਮਰ ਗਈ । ਐਂਵੇ ਲੱਗੀ ਜਾਂਦਾ ਸੀ ਹੁਣੇ ਉੱਠ ਕੇ ਬੋਲੂ ਤੇ ਤਾਜ਼ਾ ਕੱਢਿਆ ਖੋਆ ਮੂਹਰੇ ਲਿਆ ਧਰਦੂ ਕਿ ਮੇਰੇ ਪੇਕੇ ਆਏ .. ਭੁੱਖੇ ਨਾ ਜਾਣ । ਉਸ ਦਿਨ ਪਹਿਲੀ ਵਾਰ ਸਾਰੇ ਟੱਬਰ ਨੂੰ ਧਾਹਾਂ ਮਾਰ ਰੋਂਦੇ ਵਿਲਕਦੇ ਸੁਣਿਆ । ਭੂਆ ਦੀਆਂ ਅੰਤਿਮ ਰਸਮਾਂ ਹੋਈਆਂ , ਭੋਗ ਪਿਆ ਤੇ ਭੂਆ ਦਾ ਸਾਰਾ ਸਮਾਨ ਪੇਕੇ ਲੈ ਆਏ । ਸਾਰਾ ਟੱਬਰ ਸਮਾਨ ਦੇਖ ਰੋਇਆ ... ਕਿੰਨੀ ਸਚਿਆਰੀ ਸੀ । ਹਰ ਚੀਜ਼ ਨੂੰ ਢੱਕ ਕੇ ਰੱਖਿਆ ਸੀ ਉਹਨੇ । ਪੇਕਿਆਂ ਦੀ ਗਰੀਬੀ ਨੂੰ ਵੀ । ਆਵਦੇ ਕੋਲੋ ਸੂਟ ਬਣਾ ਲੈਣੇ ਤੇ ਸਹੁਰੀਂ ਜਾ ਕੇ ਕਹਿਣਾ ਕਿ ਮੱਲੋ ਮੱਲੀ ਭਰਜਾਈਆਂ ਨੇ ਦੋ ਸੂਟ ਬਣਾ ਦਿੱਤੇ । ਭੂਆ ਦਾ ਸਮਾਨ ਇੱਕ ਕਮਰੇ ਚ ਟਿਕਾ ਦਿੱਤਾ ਗਿਆ । ਭੂਆ ਦੇ ਭਰਾ ਅਕਸਰ ਉਸ ਕਮਰੇ ਚੋ ਅੱਖਾਂ ਪੂੰਝਦੇ ਨਿਕਲਦੇ । ਸਮਾਨ ਨਾਲ ਗੱਲਾਂ ਕੌਣ ਕਰਦਾ .. ਪਰ ਜਦੋਂ ਬੰਦੇ ਨਾ ਹੋਣ ਤਾਂ ਚੀਜ਼ਾਂ ਹੁੰਗਾਰੇ ਭਰਨ ਲੱਗਦੀਆਂ ਤੇ ਹਾਂ ਹੁਣ ਗੁਲਗਲੇ ਮੱਠੀਆਂ ਕੌੜੇ ਲੱਗਦੇ ।

-ਬਰਾੜ ਜੈਸੀ

# ਮੇਰਾ ਕੀ ਕਸੂਰ... !

"ਕੁੜੇ ਬੰਸੋ, ਵਧਾਈਆਂ ਤੈਨੂੰ "

"ਸਵਾ ਵਧਾਈਆਂ ਭੈਣੇ ,ਸਵਾ ਵਧਾਈਆਂ "

"ਨੂੰਹ ਕਿਹੋ ਜੀ ਏ ਬੰਸੋ"

"ਭੈਣੇ ਨੂੰਹ ਨੀ ਆ , ਟੀਸੀ ਵਾਲਾ ਬੇਰ ਤੋੜਿਆ ਮੈਂ ਆਵਦੇ ਪੁੱਤ ਵਾਸਤੇ , ਸਾਰੇ ਆਂਢ - ਗੁਆਂਢ ਦੀ ਢੂਈ ਭੰਨਤੀ "

"ਅੱਛਾ ਭੈਣੇ , ਚੱਲ ਵਧੀਆ , ਆਊਗੀ ਵਿਹਲੀ ਜੇ ਹੋ ਕੇ ,ਸ਼ਗਨ ਦੇਣ "

" ਆਹੋ ਆਜੀਂ ਵੇਖ ਆਈ ਮੇਰਾ ਟੀਸੀ ਵਾਲਾ ਬੇਰ , ਕਮਰੇ ' ਚ ਬੈਠੀ ਤੋਂ ਆਏ ਲੱਗਦਾ ਕਮਰਾ ਜਗਦਾ"

" ਚੱਲ ਵਧੀਆ, ਲੈਟ ਦੀ ਬੱਚਤ ਹੋਜੂ , ਬਿੱਲ ਘੱਟ ਆਇਆ ਕਰੂ ਹਾਹਾਹਾਹਾ "

"ਆਹੋ , ਗੱਲਾਂ ਆਉਂਦੀਆਂ , ਨੂੰਹ ਵੇਖ ਕੇ ਹਟ ਜਾਣਗੀਆਂ ਆਉਣੋਂ"

"ਚੱਲ ਆਊਗੀ ਭੈਣੇ"

ਬੰਸੋ ਦੇ ਤੁਰ ਜਾਣ ਬਾਅਦ ਮਿੰਦੋ ਕੋਲ ਖੜੀ ਜੀਤੋ ਨੂੰ ਮੁਖਾਤਿਬ ਹੋਈ ," ਦੇਖਲਾ ਨੂੰਹ ਦੀਆਂ ਸਿਫਤਾਂ ਕਰਦੀ ਨੀ ਥੱਕਦੀ "

"ਭੈਣੇ ਰੰਡੀ ਤੀਵੀਂ ਨੇ ਮਸਾਂ ਪੁੱਤ ਪਾਲਿਆ , ਚਾਅ ਨੀ ਚੱਕਿਆ ਜਾਂਦਾ ਹੁਣ "

"ਆਹੋ ਗੱਲ ਤਾਂ ਠੀਕ ਆ ਤੇਰੀ , ਪਰ ਰੱਬ ਸੁੱਖ ਰੱਖੇ ਭੈਣੇ , ਬੰਸੋ ਆਏ ਹੀ ਖੁਸ਼ ਰਹੇ ਹੁਣ "

"ਆਹੋ ਭੈਣੇ , ਕਹਿੰਦੇ ਬਾਰਾਂ ਵਰ੍ਹਿਆਂ ਤੋਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਏ , ਬੰਸੋ ਨੇ ਤਾਂ ਵੀਹ ਸਾਲ ਕੱਢੇ ਆ "

"ਚੱਲ ਆਥਣੇ ਜੇ ਚੱਲਾਂਗੇ ਸ਼ਗਨ ਦੇਣ "

"ਆਹੋ ਨਾਲੇ ਲੱਡੂ ਖਾ ਕੇ ਆਵਾਂਗੇ"

"ਹਾਹਾਹਾਹਾ , ਠੀਕ ਆ ,ਆਜੀਂ ਟੈਮ ਨਾਲ "

"ਚੱਲ ਚੰਗਾ"

ਬੰਸੋ ਨੂੰ ਜੀਹਨੇ ਵੀ ਪੁੱਛਣਾ ਕਿ ਨੂੰਹ ਕਿਹੋ ਜਿਹੀ ਆਈ ਏ , ਤਾਂ ਉਸਨੇ ਕਹਿਣਾ ,"ਟੀਸੀ ਵਾਲਾ ਬੇਰ ਤੋੜਿਆ ਮੈਂ ਤਾਂ "



ਬੰਸੋ ਦਾ ਪੁੱਤ ਚਾਰ ਸਾਲ ਦਾ ਹੀ ਸੀ ,ਜਦੋਂ ਉਸਦੇ ਪਤੀ ਦੀ ਮੌਤ ਇੱਕ ਐਕਸੀਡੈਂਟ ਵਿੱਚ ਹੋ ਗਈ । ਦਿਓਰਾਂ ਜੇਠਾਂ ਨੇ ਵਸਣ ਨਾ ਦਿੱਤਾ ਤੇ ਉਹ ਆਪਣੇ ਪੁੱਤ ਨੂੰ ਲੈ ਕੇ ਪੇਕੇ ਘਰ ਆ ਗਈ । ਉਸਦੇ ਭਰਾ ਨਹੀਂ ਸੀ ਤੇ ਪਿਓ ਸ਼ਰਾਬੀ ਕਬਾਬੀ ਸੀ । ਪਿਓ ਨੇ ਜ਼ਮੀਨ ਸ਼ਰਾਬ ਵਿੱਚ ਉਡਾ ਦਿੱਤੀ ਤੇ ਇੱਕੋ ਇੱਕ ਘਰ ਰਹਿ ਗਿਆ ਸੀ ਉਸ ਕੋਲ ,ਜਦ ਪਿਓਂ ਵੀ ਛੱਡ ਕੇ ਤੁਰ ਗਿਆ ਸੀ ਤੇ ਮਾਂ ਨੂੰ ਰੁਖਸਤ ਹੋਇਆ ਤਾਂ ਕਈ ਸਾਲ ਲੰਘ ਗਏ ਸੀ ।

ਮਾਂ-ਬਾਪ ਦੇ ਜਾਣ ਬਾਦ ਬੰਸੋ ਨੇ ਆਪਣੇ ਪੁੱਤ ਨੂੰ ਬੜੇ ਲਾਡਾਂ ਚਾਵਾਂ ਨਾਲ ਪਾਲਿਆ ਸੀ । ਹੁਣ ਉਹ ਪੁੱਤ ਦਾ ਵਿਆਹ ਕਰਕੇ ਬਿਲਕੁੱਲ ਬੇਫਿਕਰ ਹੋ ਗਈ ਸੀ । ਬਹੁਤ ਖੁਸ਼ ਸੀ ਉਹ ਐਨੀ ਸੋਹਣੀ - ਸੁਨੱਖੀ ਨੂੰਹ ਲਿਆ ਕੇ , ਪਰ ਇਹ ਖੁਸ਼ੀ ਲੰਮਾ ਸਮਾਂ ਨਾ ਚੱਲੀ । ਬੰਸੋ ਜਿਸਨੂੰ ਟੀਸੀ ਵਾਲਾ ਬੇਰ ਕਹਿੰਦੀ ਨਹੀਂ ਸੀ ਥੱਕਦੀ ਅਸਲ ਵਿੱਚ ਨਿੰਮ ਦੀ ਨਮੋਲੀ ਨਿਕਲੀ ।

ਬੰਸੋ ਦੀ ਨੂੰਹ ਰਾਜ - ਭਾਗ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਸੀ । ਬੰਸੋ ਤਾਂ ਉਸਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ । ਹਰ ਵੇਲੇ ਉਸਦੇ ਪੁੱਤ ਕੋਲ ਲੂਤੀਆਂ ਲਾਉਂਦੀ ਰਹਿੰਦੀ । ਬੰਸੋ ਚੁੱਪ ਕਰਕੇ ਵਕਤ ਟਪਾ ਰਹੀ ਸੀ । ਜਦੋਂ ਉਸਦੀ ਪੇਸ਼ ਨਾ ਗਈ ਤਾਂ ਬੰਸੋ ਨੇ ਸਰਪੰਚ ਨੂੰ ਕਹਿ ਕੇ ਪਿੰਡ ਦੀ ਧਰਮਸ਼ਾਲਾ ਵਿੱਚ ਸਿਲਾਈ ਸੈਂਟਰ ਚਲਾ ਲਿਆ । ਉਸਨੇ ਸੋਚਿਆ ਵੀ ਸਾਰਾ ਦਿਨ ਸਿਲਾਈ ਸੈਂਟਰ ਰਿਹਾ ਕਰੂ , ਚੱਲ ਕਚ -ਕਚ ਤੋਂ ਖਹਿੜਾ ਛੁੱਟੂ । ਪਰ ਕਹਿੰਦੇ ਆ ਨਾ ,' ਉੱਠ ਜਾ ਬਰਮਾ ਨੂੰ ਕਰਮ ਜਾਣ ਗੇ ਨਾਲੇ ' ਇੱਕ ਦਿਨ ਬੰਸੋ ਦੀ ਨੂੰਹ ਸਿਲਾਈ ਸੈਂਟਰ ਵਿੱਚ ਗਈ ਅਤੇ ਬੰਸੋ ਨੂੰ ਬੋਲਣ ਲੱਗੀ ," ਏਥੇ ਆ ਕੇ ਬੈਠ ਜਾਂਦੀ ਆ ਮੇਮ ਸਾਬ , ਮੈਂ ਸਾਰਾ ਦਿਨ ਘਰੇ ' ਕੱਲੀ ਖਪਦੀ ਰਹਿੰਦੀ ਆ , ਕੰਮ ਤੋਂ ਟਲਦੀ ਏਥੇ ਆ ਕੇ ਬੈਠ ਜਾਂਦੀ ਆ । ਤੂੰ ਲੋਕਾਂ ਨੂੰ ਦਿਖਾਉਣਾ ਕੀ ਚਾਹੁੰਦੀ ਏ ਵੀ ਅਸੀਂ ਕੁਝ ਦਿੰਦੇ ਨੀ ਤੈਨੂੰ , ਜੋ ਏਥੇ ਪੈਸੇ 'ਕੱਠੇ ਕਰਨ ਲੱਗੀ ਏ "

" ਪੁੱਤ ਘਰੇ ਚੱਲ , ਐਵੇ ਨੀ ਲੋਕਾਂ ਸਾਹਮਣੇ ਤਮਾਸ਼ਾ ਬਣਾਈ ਦਾ ਹੁੰਦਾ " ਬੰਸੋ ਹੌਲੀ ਕੁ ਬੋਲੀ ।

"ਨਾ ਤਮਾਸ਼ਾ ਮੈਂ ਬਣਾਉਣੀ ਆ ਜਾਂ ਤੂੰ , ਆਈ ਵੱਡੀ ਸਿਆਣੀ , ਸਾਡਾ ਜਲੂਸ ਕੱਢੀ ਜਾਨੀ ਏ ਕਿਵੇਂ । ਲੋਕ ਕਹਿਣਗੇ ਨੂੰਹ - ਪੁੱਤ ਨੇ ਘਰੋਂ ਕੱਢਤੀ "

"ਨਾ ਪੁੱਤ ਕੋਈ ਨੀ ਕੁਝ ਕਹਿੰਦਾ , ਤੂੰ ਘਰੇ ਚੱਲ , ਘਰੇ ਜਾ ਕੇ ਗੱਲ ਕਰਦੀਆਂ "

"ਨਾ ਮੈਂ ਤਾਂ ਐਥੇ ਹੀ ਗੱਲ ਕਰੂ ਹੁਣ । ਸੁਣ ਲੋ ਪਿੰਡ ਵਾਲਿਓ , ਕੱਲ੍ਹ ਨੂੰ ਮੈਨੂੰ ਦੋਸ਼ ਦਿਓਂਗੇ ਕਿ ਨੂੰਹ ਮਾੜੀ ਆ । ਤੁਸੀਂ ਆਪ ਹੀ ਦੇਖ ਲਵੋ। ਪਹਿਲਾਂ ਆਵਦਾ ਬੰਦਾ ਖਾ ਗੀ , ਫਿਰ ਸ਼ਰੀਕੇ - ਕਬੀਲੇ ਨਾਲ ਨੀ ਬਣੀ । ਲੈ ਕੇ ਮੇਰੇ ਬੰਦੇ ਨੂੰ ਐਥੇ ਆਕੇ ਬਹਿਗੀ। ਪਿਓ ਨਾਲ ਨੀ ਬਣੀ ਇਹਦੀ , ਉਹ ਮਾਰਤਾ । ਹੁਣ ਮੈਨੂੰ ਮਾਰੂ ਇਹੇ ਕੁਲੱਛਣੀ ।"

ਬੰਸੋ ਚੁੱਪ ਕਰਕੇ ਸੈਂਟਰ ਚੋ ਤੁਰ ਪਈ ਪਰ ਘਰ ਨਾ ਗਈ । ਤਿੰਨ ਘੰਟੇ ਬਹੁਤ ਭਾਲ ਕੀਤੀ ਉਸਦੀ ਤੇ ਆਥਣ ਵੇਲੇ ਨਾਲ ਦੇ ਪਿੰਡ ਵਿੱਚੋਂ ਲੰਘਦੀ ਨਹਿਰ ਵਿੱਚੋਂ ਲਾਸ਼ ਮਿਲੀ ਬੰਸੋ ਦੀ । ਵਿਹੜੇ ਵਿੱਚ ਪਈ ਲਾਸ਼ ਸਾਰਿਆਂ ਨੂੰ ਪੁੱਛ ਰਹੀ ਸੀ "ਮੇਰਾ ਕੀ ਕਸੂਰ"।

ਰਾਜਦੀਪ ਕੌਰ ਖਾਲਸਾ

# "ਨੀ ਵੱਡੀ ਬਹੂ ! ਜ਼ਰਾ ਇੱਧਰ ਤਾਂ ਆਵੀਂ !




ਸੁਖਪ੍ਰੀਤ ਨੇ ਸੱਸ ਦੇ ਤਾਹਨਿਆਂ ਅੱਗੇ ਝੁਕਣ ਦੀ ਬਜਾਏ ਆਪਣੇ ਆਤਮ-ਸੰਮਾਨ ਨੂੰ ਚੁਣਿਆ।"

"ਨੀ ਵੱਡੀ ਬਹੂ ! ਜ਼ਰਾ ਇੱਧਰ ਤਾਂ ਆਵੀਂ ! ਇਹ ਸਫ਼ਾਰੀ ਸੂਟ ਤੇ ਜੋਧਪੁਰੀ ਸੂਟ ਪ੍ਰੈੱਸ ਕਰਕੇ ਰੱਖ ਦੇ, ਛੋਟੇ ਪ੍ਰਾਹੁਣੇ ਜੀ ਤੇ ਮੇਰੀ ਧੀ ਆਉਣ ਹੀ ਵਾਲੇ ਹੋਣਗੇ। ਤੇ ਹਾਂ, ਰਸੋਈ ਵਿੱਚ ਜਾ ਕੇ ਦੇਖ, ਕਾਜੂ ਕਤਲੀ ਦੇ ਡੱਬੇ ਠੀਕ ਤਰ੍ਹਾਂ ਸਜਾਏ ਨੇ ਕਿ ਨਹੀਂ? ਮਹਿਮਾਨਾਂ ਦੇ ਸਾਹਮਣੇ ਸਾਡੀ ਨੱਕ ਨਾ ਕਟਵਾ ਦੇਵੀਂ !" ਸੱਸ ਗੁਰਮੀਤ ਕੌਰ ਨੇ ਉੱਚੀ ਆਵਾਜ਼ ਵਿੱਚ ਹੁਕਮ ਦਿੱਤਾ।

"ਜੀ ਮਾਂ ਜੀ, ਮੈਂ ਸਾਰੇ ਕੱਪੜੇ ਪ੍ਰੈੱਸ ਕਰ ਦਿੱਤੇ ਨੇ ਤੇ ਪਨੀਰ ਟਿੱਕੇ ਦਾ ਮੈਰੀਨੇਸ਼ਨ ਵੀ ਤਿਆਰ ਹੈ। ਬੱਸ ਸਮੋਸੇ ਤਲਣੇ ਬਾਕੀ ਨੇ," ਸੁਖਪ੍ਰੀਤ ਨੇ ਮੱਥੇ ਦਾ ਪਸੀਨਾ ਪੂੰਝਦਿਆਂ ਕਿਹਾ। ਉਹ ਸਵੇਰੇ 5 ਵਜੇ ਤੋਂ ਲਗਾਤਾਰ ਰਸੋਈ ਤੇ ਘਰ ਦੀ ਸਫਾਈ ਵਿੱਚ ਜੁਟੀ ਹੋਈ ਸੀ।

"ਹਾਂ-ਹਾਂ, ਠੀਕ ਹੈ! ਕੰਮ ਤਾਂ ਤੈਨੂੰ ਕਰਨਾ ਹੀ ਪੈਣਾ ਹੈ। ਆਖਰ ਤੇਰੇ ਪੇਕੇ ਵਾਲਿਆਂ ਨੇ ਵਿਆਹ ਵਿੱਚ ਦਿੱਤਾ ਹੀ ਕੀ ਸੀ? ਇੱਕ ਪੁਰਾਣੀ ਵੈਗਨਆਰ ਗੱਡੀ ਤੇ ਨਾਮ-ਮਾਤਰ ਦਾ ਦਾਜ! ਸਾਡੀ ਛੋਟੀ ਨੂਹ ਰਮਨਦੀਪ ਨੂੰ ਦੇਖ, ਕਰੋੜਪਤੀ ਬਾਪ ਦੀ ਧੀ ਹੈ। ਵਿਆਹ ਵਿੱਚ ਬ੍ਰੈਂਡ ਨਿਊਂ ਨਨੋਵਓ ਕਾਰ ਦਿੱਤੀ ਹੈ ਤੇ ਸਾਡੇ ਪੂਰੇ ਖਾਨਦਾਨ ਲਈ ਸੋਨੇ ਦੇ ਸਿੱਕੇ ਲਿਆਏ ਉਸ ਦਾ ਰੁਤਬਾ ਹੀ ਵੱਖਰਾ ਹੈ," ਗੁਰਮੀਤ ਕੌਰ ਨੇ ਆਪਣੀ ਆਦਤ ਮੁਤਾਬਕ ਸੁਖਪ੍ਰੀਤ ਨੂੰ ਨੀਵਾਂ ਦਿਖਾਉਂਦਿਆਂ ਕਿਹਾ।

ਸੁਖਪ੍ਰੀਤ ਇੱਕ ਸਰਕਾਰੀ ਬੈਂਕ ਵਿੱਚ ਕਲਰਕ ਸੀ। ਉਹ ਪੜ੍ਹੀ-ਲਿਖੀ, ਸਮਝਦਾਰ ਤੇ ਸ਼ਾਂਤ ਸੁਭਾਅ ਦੀ ਕੁੜੀ ਸੀ। ਉਸ ਦੇ ਪਿਤਾ ਇੱਕ ਸਕੂਲ ਟੀਚਰ ਸਨ, ਜਿਨ੍ਹਾਂ ਨੇ ਆਪਣੀ ਪਹੁੰਚ ਤੋਂ ਵਧ ਕੇ ਸੁਖਪ੍ਰੀਤ ਦਾ ਵਿਆਹ ਕੀਤਾ ਸੀ। ਵਿਆਹ ਤੋਂ ਬਾਅਦ ਪਿਛਲੇ 6 ਸਾਲਾਂ ਤੋਂ ਸੁਖਪ੍ਰੀਤ ਨਾ ਸਿਰਫ਼ ਸਵੇਰੇ-ਸ਼ਾਮ ਘਰ ਦਾ ਸਾਰਾ ਕੰਮ ਸੰਭਾਲਦੀ ਸੀ, ਬਲਕਿ ਆਪਣੀ ਪੂਰੀ ਤਨਖਾਹ ਵੀ ਹਰ ਮਹੀਨੇ ਦੀ 1 ਤਰੀਕ ਨੂੰ ਗੁਰਮੀਤ ਕੌਰ ਦੇ ਹੱਥ 'ਤੇ ਰੱਖ ਦਿੰਦੀ ਸੀ ਤਾਂ ਜੋ ਘਰ ਦਾ ਹੋਮ ਲੋਨ ਚੁਕਾਇਆ ਜਾ ਸਕੇ।

ਘਰ ਦੇ ਮਰਦ ਚਾਹੇ ਉਹ ਸੁਖਪ੍ਰੀਤ ਦਾ ਘਰਵਾਲਾ ਹਰਪ੍ਰੀਤ ਹੋਵੇ ਜਾਂ ਉਸ ਦਾ ਦਿਓਰ ਘਰ ਦੇ ਕੰਮ ਵਿੱਚ ਹੱਥ ਵਟਾਉਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਸਨ। ਦਿਓਰਾਣੀ ਰਮਨਦੀਪ ਜਦੋਂ ਦੀ ਵਿਆਹ ਕੇ ਆਈ ਸੀ, ਉਹ ਸਿਰਫ਼ ਆਪਣੇ ਕਮਰੇ ਵਿੱਚ ਰਹਿੰਦੀ ਜਾਂ ਆਨਲਾਈਨ ਸ਼ਾਪਿੰਗ ਵਿੱਚ ਰੁੱਝੀ ਰਹਿੰਦੀ। ਗੁਰਮੀਤ ਕੌਰ ਰਮਨਦੀਪ ਤੋਂ ਪਾਣੀ ਦਾ ਇੱਕ ਗਲਾਸ ਵੀ ਨਹੀਂ ਮੰਗਵਾਉਂਦੀ ਸੀ, ਕਿਉਂਕਿ ਉਹ 'ਅਮੀਰ ਘਰ ਦੀ ਧੀ' ਸੀ।

ਸ਼ਾਮ ਨੂੰ ਜਦੋਂ ਸਾਰੇ ਮਹਿਮਾਨ ਤੇ ਰਿਸ਼ਤੇਦਾਰ ਹਾਲ ਵਿੱਚ ਬੈਠੇ ਸਨ, ਤਾਂ ਗੁਰਮੀਤ ਕੌਰ ਰਮਨਦੀਪ ਦੇ ਪੇਕਿਆਂ ਦੇ ਗੁਣਗਾਣ ਗਾ ਰਹੀ ਸੀ। ਉਦੋਂ ਹੀ ਇੱਕ ਭੂਆ ਜੀ ਨੇ ਸੁਖਪ੍ਰੀਤ ਵੱਲ ਦੇਖ ਕੇ ਪੁੱਛਿਆ, "ਗੁਰਮੀਤ, ਤੇਰੀ ਵੱਡੀ ਬਹੂ ਵੀ ਤਾਂ ਬੈਂਕ ਵਿੱਚ ਹੈ, ਇਸ ਵਾਰ ਦੀਵਾਲੀ 'ਤੇ ਉਸ ਨੇ ਕੀ ਖਾਸ ਲਿਆ?"

ਗੁਰਮੀਤ ਕੌਰ ਨੇ ਸਭ ਦੇ ਸਾਹਮਣੇ ਮੂੰਹ ਵਿਗਾੜਦਿਆਂ ਕਿਹਾ, "ਨੀ ਭੈਣੇ! ਕੀ ਖਾਕ ਲਵੇਗੀ? ਛੋਟੇ ਘਰਾਂ ਦੀਆਂ ਕੁੜੀਆਂ ਬੱਸ ਕਮਾਉਣਾ ਜਾਣਦੀਆਂ ਨੇ, ਉਡਾਉਣਾ ਨਹੀਂ। ਇਹਨਾਂ ਦੀ ਸੋਚ ਤੇ ਔਕਾਤ ਬੱਸ ਪਾਈ-ਪਾਈ ਬਚਾਉਣ ਦੀ ਹੁੰਦੀ ਹੈ। ਰਮਨਦੀਪ ਨੇ ਦੇਖੋਂ, ਮੈਨੂੰ ਇਸ ਦੀਵਾਲੀ 'ਤੇ ਡਾਇਮੰਡ ਦਾ ਨੈਕਲੈਸ ਗਿਫਟ ਕੀਤਾ ਹੈ! ਵੱਡੇ ਘਰਾਂ ਦੀਆਂ ਧੀਆਂ ਦੇ ਦਿਲ ਵੀ ਵੱਡੇ ਹੁੰਦੇ ਨੇ। "ਹਾਲ ਵਿੱਚ ਬੈਠੇ ਸਾਰੇ ਲੋਕ ਹੱਸਣ ਲੱਗੇ। ਸੁਖਪ੍ਰੀਤ ਜੋ ਮਹਿਮਾਨਾਂ ਲਈ ਚਾਹ ਦੀ ਟ੍ਰੇਅ ਲੈ ਕੇ ਆ ਰਹੀ ਸੀ, ਉਸ ਦੇ ਕਦਮ ਉੱਥੇ ਹੀ ਰੁਕ ਗਏ। ਇੰਨੇ ਸਾਲਾਂ ਦੀ ਕੁਰਬਾਨੀ, ਸਵੇਰੇ ਦੀ ਨੀਂਦ ਖ਼ਰਾਬ ਕਰਨਾ, ਬਿਮਾਰ ਹੋਣ 'ਤੇ ਵੀ ਦਫ਼ਤਰ ਤੇ ਰਸੋਈ ਦੋਵੇਂ ਸੰਭਾਲਣਾ... ਤੇ ਬਦਲੇ ਵਿੱਚ ਮਿਲਿਆ ਕੀ? ਸਭ ਦੇ ਸਾਹਮਣੇ ਆਪਣੀ 'ਔਕਾਤ' ਦਾ ਇਹ ਸ਼ਰੇਆਮ ਤਮਾਸ਼ਾ!

ਅੱਜ ਸੁਖਪ੍ਰੀਤ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਸ ਨੇ ਚਾਹ ਦੀ ਟ੍ਰੇਅ ਮੇਜ਼ 'ਤੇ ਰੱਖੀ ਅਤੇ ਬੇਹੱਦ ਸ਼ਾਂਤ ਪਰ ਦ੍ਰਿੜ ਆਵਾਜ਼ ਵਿੱਚ ਕਿਹਾ:

ਮੰਮੀ ਜੀ! ਦਿਲ ਵੱਡਾ ਹੋਣ ਲਈ ਤਿਜੋਰੀ ਦਾ ਵੱਡਾ ਹੋਣਾ ਜ਼ਰੂਰੀ ਨਹੀਂ ਹੁੰਦਾ। ਰਮਨਦੀਪ ਨੇ ਜੋ ਡਾਇਮੰਡ ਦਾ ਨੈਕਲੈਸ ਤੁਹਾਨੂੰ ਦਿੱਤਾ ਹੈ, ਉਹ ਉਹਨਾਂ ਦੇ ਪਿਤਾ ਦੇ ਪੈਸਿਆਂ ਦਾ ਹੈ, ਉਸ ਦੀ ਆਪਣੀ ਕਮਾਈ ਦਾ ਨਹੀਂ। ਤੇ ਰਹੀ ਗੱਲ ਮੇਰੀ ਔਕਾਤ ਦੀ... ਤਾਂ ਸ਼ਾਇਦ ਤੁਸੀਂ ਭੁੱਲ ਰਹੇ ਹੋ ਕਿ ਜਿਸ ਘਰ ਵਿੱਚ ਤੁਸੀਂ ਬੈਠੇ ਹੋ, ਉਸ ਦਾ ਹਰ ਮਹੀਨੇ ਦਾ 40 ਹਜ਼ਾਰ ਦਾ ਹੋਮ ਲੋਨ ਮੇਰੀ ਇਸੇ 'ਛੋਟੇ ਘਰ ਦੀ ਤਨਖਾਹ' ਵਿੱਚੋਂ ਜਾਂਦਾ ਹੈ।"

ਪੂਰੇ ਹਾਲ ਵਿੱਚ ਸੰਨਾਟਾ ਪਸਰ ਗਿਆ। ਗੁਰਮੀਤ ਕੌਰ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ, "ਤੇਰੀ ਇੰਨੀ ਹਿੰਮਤ ਕਿ ਤੂੰ ਮਹਿਮਾਨਾਂ ਦੇ ਸਾਹਮਣੇ ਮੇਰੇ ਨਾਲ ਜ਼ੁਬਾਨ ਲੜਾਵੇਂ? ਭੁੱਲ ਗਈ ਆਪਣੀ ਹੈਸੀਅਤ?"

"ਮੈਂ ਆਪਣੀ ਹੈਸੀਅਤ ਕਦੇ ਨਹੀਂ ਭੁੱਲਦੀ ਮਾਂ ਜੀ, ਬਲਕਿ ਅੱਜ ਤੋਂ ਮੈਂ ਆਪਣੀ ਅਸਲੀ ਹੈਸੀਅਤ ਤੁਹਾਨੂੰ ਸਮਝਾ ਰਹੀ ਹਾਂ," ਸੁਖਪ੍ਰੀਤ ਨੇ ਮੁਸਕਰਾਉਂਦਿਆਂ ਕਿਹਾ। "ਮੇਰੇ ਮਾਪਿਆਂ ਨੇ ਮੈਨੂੰ ਦਾਜ ਵਿੱਚ ਕਰੋੜਾਂ ਦੀ ਦੌਲਤ ਭਾਵੇਂ ਨਾ ਦਿੱਤੀ ਹੋਵੇ, ਪਰ ਮੈਨੂੰ 'ਸਵੈ-ਮਾਣ' ਤੇ 'ਯੋਗਤਾ' ਦਾ ਉਹ ਗਹਿਣਾ ਦਿੱਤਾ ਹੈ ਜਿਸ ਦੇ ਦਮ 'ਤੇ ਮੈਂ ਕਿਸੇ ਅੱਗੇ ਮੋਹਤਾਜ ਨਹੀਂ ਹਾਂ। ਅੱਜ ਤੋਂ ਇਸ ਘਰ ਦੇ ਲੋਨ ਦੀ ਕਿਸ਼ਤ ਤੇ ਫਾਲਤੂ ਖਰਚਿਆਂ ਲਈ ਮੇਰੀ ਤਨਖਾਹ ਦਾ ਇੱਕ ਰੁਪਿਆ ਵੀ ਨਹੀਂ ਮਿਲੇਗਾ। ਮੇਰੀ ਤਨਖਾਹ ਹੁਣ ਸਿਰਫ਼ ਮੇਰੇ ਤੇ ਮੇਰੇ ਬੱਚੇ ਦੇ ਉੱਜਲ ਭਵਿੱਖ ਲਈ ਬੈਂਕ ਵਿੱਚ ਜਮ੍ਹਾਂ ਹੋਵੇਗੀ।"

ਹਰਪ੍ਰੀਤ ਨੇ ਵਿੱਚੇ ਟੋਕਦਿਆਂ ਕਿਹਾ, "ਸੁਖਪ੍ਰੀਤ! ਇਹ ਕੀ ਬਦਤਮੀਜ਼ੀ ਹੈ? ਮਾਂ ਤੋਂ ਮੁਆਫੀ ਮੰਗ।"

ਸੁਖਪ੍ਰੀਤ ਨੇ ਹਰਪ੍ਰੀਤ ਵੱਲ ਦੇਖਿਆ ਤੇ ਕਿਹਾ, "ਮੁਆਫੀ ਕਿਸ ਗੱਲ ਦੀ ਹਰਪ੍ਰੀਤ? ਆਪਣੀ ਮਿਹਨਤ ਦੀ ਕਮਾਈ 'ਤੇ ਆਪਣਾ ਹੱਕ ਮੰਗਣ ਲਈ? ਜੇ ਇਸ ਘਰ ਵਿੱਚ ਰਮਨਦੀਪ ਅਮੀਰ ਹੋਣ ਦੇ ਨਾਤੇ ਬਿਨਾਂ ਕੰਮ ਕੀਤੇ ਸਤਿਕਾਰ ਪਾ ਸਕਦੀ ਹੈ, ਤਾਂ ਮੈਂ ਇਸ ਘਰ ਨੂੰ ਆਪਣੀ ਮਿਹਨਤ ਤੇ ਪੈਸੇ ਦੋਵਾਂ ਨਾਲ ਸਿੰਜਣ ਤੋਂ ਬਾਅਦ ਵੀ ਅਪਮਾਨਿਤ ਹੋਣ ਲਈ ਨਹੀਂ ਬਣੀ। ਗ੍ਰਹਿ-ਲਕਸ਼ਮੀ ਦਾ ਸਤਿਕਾਰ ਪੈਸਿਆਂ ਨਾਲ ਨਹੀਂ, ਉਸ ਦੇ ਸਮਰਪਣ ਨਾਲ ਹੁੰਦਾ ਹੈ।" ਇਹ ਕਹਿ ਕੇ ਸੁਖਪ੍ਰੀਤ ਆਪਣੇ ਕਮਰੇ ਵਿੱਚ ਗਈ, ਆਪਣਾ ਆਫ਼ਿਸ ਬੈਗ ਚੁੱਕਿਆ ਅਤੇ ਬਿਨਾਂ ਪਿੱਛੇ ਮੁੜੇ ਆਪਣੇ ਕੰਮ ਲਈ ਨਿਕਲ ਗਈ। ਗੁਰਮੀਤ ਕੌਰ ਸੋਫ਼ੇ 'ਤੇ ਸੁੰਨ ਹੋ ਕੇ ਬੈਠ ਗਈ, ਕਿਉਂਕਿ ਉਸ ਨੂੰ ਸਮਝ ਆ ਗਿਆ ਸੀ ਕਿ ਘਰ ਨੂੰ ਚਲਾਉਣ ਵਾਲੀ ਅਤੇ ਬਿਨਾਂ ਕਿਸੇ ਸਵਾਰਥ ਦੇ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਹੁਣ ਉਹਨਾਂ ਦੇ ਸ਼ਿਕੰਜੇ ਤੋਂ ਹਮੇਸ਼ਾ ਲਈ ਆਜ਼ਾਦ ਹੋ ਚੁੱਕੀ ਸੀ। ਸੁਖਪ੍ਰੀਤ ਦੇ ਚਿਹਰੇ 'ਤੇ ਅੱਜ ਇੱਕ ਵੱਖਰਾ ਹੀ ਤੇਜ਼ ਤੇ ਆਤਮ-ਸੰਤੁਸ਼ਟੀ ਸੀ।

# ਕਹਾਣੀ - ਲੋਹੇ ਤੇ ਲੱਕੜ ਦੇ ਟਰੈਕਟਰ

ਯਾਦ ਆ ਕੇਰਾਂ ਬੱਸ ਤਲਵੰਡੀ ਬੱਸ ਸਟੈਂਡ 'ਚ ਦਾਖ਼ਲ ਹੋਈ ਤੇ ਬੱਸ ਸਟੈਂਡ ਦੇ ਬਾਹਰ ਖੇਡਣ ਵਾਲੇ ਨਿੱਕੇ ਵੱਡੇ ਲੋਹੇ ਤੇ ਲੱਕੜ ਦੇ ਟਰੈਕਟਰ ਕਿਸੇ ਦੁਕਾਨ ਦੇ ਬਾਹਰ ਸਜਾਏ ਹੋਏ ਸੀ ਤੇ ਮੈਂ ਬਾਪੂ ਨੂੰ ਹਲੂਣ ਕੇ ਟਰੈਕਟਰ ਦਿਖਾਏ ਪਰ ਬਾਪੂ ਨੇ ਗੱਲ ਅਣਸੁਣੀ ਕਰ ਦਿੱਤੀ ।

ਅਸੀਂ ਬੱਸ ਸਟੈਂਡ ਉੱਤਰੇ ਤੇ ਬਾਪੂ ਤੇ ਮੈਂ ਉੱਤਰ ਕੇ ਬੱਸ ਸਟੈਂਡ ਚ ਬੈਠਣ ਲਈ ਬਣੀਆਂ ਥੜੀਆਂ ਤੇ ਬੈਠ ਗਏ। ਬਾਪੂ ਇੱਕਦਮ ਉੱਠਿਆ ਤੇ ਮੇਰਾ ਹੱਥ ਫੜ੍ਹ ਬਾਪੂ ਮੋਚੀ ਕੋਲ ਚਲਾ ਗਿਆ ਤੇ ਆਵਦੀ ਜੁੱਤੀ ਲਾਹ ਕੇ ਮੋਚੀ ਨੂੰ ਦੇ ਦਿੱਤੀ। ਮੋਚੀ ਕਹਿੰਦਾ ਕਿ ਜੁੱਤੀ ਦੀ ਹਾਲਤ ਖ਼ਰਾਬ ਹੀ ਆ, ਜੇ ਬਾਹਲਾ ਕਹਿੰਨੇ ਆ ਤਾਂ ਸਿਉ ਦਿੰਨਾ... ਪਰ ਮਿਲੂ ਕੱਲ੍ਹ। ਬਾਪੂ ਨੇ ਦੂਜੀ ਜੁੱਤੀ ਵੀ ਲਾਹ ਕੇ ਮੋਚੀ ਕੋਲ ਰੱਖ ਦਿੱਤੀ ਤੇ ਕਿਹਾ ਕਿ ਕੱਲ੍ਹ ਹੀ ਲੈ ਜਾਂਵਾਂਗੇ ਦੋਨੋਂ । ਬਾਪੂ ਨੰਗੇ ਪੈਰ ਤੁਰ ਫਿਰ ਉਸੇ ਥੜ੍ਹੀ ਤੇ ਜਾ ਕੇ ਬੈਠ ਗਿਆ ਤੇ ਮੈਂ ਵੀ ਬਾਪੂ ਦੇ ਪਿੱਛੇ ਹੀ । ਫੁੱਲੇ , ਗਿਰੀਆਂ , ਪਾਪੜ ਵੇਚਣ ਵਾਲੇ ਵਾਰ ਵਾਰ ਕੋਲੇ ਆਉਂਦੇ ਤੇ ਮੇਰੇ ਚ ਹਿੰਮਤ ਨਾ ਪਈ ਕਿ ਬਾਪੂ ਨੂੰ ਕਹਿ ਦੇਵਾਂ ਕਿ ਮੈਨੂੰ ਚੀਜ਼ੀ ਦਵਾ ਦੇ । ਫਿਰ ਬਾਪੂ ਨੇ ਮੈਲੇ ਜੇਹੇ ਝੋਲੇ ਚੋ ਪਾਣੀ ਦੀ ਬੋਤਲ ਕੱਢੀ ਤੇ ਮੇਰੇ ਮੂਹਰੇ ਕਰ ਦਿੱਤੀ ਕਿ ਤ੍ਰੇਹ ਲੱਗੀ ਤਾਂ ਪੀ ਲੈ । ਮੈਂ ਗਟਾਗਟ ਸਾਰਾ ਪਾਣੀ ਪੀ ਲਿਆ ਤੇ ਬਾਪੂ ਸਕੂਨ ਨਾਲ ਮੇਰੇ ਮੂੰਹ ਵੱਲ ਦੇਖ ਰਿਹਾ ਸੀ । ਜਿਵੇਂ ਉਸਦੀ ਪਿਆਸ ਵੀ ਮੈਂ ਪਾਣੀ ਪੀ ਕੇ ਮੁਕਾ ਦਿੱਤੀ ਹੋਵੇ । ਬਾਪੂ ਨੇ ਬੋਤਲ ਮੁੜ ਝੋਲੇ ਚ ਪਾ ਲਈ । ਸਾਨੂੰ ਪਿੰਡ ਵਾਲੀ ਬੱਸ ਮਿਲ ਗਈ ਤੇ ਅਸੀਂ ਪਿੰਡ ਪੁੱਜ ਗਏ ।

ਪੰਦਰਾਂ ਦਿਨ ਬਾਅਦ ਵਾਢੀ ਸ਼ੁਰੂ ਹੋਈ । ਬਾਪੂ ਉਸ ਦਿਨ ਆੜਤੀਆਂ ਤੋਂ ਪੈਸੇ ਲੈਣ ਤਲਵੰਡੀ ਗਿਆ ਹੋਇਆ ਸੀ । ਦੁਪਹਿਰੇ ਜੇਹੇ ਤਾਇਆ ਬਿਸ਼ਨਾ ਭੱਜਿਆ ਭੱਜਿਆ ਘਰ ਆਇਆ ਤੇ ਮਾਂ ਚਾਹ ਬਣਾ ਰਹੀ ਸੀ । ਚੌਂਤਰੇ ਕੋਲ ਜਾ ਖੰਗੂਰਾ ਜੇਹਾ ਮਾਰ ਕੇ ਕਿਹਾ , “ਭਾਈ ਲਛਮਣ ਦਾ ਤਲਵੰਡੀ ਤੋਂ ਆਉਂਦੇ ਦਾ ਐਕਸੀਡੈਂਟ ਹੋ ਗਿਆ , ਮੈਂ ਉੱਥੇ ਚੱਲਾ । ਤੇਰੀ ਭੈਣ ਆਉਂਦੀ ਆ ਤੇਰੇ ਕੋਲ...” ਐਨਾ ਕਹਿ ਕੇ ਤਾਇਆ ਚਲਾ ਗਿਆ ਤੇ ਮਾਂ ਥਾਏਂ ਖੜ੍ਹੀ ਸੁੰਨ ਜੇਹੀ ਹੋ ਗਈ ਤੇ ਫਿਰ ਚੱਕਰ ਜੇਹਾ ਖਾ ਕੇ ਡਿੱਗ ਗਈ । ਮੈਂ ਦਵਾਦਵਾ ਆ ਕੇ ਮਾਂ ਨੂੰ ਪਾਣੀ ਪਿਆਇਆ ਤੇ ਐਨੇ ਨੂੰ ਤਾਈ ਆ ਗਈ । ਤਾਈ ਮਾਂ ਦੇ ਹੱਥ ਪੈਰ ਮਲਣ ਲੱਗੀ । ਤਾਏ ਦਾ ਮੁੰਡਾ ਡਾਕਟਰ ਲੈ ਆਇਆ । ਡਾਕਟਰ ਨੇ ਦੱਸਿਆ ਕਿ ਬਲੱਡ ਘਟਿਆ ਏ ,ਥੋੜੇ ਟਾਈਮ ਨੂੰ ਠੀਕ ਹੋ ਜਾਣਗੇ ।

ਤਿੰਨ ਘੰਟੇ ਬਾਅਦ ਜੀਪ ਤੋਂ ਤਾਇਆ ਰੋਂਦਾ ਰੋਂਦਾ ਉੱਤਰਿਆ ਕਿ ਆਪਾਂ ਤਾਂ ਲੁੱਟੇ ਗਏ , ਮੁੱਕ ਗਿਆ ਮੇਰਾ ਭਰਾ .... ਤਾਇਆ ਵਿਹੜੇ ਚ ਬੈਠ ਧਾਹਾਂ ਮਾਰਨ ਲੱਗਾ । ਫਿਰ ਐਂਬੂਲੈਂਸ ਆਈ ਤੇ ਇੱਕ ਦੋ ਹੋਰ ਗੱਡੀਆਂ ਤੇ ਇੱਕ ਟਰੈਕਟਰ -ਟਰਾਲੀ ਜਿਸਤੇ ਬਾਪੂ ਦਾ ਸਕੂਟਰ ਰੱਖਿਆ ਹੋਇਆ ਸੀ। ਘਰ ਚ ਇਕੱਠ ਹੋਣਾ ਸ਼ੁਰੂ ਹੋ ਗਿਆ। ਕੋਈ ਬਾਪੂ ਦੀ ਲਾਸ਼ ਨੂੰ ਗੱਡੀ ਚੋ ਲੁਆ ਰਿਹਾ ਸੀ ਤੇ ਕੋਈ ਬਾਪੂ ਦਾ ਸਕੂਟਰ । ਮੈਂ ਡਰਿਆ ਸਹਿਮਿਆ ਭੂਆ ਦੀ ਬੁੱਕਲ ਚ ਬੈਠਾ ਸੀ, ਰੋ ਰਿਹਾ ਸੀ। ਬਾਪੂ ਨੂੰ ਨੁਹਾਉਣ ਲਈ ਲੈ ਗਏ। ਭੂਆ ਮੈਨੂੰ ਚੁੱਕ ਕੇ ਸਕੂਟਰ ਕੋਲ੍ਹ ਚਲੀ ਗਈ ਤੇ ਉਹਦੀ ਭੁੱਬ ਨਿਕਲ ਗਈ। ਮੇਰੀ ਨਿਗ੍ਹਾ ਸਕੂਟਰ ਮਗਰ ਬੰਨ੍ਹੇ ਉਸ ਖਿਡੌਣੇ ਟਰੈਕਟਰ ਤੇ ਪਈ ਜੋ ਬਾਪੂ ਬਿਨ੍ਹਾਂ ਦੱਸੇ ਮੇਰੇ ਲਈ ਲੈ ਕੇ ਆ ਰਿਹਾ ਸੀ। ਮੇਰੀਆਂ ਅੱਖਾਂ ਤਿੱਪ ਤਿੱਪ ਚੋਣ ਲੱਗੀਆਂ । ਭੂਆ ਨੇ ਮੈਨੂੰ ਜ਼ੋਰ ਦੇਣੇ ਘੁੱਟ ਲਿਆ ਤੇ ਕਮਰੇ ਚ ਲੈ ਕੇ ਚਲੀ ਗਈ । ਮੈਂ ਕੰਬ ਰਿਹਾ ਸੀ ਤੇ ਭੂਆ ਮੈਨੂੰ ਕਲਾਵੇ ਚ ਘੁੱਟੀ ਬੈਠੀ ਸੀ ਜਿਵੇਂ ਮੈਂ ਉਸਦਾ ਵੀਰ ਹੋਵਾਂ ਤੇ ਮੈਨੂੰ ਮੁੜ ਤੋਂ ਖੋਹਣ ਤੋਂ ਡਰ ਰਹੀ ਹੋਵੇ ਤੇ ਇੱਕ ਦੋ ਵਾਰ ਉਸਦੇ ਮੂੰਹੋਂ ਨਿਕਲਿਆ ਕਿ ਨਾ ਲਛਮਣ ਰੋ ਨਾ, ਤੇਰੀ ਭੈਣ ਹੈਗੀ ਆ... ਫ਼ਿਕਰ ਨਾ ਕਰ । ਭੂਆ ਦਾ ਆਵਦਾ ਤੌਰ ਚੁੱਕਿਆ ਗਿਆ ਸੀ ।

ਬਾਪੂ ਨੂੰ ਨਵਾਉਣ ਲੱਗੇ ਉਸਦੇ ਗੀਜ਼ੇ ਚੋ ਆੜਤੀਆ ਦੇ ਦਿੱਤੇ ਚੈੱਕ ਨਿਕਲੇ ਜੋ ਵੱਡੇ ਫੁੱਫੜ ਜੀ ਨੂੰ ਸਾਂਭਣ ਲਈ ਫੜ੍ਹਾ ਦਿੱਤੇ । ਬਾਪੂ ਦਾ ਸੰਸਕਾਰ ਹੋ ਗਿਆ । ਬਾਪੂ ਦਾ ਸਕੂਟਰ ਦਲਾਨ ਨਾਲ ਲੱਗਦੇ ਛਟਰ ਵਾਲੇ ਕਮਰੇ ਚ ਸਾਂਭ ਦਿੱਤਾ ਤੇ ਉਹ ਨਿੱਕਾ ਟਰੈਕਟਰ ਵੀ ਉਵੇਂ ਹੀ ਸਕੂਟਰ ਮਗਰ ਬੰਨਿਆ ਹੋਇਆ । ਉਹ ਛਟਰ ਵਾਲਾ ਕਮਰਾ ਮੇਰੀ ਸੁਰਤ ਚ ਬੰਦ ਹੀ ਰਹਿੰਦਾ ਤੇ ਕਿਸੇ ਦੀ ਹਿੰਮਤ ਹੀ ਨਹੀਂ ਸੀ ਪਈ ਕਿ ਬਾਪੂ ਦਾ ਸਕੂਟਰ ਠੀਕ ਕਰਾ ਕੇ ਵਰਤ ਲਈਏ ਤੇ ਟਰੈਕਟਰ ਨਾਲ ਖੇਡ ਲਈਏ । ਮੈਂ ਤੇ ਮਾਂ ਦੋਵੇਂ ਕੈਨੇਡਾ ਚਲੇ ਗਏ । ਪਿੰਡ ਪੰਜ ਸਾਲਾਂ ਬਾਅਦ ਗੇੜ੍ਹਾ ਲੱਗਦਾ ।

ਅੱਜ 25 ਵਰ੍ਹਿਆਂ ਬਾਅਦ ਮੈਂ ਆਵਦੇ ਪਰਿਵਾਰ ਸਮੇਤ ਪਿੰਡ ਆਇਆ ਤੇ ਨਾਲ ਇੱਕ ਨਵਾਂ ਜੀਅ ਵੀ ਸੀ ,ਉਹ ਸੀ ਮੇਰਾ ਪੁੱਤ । ਮਿਲਣ ਵਾਲੇ ਲੋਕ ਆਖ ਰਹੇ ਸੀ ਕਿ ਜਮ੍ਹਾ ਲਛਮਣ ਸਿੰਹੁ ਦਾ ਮੁਹਾਂਦਰਾਂ ਏ ਮੇਰੇ ਪੁੱਤ ਦਾ ।

ਐਤਵਾਰ ਵਾਲੇ ਦਿਨ ਪਤਾ ਨਹੀਂ ਮਨ ਚ ਕੀ ਆਇਆ ਕਿ ਉਸ ਸ਼ਾਮ ਮੈਂ ਉਹ ਛਟਰ ਵਾਲਾ ਕਮਰਾ ਖੋਲ ਲਿਆ ਤੇ ਮੇਰਾ ਬੇਟਾ ਮੇਰੀ ਗੋਦੀ ਤੋਂ ਉੱਤਰ ਸਕੂਟਰ ਕੋਲ ਜਾ ਖੜ੍ਹਾ ਹੋ ਗਿਆ ਤੇ ਸਕੂਟਰ ਤੇ ਲਾਲ ਲੀੜਾ ਦਿੱਤਾ ਹੋਇਆ ਸੀ ਪਰ ਅੱਧਾ ਲੀੜ੍ਹਾ ਲਹਿ ਗਿਆ ਸੀ । ਬੇਟੇ ਦੀ ਨਿਗ੍ਹਾ ਟਰੈਕਟਰ ਤੇ ਪਈ ਤੇ ਉਹ ਜ਼ਿੱਦ ਕਰਨ ਲੱਗਾ ਕਿ ਉਹ ਟਰੈਕਟਰ ਲੈਣਾ ਏ ਖੇਡਣ ਲਈ । ਮੈਂ ਭਰੇ ਜੇਹੇ ਮਨ ਨਾਲ ਲਾਲ ਲੀੜੇ ਨੂੰ ਖਿੱਚ ਲਿਆ ਤੇ ਸਾਰੀ ਮਿੱਟੀ ਸਾਡੇ ਦੋਵਾਂ ਤੇ ਪੈ ਗਈ । ਉਸ



ਮੈ ਨੂੰ

ਮਿੱਟੀ ਦੀ ਖੁਸ਼ਬੋ ਚੰਗੀ ਲੱਗੀ । ਮੈਂ ਸਕੂਟਰ ਨੂੰ ਰੇੜ੍ਹ ਕੇ ਵਿਹੜੇ ਚ ਲੈ ਆਇਆ । ਮਾਂ ਭਾਂਡੇ ਵਿੱਚੇ ਛੱਡ ਸਾਡੇ ਕੋਲ ਆ ਗਈ ... ਸ਼ਾਇਦ ਮੈਨੂੰ ਸਹਾਰਾ ਦੇਣ ਕਿ ਕਿਧਰੇ ਸਕੂਟਰ ਦੇਖ ਮੈਂ ਕਮਜ਼ੋਰ ਪੈ ਰੋਣ ਨਾ ਲੱਗ ਜਾਵਾਂ ਪਰ ਸਕੂਟਰ ਕੋਲ ਆ ਮਾਂ ਨੇ ਹਾਉਂਕਾ ਲਿਆ ਤੇ ਆਵਦੇ ਮੂੰਹ ਨੂੰ ਚੁੰਨੀ ਨਾਲ ਪੂੰਝਣ ਲੱਗੀ । ਮੈਂ ਸਕੂਟਰ ਸਾਫ਼ ਕੀਤਾ ਤੇ ਟਰੈਕਟਰ ਵੀ । ਟਰੈਕਟਰ ਬੇਟੇ ਨੂੰ ਖੇਡਣ ਲਈ ਦੇ ਦਿੱਤਾ ।

ਸਕੂਟਰ ਜੀਪ ਤੇ ਉਲੱਧ ਕੇ ਤਾਏ ਦੇ ਮੁੰਡੇ ਬਾਲ ਸ਼ਹਿਰ ਵੱਲ ਚੱਲ ਪਿਆ । ਠੀਕ ਕਰਾ ਸਕੂਟਰ ਨੂੰ ਫਿਰ ਤੋਂ ਨਵਾਂ ਬਣਾ ਲਿਆ । ਜੀਪ ਤਾਏ ਦਾ ਮੁੰਡਾ ਘਰ ਲੈ ਆਇਆ ਤੇ ਮੈਨੂੰ ਸਕੂਟਰ ਤੇ ਸ਼ਹਿਰੋਂ ਪਿੰਡ ਆਉਂਦੇ ਰਸਤੇ ਚ ਖਿਆਲ ਆਇਆ ਕਿ ਬਾਪੂ ਨੇ ਕੇਰਾਂ ਜੁੱਤੀ ਗੰਢਣੀ ਦਿੱਤੀ ਸੀ ਮੋਚੀ ਕੋਲ ਬੱਸ ਸਟੈਂਡ ਚ । ਪਤਾ ਨਹੀਂ ਕੀ ਸੋਚ ਮੈਂ ਸਕੂਟਰ ਫਿਰ ਤੋਂ ਸ਼ਹਿਰ ਵੱਲ ਮੋੜ ਲਿਆ ਤੇ ਬੱਸ ਸਟੈਂਡ ਚਲਾ ਗਿਆ । ਉੱਥੇ ਹੁਣ ਟਰੈਕਟਰ ਦੇ ਖਿਡੌਣਿਆਂ ਦੀ ਕੋਈ ਦੁਕਾਨ ਨਹੀਂ ਸੀ ।

ਬੱਸ ਸਟੈਂਡ ਜਾ ਕੇ ਮੈਂ ਉਸੇ ਜਗ੍ਹਾ ਬਣੀ ਨਵੀਂ ਥੜ੍ਹੀ ਤੇ ਕਿੰਨਾ ਚਿਰ ਬੈਠਾ ਰਿਹਾ ਤੇ ਫਿਰ ਉੱਥੋਂ ਉੱਠ ਕੇ ਉਹੀ ਮੋਚੀ ਕੋਲ ਗਿਆ ਜੋ ਕਿ ਹੁਣ ਬੁੱਢਾ ਹੋ ਚੁੱਕਾ ਸੀ । ਮੈਂ ਮੋਚੀ ਕੋਲ ਜਾ ਕੇ ਕਿਹਾ ਕਿ ਮੇਰੇ ਬਾਪੂ ਦੀ ਜੁੱਤੀ ਲੈ ਕੇ ਜਾਣੀ ਏ । ਮੋਚੀ ਨੇ ਕਿਹਾ , “ਕਿਸਦੀ ?”ਮੈਂ ਬਾਪੂ ਦੀ ਪਾਸਪੋਰਟ ਸਾਈਜ਼ ਫੋਟੋ ਬਟੂਏ ਚੋ ਕੱਢ ਕੇ ਦਿਖਾਈ । ਉਸ ਮੋਚੀ ਨੇ ਘੁੱਟ ਕੇ ਮੈਨੂੰ ਨਾਲ ਲਾ ਲਿਆ ਕਿ ਅੱਛਾ ਲਛਮਣ ਸਿੰਹੁ ਦਾ ਪੁੱਤ ਏ ਤੂੰ ਤੇ ਫਿਰ ਉਹ ਮੇਰਾ ਹੱਥ ਫੜ੍ਹ ਸੜ੍ਹਕ ਦੇ ਉਸ ਪਾਰ ਇੱਕ ਵੱਡੇ ਸਾਰੇ ਜੁੱਤੀਆਂ ਦੇ ਸ਼ੋਅ ਰੂਮ ਚ ਲੈ ਗਿਆ ਤੇ ਇਸ਼ਾਰਾ ਕਰ ਫਰੇਮ ਚ ਜੜ੍ਹੀਆਂ ਕੰਧ ਤੇ ਲੱਗਾ ਜੁੱਤੀ ਦਾ ਜੋੜਾ ਦਿਖਾਇਆ ਤੇ ਕਿਹਾ ਕਿ ਪਤਾ ਇਹ ਜੁੱਤੀ ਮੈਂ ਬਹੁਤ ਸਾਂਭ ਕੇ ਰੱਖੀ ਏ । ਲਛਮਣ ਸਿੰਹੁ ਕੱਲ ਦਾ ਕਹਿ ਮੁੜ ਜੁੱਤੀ ਲੈਣ ਨਹੀਂ ਆਇਆ ਪਰ ਜਿਸ ਦਿਨ ਦੀ ਇਹ ਜੁੱਤੀ ਮੇਰੀ ਦੁਕਾਨ ਤੇ ਆਈ ਏ ਮੇਰੇ ਕੰਮ ਚ ਬਰਕਤ ਆਈ ਏ ਤੇ ਹੋ ਸਕਦਾ ਮੇਰਾ ਵਹਿਮ ਹੀ ਹੋਵੇ ਪਰ ਮੈਂ ਇਹ ਜੁੱਤੀ ਨੂੰ ਰੱਬ ਵਾਂਗ ਪੂਜਦਾ । ਮੈਂ ਇੱਕ ਵਾਰ ਫਿਰ ਸੁੰਨ ਜਿਹਾ ਹੋ ਕੇ ਜੁੱਤੀ ਨੂੰ ਇੱਕਟਕ ਦੇਖਣ ਲੱਗਾ ਤੇ ਬੁੱਢੇ ਮੋਚੀ ਨੂੰ ਤਰਲਾ ਜੇਹਾ ਪਾ ਕੇ ਕਿਹਾ ਕਿ ਇਹ ਜੋੜਾ ਮੈਨੂੰ ਦੇ ਦਿਉ , ਮੈਂ ਜੋ ਕੀਮਤ ਕਹੋਗੇ ਦੇ ਦੇਵਾਂਗਾ । ਬੁੱਢੇ ਮੋਚੀ ਨੇ ਆਵਦੇ ਪੁੱਤ ਨੂੰ ਕਹਿ ਮੈਨੂੰ ਉਹ ਜੁੱਤੀ ਪੈਕ ਕਰਕੇ ਦੇ ਦਿੱਤੀ । ਮੈਂ ਆਉਂਦਾ ਆਉਂਦਾ ਉਸਤੋਂ ਪੁੱਛਣਾ ਜਰੂਰੀ ਸਮਝਿਆ ਕਿ ਜੇ ਐਨਾ ਵੱਡਾ ਸ਼ੋਅ ਰੂਮ ਏ ਤਾਂ ਤੁਸੀਂ ਬੱਸ ਸਟੈਂਡ ਧੁੱਪ ਚ ਨਿੱਕੀ ਜੇਹੀ ਦੁਕਾਨ ਤੇ ਕਿਉਂ ਕੰਮ ਕਰਦੇ ਹੋ । ਬੁੱਢੇ ਮੋਚੀ ਨੇ ਚਿੱਟੇ ਮੋਤੀਏ ਉਤਰੇ ਵਾਲੀਆਂ ਅੱਖਾਂ ਭਰ ਕਿਹਾ ਕਿ ਮੇਰੇ ਪਿਉ ਨੇ ਉਹ ਦੁਕਾਨ ਸ਼ੁਰੂ ਕੀਤੀ ਸੀ ਤੇ ਮੈਨੂੰ ਉਸ ਦੁਕਾਨ ਤੇ ਬਹਿ ਕੇ ਬਹੁਤ ਸਕੂਨ ਮਿਲਦਾ ਤੇ ਐਂਵੇ ਲੱਗਦਾ ਜਿਵੇਂ ਮੇਰਾ ਪਿਉ ਮੇਰੇ ਕੋਲ ਬੈਠਾ ਹੋਵੇ । ਮੈਂ ਉਦਾਸ ਜੇਹਾ ਹੋ ਉਹਨਾਂ ਤੋਂ ਅਲਵਿਦਾ ਲੈ ਕੇ ਸਕੂਟਰ ਤੇ ਘਰ ਆਇਆ ।

ਘਰ ਪਹੁੰਚਿਆ ਤਾਂ ਮਾਂ ਫ਼ਿਕਰ ਕਰ ਰਹੀ ਸੀ ਕਿ ਕਿੰਨਾ ਕੁਵੇਲਾ ਕਰ ਦਿੱਤਾ ਸ਼ਹਿਰੋਂ ਘਰ ਆਉਣ ਚ ਤੇ ਫੋਨ ਵੀ ਬੰਦ ਜੁ ਹੋ ਗਿਆ ਸੀ । ਪਰ ਉਹਦੀ ਨਿਗ੍ਹਾ ਜਦ ਬਾਪੂ ਵਾਲੇ ਸਕੂਟਰ ਤੇ ਪਈ ਤੇ ਉਹ ਬਹੁਤ ਹੈਰਾਨ ਹੋਈ । ਉਹ ਵਾਰ ਵਾਰ ਸਕੂਟਰ ਨੂੰ ਹੱਥ ਲਗਾ ਕੇ ਦੇਖ ਰਹੀ ਸੀ ਤੇ ਮੇਰਾ ਮੱਥਾ ਚੁੰਮ ਕੇ ਉਸ ਆਖਿਆ , “ਮੇਰਾ ਬਹਾਦਰ ਪੁੱਤ ..” ਕਿਉਂਕਿ ਉਹਨੂੰ ਹਮੇਸ਼ਾ ਲੱਗਦਾ ਹੁੰਦਾ ਸੀ ਕਿ ਮੈਂ ਬਾਪੂ ਦੀਆਂ ਚੀਜ਼ਾਂ ਦਾ ਸਾਹਮਣਾ ਨਹੀਂ ਕਰ ਪਾਵਾਂਗਾ , ਤਾਹੀਂ ਉਹਨੇ ਪਿੰਡ ਛੱਡ ਪ੍ਰਦੇਸ਼ ਰਹਿਣਾ ਸਹੀ ਸਮਝਿਆ । ਸਹੀ ਵੀ ਸੀ ਉਦੋਂ ਮੈਂ ਬਾਪੂ ਦੇ ਜਾਣ ਮਗਰੋਂ ਰੋਜ਼ ਰਾਤ ਨੂੰ ਸੁੱਤਾ ਸੁੱਤਾ ਬੁੜਕ ਕੇ ਉੱਠ ਜਾਂਦਾ ਤੇ ਬਾਪੂ ਨਾ ਜਾ ਛੱਡ ਕੇ ਕਹਿ ਕੇ ਰੋਣ ਲੱਗ ਜਾਂਦਾ । ਮਾਂ ਮੇਰੇ ਤੇ ਅੱਜ ਮਾਣ ਮਹਿਸੂਸ ਕਰ ਰਹੀ ਸੀ ਕਿ ਮੈਂ ਪਾਸਟ ਨੂੰ ਸਵੀਕਾਰ ਲਿਆ ਹੈ ।

ਮੈਂ ਮੰਜੇ ਤੇ ਬੈਠ ਮਾਂ ਨੂੰ ਫਰੇਮ ਚ ਜੜ੍ਹੀ ਜੁੱਤੀ ਦਿਖਾਈ ਤੇ ਕਿਹਾ ਕਿ ਯਾਦ ਆ ਕੇਰਾਂ ਬਾਪੂ ਨੰਗੇ ਪੈਰੀਂ ਸ਼ਹਿਰੋਂ ਆਇਆ ਸੀ ਤੇ

ਪੈਸੇ ਨਾ ਹੋਣ ਕਰਕੇ ਮੁੜ ਜੁੱਤੀ ਚੁੱਕਣ ਨਹੀਂ ਗਿਆ ਦੁਕਾਨ ਤੋਂ । ਉਦੋਂ ਦੀ ਪੰਜਾਹ ਰੁਪਏ ਦੀ ਜੁੱਤੀ ਦੀ ਕੀਮਤ ਹੁਣ ਕਰੋੜਾਂ ਏ ....। ਮਾਂ ਮੇਰੀਆਂ ਗੱਲਾਂ ਚ ਉਲਝ ਗਈ ਤੇ ਮੈਂ ਉਹਨੂੰ ਮੋਚੀ ਵਾਲੀ ਗੱਲ ਸੁਣਾਈ । ਮਾਂ ਨੇ ਅੱਖਾਂ ਭਰ ਲਈਆਂ ।ਐਨੇ ਨੂੰ ਮੇਰਾ ਪੁੱਤ ਟਰੈਕਟਰ ਦੇ ਮੂਹਰੇ ਲੱਗੇ ਵਾਜੇ ਨਾਲ ਪਾਂ ਪਾਂ ਕਰਦਾ ਮੇਰੇ ਕੋਲ ਆਇਆ ਤੇ ਕਹਿਣ ਲੱਗਾ , “ਪਾਪਾ ਦਿਸ ਇਜ ਦਾ ਬੈੱਸਟ ਗਿਫ਼ਟ ...” ਮੈਂ ਮੁਸਕਰਾ ਪਿਆ । ਐਨੇ ਨੂੰ ਮੇਰੀ ਘਰਵਾਲੀ ਪਾਣੀ ਦਾ ਗਿਲਾਸ ਲੈ ਕੇ ਆਈ ਕਿ ਮੈਂ ਪਾਣੀ ਦਾ ਗਿਲਾਸ ਹੱਥ ਚ ਫੜ੍ਹਿਆ ਤੇ ਮੇਰਾ ਪੁੱਤ ਮੇਰੇ ਕੋਲ ਆਇਆ ਤੇ ਮੇਰੇ ਹੱਥੋਂ ਪਾਣੀ ਦਾ ਗਿਲਾਸ ਫੜ੍ਹ ਆਪ ਸਾਰਾ ਪਾਣੀ ਪੀ ਗਿਆ । ਮੈਂ ਉਸ ਵੱਲ ਉਸੇ ਸਕੂਨ ਨਾਲ ਦੇਖ ਰਿਹਾ ਸੀ ਜਿਵੇਂ ਮੇਰਾ ਪਿਉ ਮੇਰੇ ਵੱਲ ਦੇਖ ਰਿਹਾ ਸੀ । ਪੀੜ੍ਹੀਆਂ ਬਦਲੀਆਂ ਰਹਿੰਦੀਆਂ ਪਰ ਸਮਾਂ ਪਿਛਲੀਆਂ ਪੀੜ੍ਹੀਆਂ ਨੂੰ ਫਿਰ ਸਾਡੇ ਵਿੱਚ ਲਿਆ ਕੇ ਖੜ੍ਹਾ ਕਰ ਦਿੰਦੀਆਂ ਹਨ ।

ਲਿਖਤ-ਜੈਸੀ



# FIFA World Cup 'ਚ ਸਭ ਤੋਂ ਵੱਧ ਗੋਲ Messi ਦੇ ਨਾਂ

ਮੌਜੂਦਾ ਚੈਂਪੀਅਨ ਅਰਜਨਟੀਨਾ ਦੇ ਕਪਤਾਨ ਲਿਓਨਲ ਮੈਸੀ ਨੇ ਬੀਤੀ ਦੇਰ ਰਾਤ ਇਤਿਹਾਸ ਰਚਦਿਆਂ ਫੀਫਾ ਆਲਮੀ ਕੱਪ ਵਿੱਚ ਸਭ ਤੋਂ ਵੱਧ ਗੋਲ ਕਰਨ ਦਾ ਨਵਾਂ ਰਿਕਾਰਡ ਬਣਾ ਦਿੱਤਾ ਹੈ। ਉਸ ਨੇ ਜਰਮਨੀ ਦੇ ਮਿਰੋਸਲਾਵ ਕਲੋਸੇ ਦੇ 16 ਗੋਲਾਂ ਦਾ ਰਿਕਾਰਡ ਤੋੜਿਆ। ਆਸਟਰੀਆ ਖ਼ਿਲਾਫ਼ ਖੇਡੇ ਗਏ ਮੁਕਾਬਲੇ ਵਿੱਚ ਅਰਜਨਟੀਨਾ ਨੇ 2-0 ਨਾਲ ਜਿੱਤ ਦਰਜ ਕੀਤੀ, ਜਿਸ ਵਿੱਚ ਮੈਸੀ ਨੇ ਮੈਚ ਦੇ 38ਵੇਂ ਮਿੰਟ ਵਿੱਚ ਆਪਣਾ 17ਵਾਂ ਅਤੇ ਫਿਰ ਆਖ਼ਰੀ ਪਲਾਂ ਵਿੱਚ 18ਵਾਂ ਆਲਮੀ ਕੱਪ ਗੋਲ ਦਾਗ਼ਿਆ। ਇਸ ਤੋਂ ਪਹਿਲਾਂ ਉਹ ਪੈਨਲਟੀ ਕਿੱਕ ਉੱਤੇ ਗੋਲ ਕਰਨ ਤੋਂ ਖੁੰਝ ਗਿਆ ਸੀ। ਅਰਜਨਟੀਨਾ ਨੇ ਦੋਵੇਂ ਸ਼ੁਰੂਆਤੀ ਮੈਚ ਜਿੱਤ ਕੇ ਨਾਕਆਊਟ ਗੇੜ ਵਿੱਚ ਜਗ੍ਹਾ ਪੱਕੀ ਕਰ ਲਈ ਹੈ। ਟੀਮ ਨੇ ਦੋਵਾਂ ਮੈਚਾਂ ਵਿੱਚ ਹੁਣ ਤੱਕ ਪੰਜ ਗੋਲ ਕੀਤੇ ਹਨ ਅਤੇ ਪੰਜੇ ਮੈਸੀ ਦੇ ਨਾਮ ਹੀ ਹਨ। ਇਸ ਮਗਰੋਂ ਨਾਰਵੇ ਨੇ ਵੀ ਸੈਨੇਗਾਲ ਨੂੰ 3-2 ਨਾਲ ਹਰਾ ਕੇ ਅਗਲੇ ਗੇੜ ਜਗ੍ਹਾ ਬਣਾ ਲਈ। ਨਾਰਵੇ ਲਈ ਸਟ੍ਰਾਈਕਰ ਅਰਲਿੰਗ ਹਾਲੈਂਡ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਦੋ ਗੋਲ ਕੀਤੇ। ਹਾਲੈਂਡ ਨੇ ਵਿਸ਼ਵ ਕੱਪ ਦੇ ਆਪਣੇ ਪਹਿਲੇ ਦੋ ਮੈਚਾਂ ਵਿੱਚ ਦੋ-ਦੋ ਗੋਲ ਕਰਨ ਦੇ ਰਿਕਾਰਡ ਦੀ ਬਰਾਬਰੀ ਵੀ ਕਰ ਲਈ ਹੈ।

ਇੱਕ ਹੋਰ ਮੈਚ ਵਿੱਚ ਅਲਜੀਰੀਆ ਨੇ ਜੌਰਡਨ ਨੂੰ 2-1 ਨਾਲ ਹਰਾ ਕੇ ਨਾਕਆਊਟ ਗੇੜ 'ਚ ਪਹੁੰਚਣ ਦੀਆਂ ਉਮੀਦਾਂ ਬਰਕਰਾਰ ਰੱਖੀਆਂ ਹਨ।

### ਇਰਾਕ ਨੂੰ ਹਰਾ ਕੇ ਫਰਾਂਸ ਵੀ ਨਾਕਆਊਟ ਗੇੜ 'ਚ

ਫਿਲਾਡੇਲਫੀਆ: ਫਰਾਂਸ ਨੇ ਆਲਮੀ ਕੱਪ ਦੇ ਮੁਕਾਬਲੇ ਵਿੱਚ ਇਰਾਕ ਨੂੰ 3-0 ਨਾਲ ਹਰਾ ਕੇ ਨਾਕਆਊਟ ਗੇੜ ਵਿੱਚ ਜਗ੍ਹਾ ਬਣਾ ਲਈ ਹੈ। ਫਰਾਂਸ ਦੇ ਸਟਾਰ ਖਿਡਾਰੀ ਕਿਲੀਅਨ ਐੱਮਬਾਪੇ ਨੇ ਆਪਣੇ 100ਵੇਂ ਕੌਮਾਂਤਰੀ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 14ਵੇਂ ਅਤੇ 54ਵੇਂ ਮਿੰਟ ਵਿੱਚ ਦੋ ਗੋਲ ਕੀਤੇ। ਇਨ੍ਹਾਂ ਗੋਲਾਂ ਦੀ ਬਦੌਲਤ ਉਹ ਵਿਸ਼ਵ ਕੱਪ ਇਤਿਹਾਸ ਵਿੱਚ 16 ਗੋਲ ਕਰ ਕੇ ਜਰਮਨੀ ਦੇ ਮਿਰੋਸਲਾਵ ਕਲੋਸੇ ਨਾਲ ਸਾਂਝੇ ਤੌਰ 'ਤੇ ਦੂਜੇ ਸਥਾਨ 'ਤੇ ਪਹੁੰਚ ਗਿਆ ਹੈ। ਟੀਮ ਲਈ ਤੀਜਾ ਗੋਲ ਓਸਮਾਨ ਡੈਂਬੇਲੇ ਨੇ ਕੀਤਾ। ਖ਼ਰਾਬ ਮੌਸਮ ਅਤੇ ਭਾਰੀ ਮੀਂਹ ਕਾਰਨ ਮੈਚ ਅੱਧੇ ਸਮੇਂ ਦੌਰਾਨ ਕਰੀਬ ਦੋ ਘੰਟੇ ਲਈ ਰੋਕਣਾ ਪਿਆ।

# ਪਿੰਡ ਲੇਹਲ ਖ਼ੁਰਦ ਦੇ ਅਮਰਿੰਦਰ ਪਾਲ ਸਿੰਘ ਦੀ ਸੀਨੀਅਰ ਭਾਰਤੀ ਵਾਲੀਬਾਲ ਟੀਮ ਵਿਚ ਚੋਣ



ਲਹਿਰਾਗਾਗਾ: ਜ਼ਿਲ੍ਹਾ ਸੰਗਰੂਰ ਦੇ ਪਿੰਡ ਲੇਹਲ ਖ਼ੁਰਦ ਦੇ ਹੋਣਹਾਰ ਵਾਲੀਬਾਲ ਖਿਡਾਰੀ ਅਮਰਿੰਦਰ ਪਾਲ ਸਿੰਘ ਨੇ ਅੰਤਰਰਾਸ਼ਟਰੀ ਪੱਧਰ 'ਤੇ ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਅਮਰਿੰਦਰ ਪਾਲ ਸਿੰਘ ਪੁੱਤਰ ਜਗਦੇਵ ਸਿੰਘ ਦੀ ਚੋਣ ਸੀਨੀਅਰ ਭਾਰਤੀ ਵਾਲੀਬਾਲ ਟੀਮ ਵਿਚ ਹੋਈ ਹੈ ਅਤੇ ਉਹ ਇਸ ਸਮੇਂ ਗੁਜਰਾਤ ਦੇ ਅਹਿਮਦਾਬਾਦ ਵਿਖੇ ਚੱਲ ਰਹੇ ਏਵੀਸੀ ਕੱਪ (ਏਸ਼ੀਅਨ ਵਾਲੀਬਾਲ ਕਨਫੈਡਰੇਸ਼ਨ ਕੱਪ) ਵਿਚ ਭਾਰਤੀ ਟੀਮ ਦੀ ਨੁਮਾਇੰਦਗੀ ਕਰ ਰਹੇ ਹਨ।

ਅਮਰਿੰਦਰ ਪਾਲ ਸਿੰਘ ਦੀ ਇਹ ਪ੍ਰਾਪਤੀ ਖੇਡ ਜਗਤ ਲਈ ਮਾਣ ਵਾਲੀ ਗੱਲ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜਨਵਰੀ 2026 ਵਿਚ ਹੋਈ ਸੀਨੀਅਰ ਨੈਸ਼ਨਲ ਵਾਲੀਬਾਲ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਰਾਊਨ ਮੈਡਲ ਜਿਤਿਆ ਸੀ। ਉਨ੍ਹਾਂ ਦੀਆਂ ਇਨ੍ਹਾਂ ਸਫਲਤਾਵਾਂ ਪਿੱਛੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਸਹਾਇਕ ਡਾਇਰੈਕਟਰ ਸਰਦਾਰ ਦਲ ਸਿੰਘ ਬਰਾੜ ਦੀ ਮਿਹਨਤ, ਸਿਖਲਾਈ ਅਤੇ ਮਾਰਗਦਰਸ਼ਨ ਨੂੰ ਅਹਿਮ ਯੋਗਦਾਨ ਮੰਨਿਆ ਜਾ ਰਿਹਾ ਹੈ। ਅਮਰਿੰਦਰ ਪਾਲ ਸਿੰਘ ਦੀ ਇਸ ਉਪਲਬਧੀ 'ਤੇ ਸੁੱਖ ਸਾਹੋਕੇ, ਡਾ. ਅੰਮ੍ਰਿਤ ਪਾਲ, ਬੇਅੰਤ ਸਿੰਘ, ਚਮਕੌਰ ਸਿੰਘ, ਨੀਟਾ, ਗੁਰਦੀਪ ਮੌੜ, ਨਰਿੰਦਰ ਮੌੜ, ਸਬ ਇੰਸਪੈਕਟਰ ਸ਼ਮਸ਼ੇਰ ਸਿੰਘ ਅਤੇ ਜ਼ਿਲ੍ਹਾ ਵਾਲੀਬਾਲ ਐਸੋਸੀਏਸ਼ਨ ਸੰਗਰੂਰ ਦੇ ਸਮੂਹ ਮੈਂਬਰਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿਤੀ ਹੈ।

# ਭਾਰਤ ਨੇ ਲੰਡਨ 'ਚ FIH ਪ੍ਰੋ ਲੀਗ ਮੈਚ 'ਚ ਪਾਕਿਸਤਾਨ ਨੂੰ 4-3 ਨਾਲ ਹਰਾਇਆ



ਲੰਡਨ: FIH ਪ੍ਰੋ ਲੀਗ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਏ ਭਾਰਤ-ਪਾਕਿਸਤਾਨ ਮਹਾਂ-ਮੁਕਾਬਲੇ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ 'ਤੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 4-3 ਨਾਲ ਹਰਾ ਦਿੱਤਾ। ਦੋ ਸਾਲਾਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਹੋਏ ਇਸ ਮੁਕਾਬਲੇ ਵਿੱਚ ਸ਼ੁਰੂਆਤ 'ਚ ਪਿਛੜਨ ਤੋਂ ਬਾਅਦ ਟੀਮ ਇੰਡੀਆ ਨੇ ਜ਼ਬਰਦਸਤ ਵਾਪਸੀ ਕੀਤੀ ਅਤੇ ਮੈਚ ਨੂੰ ਪੂਰੀ ਤਰ੍ਹਾਂ ਆਪਣੇ ਨਾਮ ਕਰ ਲਿਆ। ਇਸ ਮੁਕਾਬਲੇ ਵਿੱਚ ਸਿਰਫ਼ ਪਹਿਲਾ ਕੁਆਰਟਰ ਭਾਰਤ ਦੇ ਨਾਮ ਨਹੀਂ ਰਿਹਾ, ਪਰ ਅਗਲੇ ਤਿੰਨ ਕੁਆਰਟਰਾਂ ਵਿੱਚ ਭਾਰਤ ਨੇ ਆਪਣਾ ਦਬਦਬਾ ਬਣਾਈ ਰੱਖਿਆ।

### ਪਾਕਿਸਤਾਨ ਨੂੰ ਮਿਲੀ ਸੀ ਸ਼ੁਰੂਆਤੀ ਬੜ੍ਹਤ

ਮੈਚ ਦੀ ਸ਼ੁਰੂਆਤ ਦੋਵਾਂ ਹੀ ਟੀਮਾਂ ਦੀ ਆਕ੍ਰਮਕ (ਹਮਲਾਵਰ) ਹਾਕੀ ਨਾਲ ਹੋਈ। ਖੇਡ ਦੇ ਸ਼ੁਰੂਆਤੀ ਮਿੰਟਾਂ ਵਿੱਚ ਹੀ ਪਾਕਿਸਤਾਨ ਨੇ ਭਾਰਤੀ ਟੀਮ 'ਤੇ ਦਬਾਅ ਬਣਾਇਆ। ਪਾਕਿਸਤਾਨ ਨੂੰ ਬੈਕ-ਟੂ-ਬੈਕ (ਲਗਾਤਾਰ) ਦੋ ਪੈਨਲਟੀ ਕਾਰਨਰ ਮਿਲੇ। ਪਹਿਲੀ ਕੋਸ਼ਿਸ਼ ਵਿੱਚ ਉਹ ਖੁੰਝ ਗਏ, ਪਰ ਦੂਜੇ ਮੌਕੇ 'ਤੇ ਅਹਿਮਦ ਨਦੀਮ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਸ਼ਾਨਦਾਰ ਗੋਲ ਕਰਕੇ ਪਾਕਿਸਤਾਨ ਨੂੰ 1-0 ਦੀ ਸ਼ੁਰੂਆਤੀ ਬੜ੍ਹਤ ਦਿਵਾ ਦਿੱਤੀ। ਕੁਆਰਟਰ ਦੇ ਆਖਰੀ ਮਿੰਟਾਂ ਵਿੱਚ ਭਾਰਤ ਨੂੰ ਵਾਪਸੀ ਦੇ ਕਈ ਮੌਕੇ ਮਿਲੇ, ਪਰ ਟੀਮ ਇੰਡੀਆ ਇਸ ਕੁਆਰਟਰ ਦੇ ਅੰਤ ਤੱਕ ਇੱਕ ਵੀ ਗੋਲ ਨਹੀਂ ਕਰ ਸਕੀ ਅਤੇ ਪਾਕਿਸਤਾਨ ਨੇ ਸ਼ੁਰੂਆਤੀ ਬੜ੍ਹਤ ਹਾਸਲ ਕਰ ਲਈ।

### ਦੂਜੇ ਕੁਆਰਟਰ ਤੋਂ ਭਾਰਤ ਨੇ ਪਲਟ ਦਿੱਤੀ ਬਾਜ਼ੀ

ਦੂਜੇ ਕੁਆਰਟਰ ਵਿੱਚ ਭਾਰਤੀ ਟੀਮ ਇੱਕ ਵੱਖਰੀ ਹੀ ਰਣਨੀਤੀ ਅਤੇ ਆਕ੍ਰਾਮਕਤਾ (ਹਮਲਾਵਰ ਰੁਖ਼) ਨਾਲ ਮੈਦਾਨ ਵਿੱਚ ਉਤਰੀ। ਦਿਲਪ੍ਰੀਤ ਸਿੰਘ ਨੇ ਇਕੱਲੇ ਆਪਣੇ ਦਮ 'ਤੇ ਇੱਕ ਬਿਹਤਰੀਨ ਮੂਵ ਬਣਾਇਆ ਅਤੇ ਗੋਲ 'ਤੇ ਸਿੱਧਾ ਨਿਸ਼ਾਨਾ ਸਾਧਿਆ। ਪਾਕਿਸਤਾਨੀ ਕੀਪਰ ਨੇ ਇਸ ਨੂੰ ਬਲਾਕ ਕੀਤਾ, ਪਰ ਪਰਤਦੀ ਗੇਂਦ 'ਤੇ ਮੁਸਤੈਦ ਖੜ੍ਹੇ ਅਭਿਸ਼ੇਕ ਨੇ ਫੁਰਤੀ ਨਾਲ ਸ਼ਾਟ ਮਾਰ ਕੇ ਭਾਰਤ ਨੂੰ 1-1 ਦੀ ਬਰਾਬਰੀ ਦਿਵਾ ਦਿੱਤੀ। ਭਾਰਤ ਨੇ ਆਪਣਾ ਹਮਲਾ ਜਾਰੀ ਰੱਖਿਆ ਅਤੇ ਜਲਦੀ ਹੀ ਨੀਲਕਾਂਤ ਸ਼ਰਮਾ ਨੇ ਮੈਚ ਵਿੱਚ ਭਾਰਤ ਦਾ ਦੂਜਾ ਗੋਲ ਦਾਗ ਦਿੱਤਾ। ਇਹ ਨੀਲਕਾਂਤ ਦੇ ਅੰਤਰਰਾਸ਼ਟਰੀ ਕਰੀਅਰ ਦਾ 19ਵਾਂ ਗੋਲ ਸੀ। ਇਸ ਗੋਲ ਦੀ ਮਦਦ ਨਾਲ ਭਾਰਤ ਨੇ ਮੈਚ ਵਿੱਚ ਪਹਿਲੀ ਵਾਰ 2-1 ਦੀ ਬੜ੍ਹਤ ਬਣਾ ਲਈ ਅਤੇ ਹਾਫ-ਟਾਈਮ ਤੱਕ ਇਸੇ ਸਕੋਰ ਨੂੰ ਬਰਕਰਾਰ ਰੱਖਿਆ।

# FIFA World Cup Final: ਫੁੱਟਬਾਲ ਵਿਸ਼ਵ ਕੱਪ ਫਾਈਨਲ ਦੌਰਾਨ ਮੌਜੂਦ ਰਹਿਣਗੇ ਟਰੰਪ



ਫੀਫਾ ਦੇ ਪ੍ਰਧਾਨ ਗਿਆਨੀ ਇਨਫਾਂਟੀਨੋ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 19 ਜੁਲਾਈ ਨੂੰ ਨਿਊ ਜਰਸੀ ਦੇ ਈਸਟ ਰਦਰਫੋਰਡ ਵਿੱਚ ਹੋਣ ਵਾਲੇ ਫੁਟਬਾਲ ਵਿਸ਼ਵ ਕੱਪ ਫਾਈਨਲ ਵਿੱਚ ਸ਼ਾਮਲ ਹੋਣਗੇ ਅਤੇ ਜੇਤੂ ਟੀਮ ਨੂੰ ਟਰਾਫ਼ੀ ਸੌਂਪਣ ਦੇ ਸਮਾਰੋਹ ਵਿੱਚ ਉਨ੍ਹਾਂ ਨਾਲ ਮੌਜੂਦ ਰਹਿਣਗੇ।

ਫਾਕਸ ਐਂਡ ਫ੍ਰੈਂਡਜ਼ ਨਾਲ ਗੱਲਬਾਤ ਦੌਰਾਨ ਇਨਫਾਂਟੀਨੋ ਨੇ ਕਿਹਾ ਕਿ ਉਹ ਰਾਸ਼ਟਰਪਤੀ ਟਰੰਪ ਨਾਲ ਮਿਲ ਕੇ ਫਾਈਨਲ ਦਾ ਆਨੰਦ ਮਾਣਨਗੇ ਅਤੇ ਜੇਤੂ ਟੀਮ ਨੂੰ ਟਰਾਫ਼ੀ ਵੀ ਇਕੱਠੇ ਹੀ ਪ੍ਰਦਾਨ ਕਰਨਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਅਤੇ ਟਰੰਪ ਇਕੱਠੇ ਟਰਾਫ਼ੀ ਸੌਂਪਣਗੇ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਬਿਲਕੁਲ ਉਹ ਅਕਸਰ ਇਕੱਠੇ ਹੀ ਹੁੰਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਟਰੰਪ ਕਲੱਬ ਵਿਸ਼ਵ ਕੱਪ ਫਾਈਨਲ ਦੇ ਇਨਾਮ ਵੰਡ ਸਮਾਰੋਹ ਵਿੱਚ ਸ਼ਾਮਲ ਹੋਏ ਸਨ, ਜਿੱਥੇ ਚੈਲਸੀ ਨੇ ਪੈਰਿਸ ਸੇਂਟ ਜਰਮੇਨ ਨੂੰ 3-0 ਨਾਲ ਹਰਾ ਕੇ ਖ਼ਿਤਾਬ ਜਿੱਤਿਆ ਸੀ। ਉਸ ਮੌਕੇ ਟਰੰਪ ਟਰਾਫ਼ੀ ਚੁੱਕਣ ਸਮੇਂ ਵੀ ਚੈਲਸੀ ਦੇ ਖਿਡਾਰੀਆਂ ਨਾਲ ਮੰਚ 'ਤੇ ਮੌਜੂਦ ਰਹੇ ਸਨ। ਬਾਅਦ ਵਿੱਚ ਇਹ ਟਰਾਫ਼ੀ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਵਿੱਚ ਵੀ ਦੇਖੀ ਗਈ ਸੀ, ਜਦਕਿ ਚੈਲਸੀ ਨੂੰ ਇਸ ਦੀ ਪ੍ਰਤੀਰੂਪ ਟਰਾਫ਼ੀ ਦਿੱਤੀ ਗਈ ਸੀ।

'ਦਿ ਐਥਲੈਟਿਕ' ਦੀ ਰਿਪੋਰਟ ਅਨੁਸਾਰ ਫੀਫਾ ਪ੍ਰਧਾਨ ਇਨਫਾਂਟੀਨੋ ਇਸ ਵਿਸ਼ਵ ਕੱਪ ਦੌਰਾਨ ਵੱਧ ਤੋਂ ਵੱਧ ਮੈਚਾਂ ਵਿੱਚ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਹੁਣ ਤੱਕ ਉਹ ਇੱਕ ਦਿਨ ਵਿੱਚ ਦੋ ਮੈਚਾਂ ਤੱਕ ਦੇਖ ਚੁੱਕੇ ਹਨ। ਹਾਲਾਂਕਿ ਡੋਨਲਡ ਟਰੰਪ ਨੇ ਅਜੇ ਤੱਕ ਮੈਦਾਨ ਵਿਚ ਇਸ ਸਾਲ ਦੇ ਵਿਸ਼ਵ ਕੱਪ ਦਾ ਕੋਈ ਮੈਚ ਨਹੀਂ ਦੇਖਿਆ ਹੈ।

# ਵੈਭਵ ਸੂਰਿਆਵੰਸ਼ੀ ਨੂੰ ਟੀਮ ਇੰਡੀਆ ਦੀ ਨੰਬਰ 3 ਜਰਸੀ ਮਿਲੀ




ਨਵੀਂ ਦਿੱਲੀ : ਵੈਭਵ ਸੂਰਿਆਵੰਸ਼ੀ ਮੰਗਲਵਾਰ ਨੂੰ ਟੀਮ ਇੰਡੀਆ ਦੀ ਸੀਨੀਅਰ ਟੀਮ ਨਾਲ ਆਇਰਲੈਂਡ ਅਤੇ ਇੰਗਲੈਂਡ ਦੌਰੇ ਲਈ ਰਵਾਨਾ ਹੋਇਆ। ਬੀ.ਸੀ.ਸੀ.ਆਈ. ਨੇ ਉਸ ਨੂੰ ਉਸਦੇ ਹੋਟਲ 'ਚ ਨੰਬਰ 3 ਜਰਸੀ ਭੇਜੀ, ਜਿਸ ਨੂੰ ਸੂਰਿਆਵੰਸ਼ੀ ਲੰਬੇ ਸਮੇਂ ਤੱਕ ਵੇਖਦਾ ਰਿਹਾ। ਸੂਰਿਆਵੰਸ਼ੀ ਨੂੰ ਭਾਰਤੀ ਟੀਮ ਦੇ ਥ੍ਰੋਡਾਊਨ ਮਾਹਰ ਰਘੂ ਨੇ ਜਰਸੀ ਸੌਂਪੀ । ਸੂਰਿਆਵੰਸ਼ੀ ਨੇ ਪਹਿਲਾਂ ਰਘੂ ਦੇ ਪੈਰ ਛੂਹੇ ਅਤੇ ਉਸ ਨੂੰ ਮੱਥਾ ਟੇਕਿਆ, ਫਿਰ ਜਰਸੀ ਸਵੀਕਾਰ ਕੀਤੀ । ਪੂਰੀ ਘਟਨਾ ਕੈਮਰੇ ਵਿੱਚ ਰਿਕਾਰਡ ਹੋ ਗਈ। 15 ਸਾਲਾ ਸੂਰਿਆਵੰਸ਼ੀ ਨੂੰ ਪਹਿਲੀ ਵਾਰ ਭਾਰਤੀ ਟੀਮ ਲਈ ਚੁਣਿਆ ਗਿਆ ਹੈ । ਉਹ ਦੇਸ਼ ਦੀ ਰਾਸ਼ਟਰੀ ਟੀਮ ਲਈ ਚੁਣਿਆ ਜਾਣ ਵਾਲਾ ਸਭ ਤੋਂ ਘੱਟ ਉਮਰ ਦਾ ਖਿਡਾਰੀ ਹੈ । ਭਾਰਤੀ ਟੀਮ ਦਾ ਆਇਰਲੈਂਡ ਦੌਰਾ 26 ਜੂਨ ਤੋਂ ਸ਼ੁਰੂ ਹੋ ਰਿਹਾ ਹੈ, ਅਤੇ ਇੰਗਲੈਂਡ ਦੌਰਾ 1 ਜੁਲਾਈ ਤੋਂ ਸ਼ੁਰੂ ਹੋ ਰਿਹਾ ਹੈ। ਆਇਰਲੈਂਡ ਅਤੇ ਇੰਗਲੈਂਡ ਦੌਰੇ ਲਈ ਭਾਰਤੀ ਟੀ-20 ਟੀਮ : ਸ਼੍ਰੇਅਸ ਅਈਅਰ (ਕਪਤਾਨ), ਤਿਲਕ ਵਰਮਾ (ਉਪ-ਕਪਤਾਨ), ਵੈਭਵ ਸੂਰਿਆਵੰਸ਼ੀ, ਅਭਿਸ਼ੇਕ ਸ਼ਰਮਾ, ਸੰਜੂ ਸੈਮਸਨ, ਈਸ਼ਾਨ ਕਿਸ਼ਨ, ਸ਼ਿਵਮ ਦੂਬੇ, ਅਕਸ਼ਰ ਪਟੇਲ, ਵਾਸ਼ਿੰਗਟਨ ਸੁੰਦਰ, ਰਵੀ ਬਿਸ਼ਨੋਈ, ਮੁਹੰਮਦ ਸਿਰਾਜ, ਹਰਸ਼ਿਤ ਰਾਣਾ, ਅਰਸ਼ਦੀਪ ਸਿੰਘ ਅਤੇ ਪ੍ਰਿੰਸ ਯਾਦਵ।

# ਫੀਫਾ ਵਿਸ਼ਵ ਕੱਪ : ਜਿੱਤ ਮਗਰੋਂ ਕ੍ਰਿਸਟੀਆਨੋ ਰੋਨਾਲਡੋ ਨੇ ਕਿਹਾ-'I am back', ਆਲੋਚਕਾਂ ਨੂੰ ਦਿੱਤਾ ਠੋਕਵਾਂ ਜਵਾਬ



ਫੀਫਾ ਵਿਸ਼ਵ ਕੱਪ 2026 ਵਿਚ ਕ੍ਰਿਸਟੀਆਨੋ ਰੋਨਾਲਡੋ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਉਮਰ ਉਨ੍ਹਾਂ ਲਈ ਸਿਰਫ ਇਕ ਅੰਕੜਾ ਹੈ। ਉਜ਼ਬੇਕਿਸਤਾਨ ਖਿਲਾਫ ਪੁਰਤਗਾਲ ਦੀ 5-0 ਦੀ ਧਮਾਕੇਦਾਰ ਜਿੱਤ ਵਿਚ 2 ਗੋਲ ਦਾਗਣ ਦੇ ਬਾਅਦ ਰੋਨਾਲਡੋ ਨੇ ਕੈਮਰੇ ਵੱਲ ਦੇਖਦੇ ਹੋਏ ਕਿਹਾ-'I am back', ਇਹ ਸਿਰਫ ਇਕ ਜਸ਼ਨ ਨਹੀਂ ਸੀ ਸਗੋਂ ਉਨ੍ਹਾਂ ਆਲੋਚਕਾਂ ਨੂੰ ਜਵਾਬ ਸੀ ਕਿ ਜਿਨ੍ਹਾਂ ਨੇ ਪਿਛਲੇ ਹਫਤੇ ਉਨ੍ਹਾਂ ਦੇ ਕਰੀਅਰ ਤੇ ਟੀਮ ਵਿਚ ਜਗ੍ਹਾ 'ਤੇ ਸਵਾਲ ਚੁੱਕੇ ਸਨ।

ਡੀਆਰ ਕਾਂਗੋ ਖਿਲਾਫ ਪਹਿਲੇ ਮੈਚ ਵਿਚ ਗੋਲ ਨਹੀਂ ਸਕਣ ਤੇ ਪੁਰਤਗਾਲ ਦੇ 1-1 ਨਾਲ ਡਰਾਅ ਖੇਡਣ ਦੇ ਬਾਅਦ ਰੋਨਾਲਡੋ ਨੂੰ ਸਖਤ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ। ਕਈ ਮਾਹਿਰਾਂ ਨੇ ਇਥੇ ਤੱਕ ਕਹਿ ਦਿੱਤਾ ਸੀ ਕਿ ਹੁਣ ਉਹ ਵਿਸ਼ਵ ਕੱਪ ਪੱਧਰ ਦੇ ਖਿਡਾਰੀ ਨਹੀਂ ਰਹੇ ਪਰ ਉਜ਼ਬੇਕਿਸਤਾਨ ਖਿਲਾਫ ਉਨ੍ਹਾਂ ਨੇ ਮੈਦਾਨ 'ਤੇ ਹੀ ਜਵਾਬ ਦੇ ਦਿੱਤਾ।

ਰੋਨਾਲਡੋ ਨੇ ਮੁਕਾਬਲੇ ਵਿਚ 2 ਸ਼ਾਨਦਾਰ ਗੋਲ ਕੀਤੇ ਤੇ ਵਿਸ਼ਵ ਕੱਪ ਇਤਿਹਾਸ ਵਿਚ ਨਵਾਂ ਚੈਪਟਰ ਲਿਖ ਦਿੱਤਾ। ਉਹ ਦੁਨੀਆ ਦੇ ਪਹਿਲੇ ਫੁਟਬਾਲਰ ਬਣ ਗਏ ਜਿਨ੍ਹਾਂ ਨੇ 6 ਵੱਖ-ਵੱਖ ਵਿਸ਼ਵ ਕੱਪ ਐਡੀਸ਼ਨਾਂ ਵਿਚ ਗੋਲ ਦਾਗੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪੁਰਤਗਾਲ ਲਈ ਵਿਸ਼ਵ ਕੱਪ ਵਿਚ ਆਪਣੇ ਗੋਲਾਂ ਦੀ ਗਿਣਤੀ 10 ਤੱਕ ਪਹੁੰਚਾ ਦਿੱਤੀ ਤੇ ਮਹਾਨ ਯੂਸੇਬਿਓ (9 ਗੋਲ) ਨੂੰ ਪਿੱਛੇ ਛੱਡਦੇ ਹੋਏ ਦੇਸ਼ ਦੇ ਸਭ ਤੋਂ ਸਫਲ ਵਿਸ਼ਵ ਕੱਪ ਗੋਲ ਸਕਰੋਰ ਬਣ ਗਏ। ਮੈਚ ਦੇ ਬਾਅਦ ਉਨ੍ਹਾਂ ਨੂੰ 'ਪਲੇਅਰ ਆਫ ਦਿ ਮੈਚ' ਵੀ ਚੁਣਿਆ ਗਿਆ।

ਮੈਚ ਦੇ ਬਾਅਦ ਰੋਨਾਲਡੋ ਨੇ ਪਿਛਲੇ ਕੁਝ ਦਿਨਾਂ ਨੂੰ ਆਪਣੇ ਕਰੀਅਰ ਦੇ ਸਭ ਤੋਂ ਕਠਿਨ ਦੌਰਾਂ ਵਿਚੋਂ ਇਕ ਦੱਸਿਆ। ਉਨ੍ਹਾਂ ਕਿਹਾ ਕਿ ਇਹ ਇਕ ਮੁਸ਼ਕਲ ਹਫਤਾ ਸੀ। ਅਜਿਹਾ ਮਹਿਸੂਸ ਕਰਾਇਆ ਜਾ ਰਿਹਾ ਸੀ ਕਿ ਜਿਵੇਂ ਮੈਂ ਫੁੱਟਬਾਲ ਤੋਂ ਰਿਟਾਇਰ ਹੋ ਚੁੱਕਾ ਹਾਂ। ਪਰ ਮੈਂ ਹਮੇਸ਼ਾ ਦੀ ਤਰ੍ਹਾਂ ਖੁਦ ਨੂੰ ਸੰਭਾਲੇ ਰੱਖਿਆ ਕਿਉਂਕਿ ਮੈਨੂੰ ਸਭ ਤੋਂ ਵਧ ਭਰੋਸਾ ਆਪਣੀ ਮਿਹਨਤ 'ਤੇ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਪਤਾ ਸੀ ਕਿ ਮੇਰੇ ਸਾਥੀ ਖਿਡਾਰੀ ਵੀ ਮੇਰਾ ਸਾਥ ਦੇਣਗੇ। ਇਹ ਮੁਸ਼ਕਲ ਸਮਾਂ ਸੀ, ਮੈਂ ਮੰਨਦਾ ਹਾਂ ਪਰ ਹੁਣ ਅਸੀਂ ਵਾਪਸ ਆ ਗਏ ਹਾਂ। ਮੈਂ ਬਹੁਤ ਖੁਸ਼ ਹਾਂ।

ਹਾਲਾਂਕਿ ਰੋਨਾਲਡੋ ਨੇ ਇਕ ਹੋਰ ਇਤਿਹਾਸਕ ਉਪਲਬਧੀ ਆਪਣੇ ਨਾਂ ਕੀਤੀ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਵਿਅਕਤੀਗਤ ਰਿਕਾਰਡ ਤੋਂ ਵਧ ਟੀਮ ਦੀ ਸਫਲਤਾ ਮਾਇਨੇ ਰੱਖਦੀ ਹੈ। ਉਨ੍ਹਾਂ ਕਿਹਾ ਕਿ ਰਿਕਾਰਡ ਬਣਾਉਣਾ ਹਮੇਸ਼ਾ ਚੰਗਾ ਲੱਗਦਾ ਹੈ ਪਰ ਮੇਰਾ ਟੀਚਾ ਰਾਸ਼ਟਰੀ ਟੀਮ ਨੂੰ ਉਸ ਦੇ ਉਦੇਸ਼ਾਂ ਤੱਕ ਪਹੁੰਚਾਉਣ ਵਿਚ ਮਦਦ ਕਰਨਾ ਹੈ। ਸਭ ਤੋਂ ਮਹੱਤਵਪੂਰਨ ਟੀਮ ਦਾ ਪ੍ਰਦਰਸ਼ਨ ਤੇ ਸਾਡੇ ਆਤਮਵਿਸ਼ਵਾਸ ਸੀ।










